# ਸਮਤਾ

ਜੂਨ 1980 (ਪ੍ਰਵੇਸ਼ ਅੰਕ)

ਸਰਪ੍ਰਸਤ: ਗੁਰਸ਼ਰਨ ਸਿੰਘ (1929-2011)
ਸੰਪਾਦਕ: ਅਮਰਜੀਤ ਚੰਦਨ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਪ੍ਰਵੇਸ਼ ਅੰਕ
ਜੂਨ 1980

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

| | | |
|---|---|---|
| ਐਡੀਟਰੀ | 2 | ...... |
| ਕੁਮਾਰ ਵਿਕਲ | 7 | ਦੋ ਸ਼ਰਾਬੀਆਂ ਦੀ ਗੱਲਬਾਤ (ਕਵਿਤਾ) |
| ਸੁਰਜੀਤ ਪਾਤਰ | 8 | ਲਹੂ (ਕਵਿਤਾ) |
| ਜਗਤਾਰ | 9 | ਢੋਲਬਾਹਾ (ਕਵਿਤਾ) |
| ਲਾਲ ਸਿੰਘ ਦਿਲ | 11 | ਨਾਮ੍ਹਾ ਤੇ ਸ਼ਰਮਸਾਰ (ਕਵਿਤਾਵਾਂ) |
| ਸੁਰਜੀਤ ਹਾਂਸ ਤੇ ਪ੍ਰੀਤਮ ਸਿੰਘ | 13 | ਗੋਲਮੇਜ਼ |
| ਯਾਨਿਸ ਰਿਸਤੋਸ ਤੇ ਹਾਜੀਯਾਨਿਸ | 17 | ਦੋ ਯੂਨਾਨੀ ਕਵਿਤਾਵਾਂ |
| ਅਮਿਤਾਭ ਦਾਸਗੁਪਤ | 18 | ਕਵਿਤਾ ਯਾਨੀ ਮੁਕਤੀ (ਲੇਖ) |
| ਸੁਖਵੰਤ ਕੌਰ ਮਾਨ | 20 | ਮਸ਼ੀਨ (ਕਹਾਣੀ) |
| ਲੋਕਨਾਥ, ਜਸਵੰਤ ਖਟਕੜ ਆਦਿ | 24 | ਪੰਜਾਬ ਦਾ ਅਵਾਮੀ ਸਿਆਸੀ ਰੰਗਮੰਚ(ਖ਼ਾਸ ਲੇਖ |
| ਮੰਗਲੇਸ਼ ਡਬਰਾਲ | 32 | ਆਵਾਜ਼ਾਂ (ਕਵਿਤਾ) |
| ਅਸਦ ਜ਼ੈਦੀ | 32 | ਫੇਰ ਕਲਕੱਤਾ (ਕਵਿਤਾ) |
| ਪ੍ਰੇਮ ਪ੍ਰਕਾਸ਼ | 33 | ਪਿਛਲਝਾਤ |
| ਅਤਰਜੀਤ | 35 | ਜੋ ਮੈਂ ਅਜ ਲਿਖ ਰਿਹਾਂ |
| ਅਸ਼ੀਸ਼ ਲਾਹਿੜੀ | 39 | ਕ੍ਰਿਕਟ : ਮੱਧ-ਸ਼ਰੇਣੀ ਦੀ ਅਫ਼ੀਮ |
| ਭੂਸ਼ਣ | 40 | ਨਾਨਕ ਸਿੰਘ ਨਾਲ ਤਾਜ਼ਾ ਮੁਲਾਕਾਤ |
| ਰਮੇਸ਼ ਉਪਾਧਿਆਏ | 44 | ਗਿਰਗਿਟ (ਨਾਟਕ) |
| ਨਰਿੰਦਰਜੋਸ਼ੀ ਤੇ ਅ. ਕਾਂਗ | 54 | ਕਿਤਾਬਾਂ |
| ...... | 59 | ਪਾਠਕੀ |
| ਨੀਲਾਭ | 62 | ਫ਼ਿਲਮ |

ਖ਼ਾਸ ਲਾਇਬ੍ਰੇਰੀ
ਨੰ 3687
ਲੋਕਵਾਤਾ ਪਬਲਿਕ ਸੀ.ਸੈ. ਸਕੂਲ ਲਹੌਰ

□

ਸੰਪਾਦਕ : ਅਮਰਜੀਤ ਚੰਦਨ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸੋਨਾ ਪ੍ਰਿੰਟਰਜ਼, 14 ਭਾਈ ਵੀਰ ਮਾਰਕੀਟ ਪੁਤਲੀਘਰ, ਅਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਰਨਾਮਾ : ਗੁਰੂ ਖ਼ਾਲਸਾ ਨਿਵਾਸ, ਡਾਕਖ਼ਾਨਾ ਖ਼ਾਲਸਾ ਕਾਲਜ, ਅਮ੍ਰਿਤਸਰ 143002.

ਮੁਲ ਇਕ ਅੰਕ : ਢਾਈ ਰੁਪੈ
ਸਾਲਾਨਾ ਚੰਦਾ : ਵੀਹ ਰੁਪੈ

ਪ੍ਰਵੇਸ਼ ਅੰਕ
ਜੂਨ 1980

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ


| | | |
|---|---|---|
| ਐਡੀਟਰੀ | 2 | ...... |
| ਕੁਮਾਰ ਵਿਕਲ | 7 | ਦੋ ਸ਼ਰਾਬੀਆਂ ਦੀ ਗੱਲਬਾਤ (ਕਵਿਤਾ) |
| ਸੁਰਜੀਤ ਪਾਤਰ | 8 | ਲਹੂ (ਕਵਿਤਾ) |
| ਜਗਤਾਰ | 9 | ਢੋਲਬਾਹਾ (ਕਵਿਤਾ) |
| ਲਾਲ ਸਿੰਘ ਦਿਲ | 11 | ਨਾਮ੍ਹਾ ਤੇ ਸ਼ਰਮਸਾਰ (ਕਵਿਤਾਵਾਂ) |
| ਸੁਰਜੀਤ ਹਾਂਸ ਤੇ ਪ੍ਰੀਤਮ ਸਿੰਘ | 13 | ਗੋਲਮੇਜ਼ |
| ਯਾਨਿਸ ਰਿਸਤੋਸ ਤੇ ਹਾਜੀਯਾਨਿਸ | 17 | ਦੋ ਯੂਨਾਨੀ ਕਵਿਤਾਵਾਂ |
| ਅਮਿਤਾਭ ਦਾਸਗੁਪਤ | 18 | ਕਵਿਤਾ ਯਾਨੀ ਮੁਕਤੀ (ਲੇਖ) |
| ਸੁਖਵੰਤ ਕੌਰ ਮਾਨ | 20 | ਮਸ਼ੀਨ (ਕਹਾਣੀ) |
| ਲੋਕਨਾਥ, ਜਸਵੰਤ ਖਟਕੜ ਆਦਿ | 24 | ਪੰਜਾਬ ਦਾ ਅਵਾਮੀ ਸਿਆਸੀ ਰੰਗਮੰਚ(ਖ਼ਾਸ ਲੇਖ |
| ਮੰਗਲੇਸ਼ ਡਬਰਾਲ | 32 | ਆਵਾਜ਼ਾਂ (ਕਵਿਤਾ) |
| ਅਸਦ ਜ਼ੈਦੀ | 32 | ਫੇਰ ਕਲਕੱਤਾ (ਕਵਿਤਾ) |
| ਪ੍ਰੇਮ ਪ੍ਰਕਾਸ਼ | 33 | ਪਿਛਲਝਾਤ |
| ਅਤਰਜੀਤ | 35 | ਜੋ ਮੈਂ ਅਜ ਲਿਖ ਰਿਹਾਂ |
| ਅਸ਼ੀਸ਼ ਲਾਹਿੜੀ | 39 | ਕ੍ਰਿਕਟ : ਮੱਧ-ਸ਼ਰੇਣੀ ਦੀ ਅਫ਼ੀਮ |
| ਭੂਸ਼ਣ | 40 | ਨਾਨਕ ਸਿੰਘ ਨਾਲ ਤਾਜ਼ਾ ਮੁਲਾਕਾਤ |
| ਰਮੇਸ਼ ਉਪਾਧਿਆਏ | 44 | ਗਿਰਗਿਟ (ਨਾਟਕ) |
| ਨਰਿੰਦਰਜੋਸ਼ੀ ਤੇ ਅ. ਕਾਂਗ | 54 | ਕਿਤਾਬਾਂ |
| ...... | 59 | ਪਾਠਕੀ |
| ਨੀਲਾਭ | 62 | ਫ਼ਿਲਮ |


ਖਾਸ ਲਾਇਬ੍ਰੇਰੀ
ਨੰ 3687
ਖਾਲਸਾ ਪਬਲਿਕ ਸੀ.ਸੈ. ਸਕੂਲ

□

ਸੰਪਾਦਕ : ਅਮਰਜੀਤ ਚੰਦਨ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸੋਨਾ ਪ੍ਰਿੰਟਰਜ਼, 14 ਭਾਈ ਵੀਰ ਮਾਰਕੀਟ ਪੁਤਲੀਘਰ, ਅਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਰਨਾਮਾ : ਗੁਰੂ ਖ਼ਾਲਸਾ ਨਿਵਾਸ, ਡਾਕਖ਼ਾਨਾ ਖ਼ਾਲਸਾ ਕਾਲਜ, ਅਮ੍ਰਿਤਸਰ 143002.

ਮੁਲ ਇਕ ਅੰਕ : ਢਾਈ ਰੁਪੈ
ਸਾਲਾਨਾ ਚੰਦਾ : ਵੀਹ ਰੁਪੈ

# ਐ ਡੀ ਟ ਰੀ

ਪਰਚੇ ਦਾ ਨਾਂ ਰਖਣ ਤੋਂ ਲੈ ਕੇ ਪਰਚਾ ਡਾਕ ਵਿਚ ਪਾਉਣ ਤਕ ਦਾ ਕੰਮ ਸਚਮੁਚ ਬੜਾ ਕੁੱਤਾ ਕੰਮ ਹੈ। 'ਸੇਧ' ਤੇ 'ਨਾਗਮਣੀ' ਵਾਲੇ ਤਾਂ ਧੰਨ ਦੇ ਹੀ ਹੋਣੇ ਨੇ। ਸਾਡੀ ਬੋਲੀ ਵਿਚ ਐਨੇ ਪਰਚੇ ਨਿਕਲ ਚੁਕੇ ਹਨ ਕਿ ਨਵੇਂ ਪਰਚੇ ਜੋਗਾ ਨਾਂ ਕਿਸੇ ਨੇ ਛੱਡਿਆ ਹੀ ਨਹੀਂ। ਅਸੀਂ ਜਦ ਇਹ ਪਰਚਾ ਕਢਣ ਬਾਰੇ ਸੋਚਿਆ, ਤਾਂ ਸਾਡੀ ਨਜ਼ਰ ਵਿਚ ਦੋ ਨਾਂ ਸਨ — 'ਸਤਲੁੱਜ' ਜਾਂ 'ਸਮਤਾ'। ਸਤਲੁੱਜ ਦਰਿਆ ਹੈ, ਅਨੰਤ ਪ੍ਰਗਤੀ ਦਾ ਚਿੰਨ੍ਹ; ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਹੁਰਾਂ ਨਾਲ ਜੁੜਿਆ ਹੋਇਆ ਇਹ ਮਹਿਜ਼ ਦਰਿਆ ਨਹੀਂ। ਦੋਸਤਾਂ ਨੇ ਕਿਹਾ – ਸਤਲੁੱਜ ? ਇਹ ਵੀ ਕੋਈ ਨਾਂ ਹੈ ? ਟਰਾਂਸਪੋਰਟ ਕੰਪਨੀ ਯਾਦ ਆਉਂਦੀ ਹੈ। ਤਾਂ ਫੇਰ 'ਸਮਤਾ' ? ਸਮਤਾ ਵੀ ਕੋਈ ਨਾਂ ਹੈ ? ਹਰ ਤੀਜੀ ਕੁੜੀ ਦਾ ਨਾਂ ਸਮਤਾ ਹੁੰਦਾ ਹੈ। ਇਹ ਨਾਂ ਸਾਹਿਤਕ ਨਹੀਂ। ਇਹ ਸੰਸਕ੍ਰਿਤ ਦਾ ਸ਼ਬਦ ਹੈ। ਹਾਰ ਕੇ ਮੈਂ ਨਾਂ ਦਾ ਫ਼ੈਲਤਾ ਗੁਰਸ਼ਰਨ ਭਾ ਜੀ ਦੀਆਂ ਸੂਝਵਾਨ ਧੀਆਂ ਉਤੇ ਸੁਟ ਦਿਤਾ। ਉਨ੍ਹਾਂ ਨੇ 'ਸਮਤਾ' ਮਨਜ਼ੂਰ ਕੀਤਾ। 'ਪੰਜਾਬੀ ਲੋਕ-ਧਾਰਾ ਵਿਸ਼ਵਕੋਸ਼' ਵਿਚ ਸਮਤਾ ਦੇ ਇਹ ਅਰਥ ਦਰਜ ਹਨ : "ਸਮਾਨ, ਬਰਾਬਰੀ ਤੁੱਲ, ਇਕੋ ਜਿਹਾ। ਭਰਤਮੁਨੀ ਨੇ ਸਮਤਾ ਨੂੰ ਕਾਵਿ ਦੇ ਦਸ ਗੁਣਾਂ ਵਿਚੋਂ ਇਕ ਗੁਣ ਮੰਨਿਆ ਹੈ। ਦੰਡੀ ਰਿਸ਼ੀ ਨੇ ਸਮਤਾ ਨੂੰ ਸੁਹਜ ਦਾ ਜ਼ਰੂਰੀ ਤੱਤ ਮੰਨਿਆਂ ਹੈ।" ਕੁਝ ਸੱਜਣਾਂ ਦੀ ਸ਼ਲਾਹ ਸੀ ਕਿ ਪਰਚੇ ਦਾ ਨਾਂ 'ਦਸਤਾਵੇਜ਼' ਹੋਵੇ। ਪਾਠਕਾਂ ਨੂੰ ਯਾਦ ਹੀ ਹੋਣਾ ਹੈ ਕਿ ਪੰਜਾਬੀ ਜੁਝਾਰ ਕਵਿਤਾ ਦਾ ਬਾਨ੍ਹਣੂੰ ਅੰਡਰ-ਗਰਾਊਂਡ ਪਰਚੇ 'ਦਸਤਾਵੇਜ਼' ਨਾਲ ਬੱਝਿਆ ਸੀ। ਇਹਦੇ ਕੁੱਲ ਸੱਤ ਅੰਕ ਨਿਕਲੇ ਸਨ। ਇਹਦੇ ਕਰਕੇ ਹੀ ਮੈਨੂੰ ਅਗਲਿਆਂ ਨੇ ਇਸ਼ਤਿਹਾਰੀ ਮੁਲਜ਼ਮ ਕਰਾਰ ਦਿੱਤਾ ਸੀ। ਨਕਸਲੀ ਲੀਡਰਾਂ ਦੇ ਚਾੜ੍ਹੇ ਹੁਕਮ ਨਾਲ 'ਦਸਤਾਵੇਜ਼' ਬੰਦ ਕਰ ਦਿਤਾ ਸੀ ਤੇ ਫੇਰ ਮਾਰਕਸੀ-ਲੈਨਿਨੀ ਪਾਰਟੀ ਦੇ ਸਾਹਿਤਕ ਪਰਚੇ 'ਬਗ਼ਾਵਤ' ਦੇ ਤਿੰਨ ਅੰਕ ਕਢੇ ਸਨ। 'ਦਸਤਾਵੇਜ਼' ਦਾ ਆਪਣਾ ਸ਼ਾਨਦਾਰ ਇਤਿਹਾਸਕ ਰੋਲ ਸੀ। ਉਹ ਨਾਂ ਦੁਬਾਰਾ ਰਖਣ ਨਾਲ ਬਣੇ-ਬਣਾਏ ਬਿੰਬ ਦੇ ਵਿਗੜਣ ਦਾ ਖ਼ਦਸਾ ਰਹਿਣਾ ਸੀ।

ਮੇਰਾ ਵਿਚਾਰ ਹੈ ਕਿ ਪਰਚੇ ਖ਼ਾਤਰ ਪਰਚਾ ਕਢਣਾ ਆਪਣੇ ਨਾਲ ਤੇ ਪਾਠਕਾਂ ਨਾਲ ਵੀ ਜ਼ਿਆਦਤੀ ਹੈ। ਸਾਡੇ ਪੰਜਾਬੀ ਵਿਚ ਚੰਗਾ, ਨਿੱਗਰ ਤੇ ਸਰਬ-ਪੱਖੀ ਮੈਟਰ ਇਕੱਠਾ ਕਰਨ ਦੀ ਬਹੁਤ ਵਡੀ ਸਮੱਸਿਆ ਹੈ। ਅਰਸੇਵਰ (Perioidcal) **ਪਰਚਾ** ਕਢਣਾ ਅਸਾਹਿਤਕ ਵਪਾਰੀਆਂ ਦੀ ਮਜਬੂਰੀ ਤਾਂ ਹੋ ਸਕਦੀ ਹੈ, ਪਰ ਗੰਭੀਰ ਸਾਹਿਤਕਾਂ-ਪਾਠਕਾਂ **ਦੀ ਨਹੀਂ**। ਪ੍ਰੈਸ ਦੀ ਆਜ਼ਾਦੀ ਦੇ ਪ੍ਰਸੰਗ ਵਿਚ ਬਾਬੇ ਕਾਰਲ ਮਾਰਕਸ ਨੇ ਬੜੀ **ਪਤੇ ਦੀ** ਗੱਲ ਆਖੀ ਸੀ ਕਿ ਸਾਹਿਤ ਨੂੰ ਵਪਾਰ ਬਣਾਉਣ ਵਾਲੇ ਲਿਖਾਰੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਤੇ ਇਕ ਤਰ੍ਹਾਂ ਉਹਦਾ ਵਜੂਦ ਹੀ ਉਹਦੀ ਸਜ਼ਾ ਹੁੰਦਾ ਹੈ :

**The primary freedom of the press lies not being a trade. The writer who degrades the press into being a material means deserves as punishment for this internal unfreedom the external unfreedom of censorship, or rather his very existence is his punishment.**

— 'ਸੰਗ੍ਰਹਿਤ ਕਿਰਤਾਂ' (ਅੰਗਰੇਜ਼ੀ ਵਿਚ) ਜਿਲਦ I, ਸਫ਼ੇ 174-175

ਅਜ ਜਦ ਕਿ ਅਰਾਜਕਤਾਵਾਦੀ ਰੁਝਾਨ ਵਾਲੇ ਕੁਝ ਬੰਦੇ ਪੰਜਾਬੀ ਸਾਹਿਤ ਵਿਚ ਆਏ ਅਖੌਤੀ ਜਮੂਦ ਦੀ ਗਲ ਕਰ ਰਹੇ ਹਨ, ਤਾਂ 'ਸਮਤਾ' ਵਰਗੇ ਪਰਚੇ ਦੀ ਸਾਰਥਕਤਾ ਹੋਰ ਵੀ ਵਧ ਜਾਂਦੀ ਹੈ।

ਸਾਡਾ ਵਿਚਾਰ ਹੈ 'ਸਮਤਾ' ਦੇ ਸਾਲ ਵਿਚ ਦੋ ਜਾਂ ਹੱਦ ਤਿੰਨ ਅੰਕ ਕਢਿਆ ਕਰਾਂਗੇ। ਹਿੰਦੀ ਦੇ ਸਾਰੇ ਗੰਭੀਰ ਸਾਹਿਤਕ ਪਰਚੇ ਇਸੇ ਤਰ੍ਹਾਂ ਹੀ ਸਫਲਤਾ ਨਾਲ ਨਿਕਲਦੇ ਹਨ। ਮੈਂ ਤਾਂ ਇਹ ਵੀ ਚਾਹੁੰਦਾ ਹਾਂ ਕਿ ਜੇ ਇਹ ਅੰਕ ਮੈਂ ਐਡਿਟ ਕੀਤਾ ਹੈ, ਤਾਂ ਅਗਲਾ ਅੰਕ ਕੋਈ ਹੋਰ ਜਣਾ ਐਡਿਟ ਕਰੇ। ਸੁਖਬੀਰ ਤੇ ਭਗਵਾਨ ਜੋਸ਼ ਸਾਡੇ 'ਸਰਗਰਮ' ਸਲਾਹਕਾਰ ਹੋਣਾ ਮੰਨ ਗਏ ਹਨ, ਪਰ ਪਹਿਲੇ ਅੰਕ ਵਿਚ ਇਨ੍ਹਾਂ ਦੋਵਾਂ ਨੇ ਕੋਈ ਸਲਾਹ ਜਾਂ ਮਦਦ ਨਹੀਂ ਦਿਤੀ !

ਜ਼ਿੰਦਗੀ ਦੇ ਹਰ ਪੱਖ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਲਿਖਣ ਵਾਲੇ ਪੰਜਾਬੀ ਵਿਚ ਉਂਗਲਾਂ ਉਤੇ ਗਿਣੇ ਜਾਣ ਵਾਲੇ ਲਿਖਾਰੀ ਹਨ। ਕਿੰਨੀ ਮਾੜੀ ਹਾਲਤ ਹੈ ਕਿ ਸਾਡੇ ਕੋਲ ਸੰਗੀਤ, ਨ੍ਰਿਤ, ਇਮਾਰਤਕਾਰੀ, ਖੇਡਾਂ, ਸਮਾਜੀ ਸਾਇੰਸਾਂ ਆਦਿ (ਸਿਰਫ਼ ਇਕ-ਦੋ ਵਿਅਕਤੀਆਂ ਨੂੰ ਛੱਡ ਕੇ) ਬਾਰੇ ਲਿਖਣ ਵਾਲਾ ਕੋਈ ਵੀ ਨਹੀਂ। ਪਰਚੇ ਨੂੰ ਜਮਹੂਰੀ ਦਿੱਖ ਦੇਣ ਲਈ ਤੁਹਾਨੂੰ ਨਾ-ਪਸੰਦ ਜਣਿਆਂ ਦੇ ਘਰੀਂ ਜਾਂ ਦਫ਼ਤਰੀਂ ਕਈ-ਕਈ ਗੇੜੇ ਮਾਰਨੇ ਪੈਂਦੇ ਹਨ ਜਾਂ ਕਈ ਵਾਰ ਖ਼ਤ ਲਿਖਣੇ ਪੈਂਦੇ ਹਨ। ਪਿਛਲੇ ਪੰਜਾਂ ਸਾਲਾਂ ਵਿਚ ਪੰਜਾਬ ਵਿਚ ਕਈ ਥਾਈਂ ਲੋਕ ਰੰਗਮੰਚ ਕੇਂਦਰ ਬਣੇ ਹਨ। ਅਸੀਂ ਹਰ ਕੇਂਦਰ ਨੂੰ ਲਿਖਿਆ ਸੀ ਕਿ ਉਹ ਆਪਣੇ ਤਜਰਬੇ ਤੇ ਆਪਣੀਆਂ ਸਮੱਸਿਆਵਾਂ ਲਿਖ ਕੇ ਘੱਲਣ। ਉਨ੍ਹਾਂ ਦੀ ਹਿੰਮਤ ਦੀ ਦਾਦ ਦਿਓ ਕਿ ਸਿਰਫ਼ ਮੰਗੂਵਾਲ, ਲੋਹੀਆਂ ਤੇ ਦਸੂਹੇ ਵਾਲਿਆਂ ਨੇ ਹੀ ਆਪਣੇ ਵਿਚਾਰ ਲਿਖ ਕੇ ਘਲਣ ਦੀ ਖੇਚਲ ਕੀਤੀ। 'ਗੋਲਮੇਜ਼' ਕਾਲਮ ਵਾਸਤੇ ਪੰਜਾਬੀ ਦੇ ਬੁੱਢੇ, ਅੱਧਖੜ ਤੇ ਨੌਜਵਾਨ ਆਲੋਚਕਾਂ ਨੂੰ ਕਈ ਖ਼ਤ ਲਿਖੇ। ਸਿਰਫ਼ ਦੋ-ਤਿੰਨ ਨੌਜਵਾਨ ਆਲੋਚਕਾਂ ਨੇ ਜਵਾਬ ਲਿਖਣ ਦੀ ਜ਼ਹਿਮਤ ਉਠਾਈ ਤੇ ਜਿਨ੍ਹਾਂ ਨੇ ਲੇਖ ਲਿਖ ਕੇ ਘੱਲਣ ਦੀ ਹਿੰਮਤ ਕੀਤੀ, ਉਹਨਾਂ ਦੇ ਵਿਚਾਰ ਹਾਜ਼ਰ ਹਨ ਤੇ ਇਹ ਬਹਿਸ ਜਾਰੀ ਰਹੇਗੀ। ਔਰਤ ਦੀ ਆਜ਼ਾਦੀ ਦੀਆਂ ਮੱਦਾਹ ਇਹ ਵਾਜਬ ਇਤਰਾਜ਼ ਕਰ ਸਕਦੀਆਂ ਹਨ ਕਿ 'ਸਮਤਾ' ਵਿਚ ਉਹਨਾਂ ਦੇ ਮਸਲੇ ਬਾਰੇ ਕੁਝ ਨਹੀਂ। ਪਰ ਮੇਰੇ ਕੋਲ ਬਚਣ ਦਾ ਬਹਾਨਾ ਹੈ ਕਿ ਇਸ ਅੰਕ ਵਿਚ ਇਕੋ ਕਹਾਣੀ ਛਪੀ ਹੈ ਤੇ ਉਹ ਸੁਖਵੰਤ ਕੌਰ ਮਾਨ ਦੀ ਲਿਖੀ ਹੋਈ ਹੈ।

'ਸਮਤਾ' ਦੇ ਸਰਪ੍ਰਸਤ ਗੁਰਸ਼ਰਨ ਭਾ ਜੀ ਦੀ ਹਦਾਇਤ ਸੀ ਕਿ ਪੰਜਾਬ ਦੇ ਇਨਕਲਾਬੀ ਬੁਧੀਜੀਵੀ ਤਬਕੇ (ਵਿਦਿਆਰਥੀ, ਸਕੂਲਾਂ ਤੇ ਕਾਲਜਾਂ ਦੇ ਅਧਿਆਪਕ ਤੇ ਸਰਕਾਰੀ ਮੁਲਾਜ਼ਮ ਆਦਿ) ਨੂੰ ਧਿਆਨ ਵਿਚ ਰਖ ਕੇ ਪਰਚਾ ਤਿਆਰ ਕਰਨਾਂ ਹੈ। 'ਪਾਠਕੀ' ਕਾਲਮ ਵਿਚ ਪਾਠਕਾਂ ਦਾ ਕੀਤਾ ਸਰਵੇਖਣ ਹੈ। ਦੋ ਦਿਲਚਸਪ ਰਾਵਾਂ ਹਨ ਕਿ ਇਕ ਤਾਂ ਐਡੀਟਰ ਅਕਲਮੰਦ ਹੋਣਾ ਚਾਹੀਦਾ ਹੈ ਤੇ ਦੂਜਾ ਪਰਚਾ ਸਾਦਾ ਹੋਵੇ। ਮੇਰੇ ਪਿਆਰੇ ਇਨਕਲਾਬੀ ਪਾਠਕ ਜੀਉ, ਇਹ ਸ਼ਰਤਾਂ 'ਸਮਤਾ' ਨੇ ਕਿੰਨੀਆਂ ਕੁ ਪੂਰੀਆਂ ਕੀਤੀਆਂ ਹਨ ?

## ਭਗਤ ਸਿੰਘ ਨਕਸਲਬਾੜੀਆ ਸੀ !

ਇਸ ਵਾਰ ਵੀ 23 ਮਾਰਚ ਦੇ ਦਿਹਾੜੇ ਖਟਕੜੀਂ ਤੇ ਹੁਸੈਨੀਵਾਲੇ ਭਾਂਤ-ਭਾਂਤ ਦੀਆਂ ਸਿਆਸੀ ਪਾਰਟੀਆਂ ਭਗਤ ਸਿੰਘ ਦੀ ਸ਼ੁਹਰਤ ਨੂੰ ਬੇਈਮਾਨੀ ਨਾਲ ਵਰਤਣ ਦੇ ਹੀਲੇ ਕਰਨਗੀਆਂ। ਇਹ ਦਿਨ ਖਟਕੜੀਂ ਕਿਸੇ ਵੀ ਪੰਜਾਬੀ ਮੇਲੇ ਵਾਂਗ ਮਨਾਇਆ ਜਾਂਦਾ ਹੈ – ਪੰਘੂੜੇ ਲਗਦੇ ਹਨ; ਪੱਟਾਂ ਉਤੇ ਮੋਰਨੀਆਂ ਤੇ ਪਰੀਆਂ ਪਾਉਣ ਵਾਲੇ, ਮਰਦਾਵੀਂ ਤਾਕਤ ਅਤੇ ਖੱਟੇ ਕਾਗ਼ਜ਼ ਨਾਲ ਲਪੇਟੇ ਸੀਲਬੰਦ ਕੋਕ ਸ਼ਾਸਤਰ ਤੇ ਬਾਜ਼ਾਰ ਮਾਈ ਸੇਵਾਂ ਦੇ ਕਿੱਸੇ-ਚਿੱਠੇ ਵੇਚਣ ਵਾਲੇ ਤੇ ਨਵੇਂ ਸ਼ਹਿਰ ਦੇ ਸਿਹਰੇ-ਸਿਖਿਆਵਾਂ ਵਾਲੇ ਕਵੀ ਚਰਖਾ ਜੀ (ਇਹਨਾਂ ਨੂੰ ਬਾਰਾਂ ਸਾਲ ਪਹਿਲਾਂ ਮੇਲੇ ਵਿਚ ਸੁਣਿਆ ਸੀ) ਆਏ ਹੋਣਗੇ। 'ਭਗਤ ਸਿੰਘ ਦੱਤ' ਪੰਜਾਬੀ

ਲੋਕ-ਮਨ ਦਾ ਅਟੁੱਟ ਅੰਗ ਬਣ ਚੁੱਕਾ ਹੈ । ਕੁੜੀਆਂ ਟੋਪੀ ਵਾਲੇ ਭਗਤ ਸਿੰਘ ਦੀ ਫ਼ੋਟੋ ਦਾ ਕਸੀਦਾ ਕੱਢਦੀਆਂ ਹਨ; ਟਰੱਕਾਂ ਵਾਲੇ ਆਪਣੀਆਂ ਗੱਡੀਆਂ ਦੀਆਂ ਬਾਰੀਆਂ ਉਤੇ ਭਗਤ ਸਿੰਘ ਦੀ ਤਸਵੀਰ ਤਰੱਦਦ ਨਾਲ ਬਣਵਾਉਂਦੇ ਹਨ । ਆਮ ਲੋਕਾਂ ਦੇ ਮਨਾਂ ਵਿਚ ਬੰਬ-ਪਿਸਤੌਲ ਵਾਲਾ ਭਗਤ ਸਿੰਘ ਹੈ, ਜਿਸ ਨੂੰ ਜ਼ਾਲਮ ਫ਼ਰੰਗੀਆਂ ਨੇ ਫਾਹੇ ਲਾ ਦਿਤਾ ਸੀ। ਮਾਰਕਸ-ਏਂਗਲਜ਼ ਤੇ ਲੈਨਿਨ ਦੀ ਬਿਹਤਰੀਨ ਪਰੰਪਰਾ ਦਾ ਭਗਤ ਸਿੰਘ ਲੋਕਾਂ ਦੇ ਮਨਾਂ ਤੋਂ ਖ਼ਾਸਕਰ ਖੱਬੇ-ਪੱਖੀ ਲਹਿਰ ਵਿਚੋਂ ਗ਼ਾਇਬ ਹੈ । ਮੈਂ ਯੂਨੀਵਰਸਿਟੀ ਵਿਚ ਸਮਾਜ ਸ਼ਾਸਤਰ ਦੀ ਖੋਜ ਕਰ ਰਹੇ ਮਾਰਕਸੀ ਪਾਰਟੀ ਦੇ ਹਮਦਰਦ ਨਾਲ ਇਸ ਮੁਜਰਿਮਾਨਾ ਅਲਗ਼ਰਜ਼ੀ ਬਾਰੇ ਗਲ ਕੀਤੀ । ਉਹਦੇ ਪੋਲੇ ਜਿਹੇ ਮੂੰਹ ਨਾਲ ਦਿਤੇ ਜਵਾਬ ਨੂੰ ਸੁਣ ਕੇ ਮੈਂ ਸੁੰਨ ਰਹਿ ਗਿਆ — 'ਅੱਗੇ ਥੋਹੜੇ ਨਕਸਲਬਾੜੀਏ ਫਿਰਦੇ ਆ ?' ਉਹਦਾ ਇਸ਼ਾਰਾ ਬਾਰਾਂ ਵਰ੍ਹੇ ਪਹਿਲਾਂ ਯੁਵਕ ਕੇਂਦਰ ਦੇ ਦੇਸ਼-ਭਗਤਾਂ ਬਾਰੇ ਪੈਂਫ਼ਲਿਟਾਂ ਵਲ ਸੀ, ਜਿਨ੍ਹਾਂ ਨੂੰ ਪੜ੍ਹ-ਪੜ੍ਹ ਕੇ ਕਿੰਨੇ ਮੁੰਡੇ ਨਕਸਲ-ਬਾੜੀਏ ਬਣ ਗਏ ਸੀ । ਯੁਵਕ ਕੇਂਦਰ ਦੇ ਸਾਹਿਤ ਦੀ ਵੱਡੀ ਘਾਟ ਇਹ ਸੀ ਕਿ ਉਸ ਵਿਚ ਇਨਕਲਾਬੀ ਫ਼ਲਸਫ਼ੇ ਦਾ ਵਿਗਿਆਨਕ ਵਿਸ਼ਲੇਸ਼ਣ ਨਹੀਂ ਸੀ ਹੁੰਦਾ ।

ਭਗਤ ਸਿੰਘ ਦੇ ਵਿਰਸੇ ਬਾਰੇ ਖ਼ਾਸਕਰ ਤੇ ਵਿਗਿਆਨਕ ਚਿੰਤਨ ਬਾਰੇ ਅਗਿਆਨਤਾ ਕੋਈ ਨਵੀਂ ਗਲ ਨਹੀਂ । ਕਿਰਤੀ ਲਹਿਰ ਦੇ ਬਜ਼ੁਰਗ ਆਗੂ ਨੂੰ ਜਦ ਮੈਂ ਸ਼ਹੀਦ ਭਗਤ ਸਿੰਘ ਖੋਜ ਕਮੇਟੀ ਦੇ ਛਾਪੇ ਪੈਂਫ਼ਲਿਟ 'ਮੈਂ ਨਾਸਤਕ ਕਿਉਂ ਹਾਂ' ਬਾਰੇ ਦੱਸਿਆ, ਤਾਂ ਉਹਨਾਂ ਨੇ ਦਾਦ ਦੇਣ ਦੀ ਥਾਂ ਕਿਹਾ – 'ਕਾਹਨੂੰ ਛਾਪਣਾ ਸੀ ਇਹ ਲੇਖ ? ਨਾਸਤਕਤਾ ਵਿਚ ਪੈਣ ਦੀ ਕੀ ਲੋੜ ਐ ?' ਸ਼ਾਇਦ ਇਸੇ ਕਰਕੇ ਕਿਰਤੀ ਬਾਬਿਆਂ ਨੇ ਸ਼ਹੀਦ ਸਰਾਭੇ ਦੀ ਪੱਗ-ਰਹਿਤ ਫ਼ੋਟੋ ਨੂੰ ਬੜੀ ਭੱਦੀ-ਜਿਹੀ ਪੱਗ ਬੰਨ੍ਹਾ ਦਿਤੀ ਸੀ । ਤੇ ਅਜ ਕਾਂਗਰਸ/ਅਕਾਲੀ ਸਰਕਾਰ ਨੂੰ ਇਹ ਮਿਹਣਾ ਦੇਣਾ ਬਹੁਤਾ ਬਣਦਾ ਨਹੀਂ ਕਿ ਇਹਨਾਂ ਨੇ ਭਗਤ ਸਿੰਘ ਦੀ ਟੋਪੀ ਵਾਲੀ ਫ਼ੋਟੋ ਨੂੰ ਅਮ੍ਰਿਤ ਕਿਉਂ ਛਕਾਇਆ ਸੀ !

ਅਸੀਂ ਜੋ ਭਗਤ ਸਿੰਘ ਨੂੰ ਏਨਾ ਪਿਆਰ ਕਰਦੇ ਹਾਂ, ਜੇ ਉਹਦੇ ਇਹ ਆਖੇ ਬੋਲ ਵੀ ਮਨਾਂ ਵਿਚ ਵਸਾ ਲਈਏ : "ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ; ਸਗੋਂ ਇਨ-ਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਉਤੇ ਤਿੱਖੀ ਹੁੰਦੀ ਹੈ" ਅਤੇ "ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਬੰਦੇ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ ।"

## ਭਾਈ ਭਰੋਸਾ ਸਿੰਘ

ਕੁਝ ਵਰ੍ਹੇ ਪਹਿਲਾਂ ਦਿੱਲੀ ਵੱਸਦੇ ਕੁਝ ਪੰਜਾਬੀ ਲੇਖਕਾਂ ਨੇ ਬਲਵੰਤ ਗਾਰਗੀ ਦਾ ਨਾਂ ਲੈ ਕੇ ਲੱਚਰ ਸਾਹਿਤ ਵਿਰੁਧ ਝੰਡੇ ਗੱਡੇ ਸਨ । ਉਹ ਝੰਡੇ ਤਾਂ ਪਤਾ ਨਹੀਂ ਕਿਥੇ ਗਏ, ਪਰ ਜਨਾਬ ਗਾਰਗੀ ਦੇ ਝੰਡੇ ਪਹਿਲਾਂ ਨਾਲੋਂ ਵੀ ਬੁਲੰਦ ਹਨ । ਪਿਛਲੇ ਸਤ-ਅਠ ਵਰ੍ਹਿਆਂ ਤੋਂ ਗਾਰਗੀ ਦਾ ਸੋਧਿਆ ਤੇ ਨਿਖਰਿਆ ਰੂਪ (ਆਪਣੇ ਇਤਿਹਾਸਕਾਰ-ਆਲੋਚਕ ਦਾ ਘੜਿਆ ਸ਼ਬਦ ਵਰਤਾਂ ਤਾਂ 'ਕ੍ਰਿਸਟਲੀਕ੍ਰਿਤ' ਰੂਪ) ਕਿਸੇ ਭਾਈ ਭਰੋਸਾ ਸਿੰਘ ਤੇ ਤ੍ਰਿਪਤ ਸਿੰਘ ਦੇ ਨਾਵਾਂ ਨਾਲ ਪਰਗਟ ਹੋਇਆ ਹੈ । ਹੱਦ ਦਰਜੇ ਦੇ ਵਾਹਯਾਤ ਤੇ ਲੱਚਰ ਕਾਮ-ਉਕਸਾਊ ਕਲਮੀ ਨਾਵਾਂ ਹੇਠ ਛਪਣ ਵਾਲਾ ਅੰਡਰਗਰਾਊਂਡ ਸਾਹਿਤ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਜੀ ਵਿਚ ਛਪਣਾ ਸ਼ੁਰੂ ਹੋਇਆ ਸੀ (ਜਿਥੇ ਖਪਤ ਦੀਆਂ ਨਿਤ ਵਰਤੋਂ ਦੀਆਂ ਸਾਰੀਆਂ 'ਦੋ ਨੰਬਰ' ਦੀਆਂ ਵਸਤਾਂ ਬਣਦੀਆਂ ਹਨ) ਅਤੇ ਹੁਣ ਇਹ ਕੋਹੜ ਜਲੰਧਰ, ਲੁਧਿਆਣੇ ਤੇ ਹੋਰ ਕਸਬਈ ਛਾਪੇਖ਼ਾਨਿਆਂ ਤਕ ਫੈਲ ਗਿਆ ਹੈ । ਬੱਸ ਅੱਡਿਆਂ ਉਤੇ ਬੈਠੇ ਅਖ਼ਬਾਰ-ਫ਼ਰੋਸ਼ਾਂ ਤੇ ਹੋਰ ਭਾੜੇ ਉਤੇ ਨਾਵਲ ਦੇਣ ਵਾਲਿਆਂ ਦੇ ਭਾਈ ਭਰੋਸਾ ਸਿੰਘ ਦੇ ਗਾਹਕ ਹਾਈ ਸਕੂਲਾਂ ਦੇ ਮੁੰਡੇ-ਕੁੜੀਆਂ ਤੇ ਕਾਲਜਾਂ ਦੇ ਪਾੜ੍ਹੇ ਹਨ । ਕਹਿਣ ਦੀ ਲੋੜ ਨਹੀਂ ਇਸ ਗੰਦੇ ਸਾਹਿਤ ਦੀ ਬੀਮਾਰੀ ਮਾਲਵੇ ਵਿਚ ਪਈ ਫ਼ੀਮ ਗੋਲੀਆਂ ਦੀ ਇੱਲਤ ਨਾਲੋਂ ਵੀ ਘਾਤਕ ਹੈ । ਇਕ ਵੀ ਇਨਕਲਾਬੀ ਇਸ਼ਤਿਹਾਰ ਜਾਂ ਕਿਤਾਬ ਛਪਣ ਉਤੇ ਇਕਦਮ ਹਰਕਤ ਵਿਚ ਆਉਣ ਵਾਲੀ ਸਟੇਟ ਨੂੰ ਇਸ

ਕੋਹੜ ਦਾ ਪੂਰੀ ਤਰ੍ਹਾਂ ਪਤਾ ਹੈ ਤੇ ਚੁੱਪ ਹੈ। ਜ਼ਾਹਰ ਹੈ, ਨੌਜਵਾਨ ਪੀੜ੍ਹੀ ਜਿੰਨੀ ਕੁਰਾਹੇ ਪਏ, ਜਾਬਰ ਸਟੇਟ ਨੂੰ ਓਨਾ ਹੀ ਫ਼ਾਇਦਾ ਹੈ। ਖੱਬੇ-ਪੱਖੀ ਸੰਸਥਾਵਾਂ ਨੂੰ ਜੇ ਸਿਆਸੀ ਸੌਦੇਬਾਜ਼ੀਆਂ ਵਿਚੋਂ ਮਾੜਾ ਜਿੰਨਾ ਵਿਹਲ ਮਿਲੇ, ਤਾਂ ਉਹ ਇਸ ਸੰਬੰਧ ਵਿਚ ਮਤੇ ਪਾਸ ਕਰਨ-ਕਰਵਾਉਣ ਨਾਲੋਂ ਵਧ ਕੁਝ ਕਰ ਸਕਦੀਆਂ ਹਨ। ਪਿਛਲੇ ਦਹਾਕੇ ਵਿਚ ਲੋਕ-ਪੱਖੀ ਸਾਹਿਤਕ ਤੇ ਨਾਟਕ ਸਰਗਰਮੀਆਂ ਦਾ ਯਕੀਨਨ ਕਾਫ਼ੀ ਵਾਧਾ ਹੋਇਆ ਹੈ, ਜਿਸ ਨੂੰ ਜਥੇਬੰਦ ਸਰੂਪ ਦੇਣਾ ਬਾਕੀ ਹੈ। ਨੌਜਵਾਨ ਸਭਾਵਾਂ ਗੰਦੇ ਸਾਹਿਤ ਵਿਰੁਧ ਸਰਕਾਰੀ ਅਧਿਕਾਰੀਆਂ ਨੂੰ ਨੋਟਿਸ ਦੇ ਕੇ ਗੰਦਾ ਸਾਹਿਤ ਵੇਚਣ ਤੇ ਛਾਪਣ ਵਾਲਿਆਂ ਵਿਰੁਧ 'ਡਾਇਰੈਕਟ ਐਕਸ਼ਨ' ਕਰ ਸਕਦੀਆਂ ਹਨ। ਇਸ ਕੰਮ ਵਿਚ ਉਹਨਾਂ ਨੂੰ ਹਰ ਉਸ ਬੰਦੇ ਦੀ ਹਮਾਇਤ ਹਾਸਲ ਹੋਏਗੀ, ਜਿਸ ਦੀ ਧੌਣ ਉਤੇ ਸਿਰ ਹੈ ਤੇ ਸਿਰ ਵਿਚ ਦਿਮਾਗ਼ ਹੈ।

## ਸਰਕਾਰੂ ਇਨਾਮ ਤੇ ਲੇਖਕ-ਜਨ

ਭਾਰਤੀ ਸਾਹਿਤ ਵਿਚ ਪੰਜਾਬੀ ਸਾਹਿਤ ਇਸ ਗਲੋਂ ਵੀ ਨਵੇਕਲਾ ਹੈ ਕਿ ਇਸ ਵਿਚ ਪ੍ਰਤੀਗਾਮੀ ਰੁਝਾਨ ਕਦੇ ਵੀ ਬਰਾਬਰ ਦੀ ਧਿਰ ਬਣ ਕੇ ਪ੍ਰਗਤੀਵਾਦੀਆਂ ਲਈ ਚੈਲੰਜ ਨਹੀਂ ਬਣਿਆ, ਜਿਵੇਂ ਕਿ ਹਿੰਦੀ ਵਿਚ ਅਗੇਯ ਤੇ ਹੋਰ ਪ੍ਰਤੀਗਾਮੀ ਲੇਖਕ ਬਣੇ ਰਹੇ ਹਨ। ਸੁਭਾਵਕ ਹੀ ਪੰਜਾਬੀ ਲੇਖਕਾਂ ਦੀ ਬਹੁ-ਗਿਣਤੀ ਆਪਣੇ ਆਪ ਨੂੰ ਮਾਰਕਸਵਾਦੀ ਵਿਚਾਰਧਾਰਾ ਨਾਲ ਪ੍ਰਤੀਬਧ ਸਮਝਦੀ ਰਹੀ ਹੈ ਤੇ ਕਈ ਲੇਖਕ ਤਾਂ ਖੱਬੇ-ਪੱਖੀ ਪਾਰਟੀਆਂ ਦੇ ਮੈਂਬਰ ਵੀ ਰਹੇ ਹਨ।

ਜਦ ਕੋਈ ਕਹਿੰਦਾ-ਕਹਾਉਂਦਾ 'ਮਾਰਕਸਵਾਦੀ' ਲੇਖਕ ਸਰਕਾਰੂ ਇਨਾਮ ਕਬੂਲ ਕਰਦਾ ਹੈ, ਜਾਂ ਇਨਾਮ ਦੇਣ ਵਾਲੀਆਂ ਸਰਕਾਰੂ ਸੰਸਥਾਵਾਂ ਦਾ ਅੰਗ ਤੇ ਧੁਰੂ ਬਣਦਾ ਹੈ ਜਾਂ ਆਪਣੀ ਲਿਖਤ ਦੇ ਬਲਬੂਤੇ ਸਰਕਾਰੀ ਸਹੂਲਤਾਂ ਦੀ ਮੰਗ ਕਰਦਾ ਹੈ, ਤਾਂ ਇਹ ਸਵਾਲ ਪੈਦਾ ਹੁੰਦਾ ਹੈ: ਪ੍ਰਗਤੀਵਾਦੀ ਲੇਖਕ ਦਾ ਜਾਬਰ ਸਟੇਟ ਨਾਲ ਕੀ ਰਿਸ਼ਤਾ ਹੈ? ਕੀ ਸਟੇਟ ਦਾ ਖ਼ਾਸਾ ਬਦਲ ਚੁਕਾ ਹੈ, ਜਾਂ ਕੀ ਸਟੇਟ 'ਮੁਰਝਾ' ਚੁਕੀ ਹੈ ਜਾਂ ਪ੍ਰਗਤੀਵਾਦੀ ਲੇਖਕ ਦਾ ਪ੍ਰਗਤੀਵਾਦ ਮੌਕਾਪ੍ਰਸਤੀ ਤੇ ਕੈਰੀਅਰਵਾਦ ਤੋਂ ਵਧ ਕੁਝ ਨਹੀਂ?

ਛੇ ਵਰ੍ਹੇ ਪਹਿਲਾਂ ਜ਼ਰਾਇਤੀ ਯੂਨੀਵਰਸਿਟੀ ਲੁਧਿਆਣੇ ਦੇ ਸਾਹਿਤ ਸਭਾਈ ਪਾੜ੍ਹਿਆਂ ਨੇ ਲੇਖਕਾਂ ਨੂੰ ਬੜੇ ਦਿਲਚਸਪ ਸਵਾਲ ਪਾਏ ਸਨ। ਉਹਨਾਂ ਵਿਚ ਇਕ ਸਵਾਲ ਇਹ ਸੀ, 'ਕੀ ਤੁਸੀਂ ਸਾਹਿਤ ਅਕਾਦਮੀ ਦਾ ਇਨਾਮ ਕਬੂਲ ਕਰ ਲਉਗੇ?' ਮੈਂ ਜਵਾਬ ਦਿਤਾ ਸੀ: 'ਨਹੀਂ ਕਦੇ ਵੀ ਨਹੀਂ ਤੇ ਸਾਹਿਤ ਅਕਾਦਮੀ ਵੀ ਮੈਨੂੰ ਇਨਾਮ ਦੇਣ ਤੋਂ ਪਹਿਲਾਂ ਸੋਚੇਗੀ — ਨਹੀਂ ਕਦੇ ਵੀ ਨਹੀਂ।' ਮੈਂ ਬਹਿ-ਜਾ ਬਹਿ-ਜਾ ਕਰਾਉਣ ਵਾਲੀ ਜਾਂ ਅੱਗ ਉਗਲਦੀ ਕਵਿਤਾ ਦਾ ਕਵੀ ਨਹੀਂ ਹਾਂ ਤੇ ਨਾ ਹੀ ਮੈਂ ਕਦੇ ਇਨਾਮ-ਇਨੂਮ ਦਾ ਸੁਪਨਾ ਤਕ ਲਿਆ ਹੈ। ਪਰ ਜਦ ਕੋਈ ਲਿਖਤੀ ਅੱਗ ਵਰ੍ਹਾਉਂਦਾ ਕਵੀ ਨੱਠ ਕੇ ਸਰਕਾਰੂ ਇਨਾਮ ਲੈਂਦਾ ਹੈ; ਜਾਂ ਕੋਈ ਲੇਖਕ ਸਾਹਿਤ ਤੇ ਸਿਆਸਤ ਦੇ ਆਪਸੀ ਰਿਸ਼ਤੇ ਨੂੰ ਰੱਦ ਕਰਦਾ ਹੈ ਤੇ ਕਹਿੰਦਾ ਹੈ ਕਿ ਇਨਾਮ ਦੀ ਰਕਮ ਨਾਲ ਧੀਆਂ ਦੇ ਹੱਥ ਪੀਲੇ ਕਰਨੇ ਹਨ; ਜਾਂ ਪ੍ਰਗਤੀਵਾਦੀ ਪਰਚੇ ਕਿਸੇ ਪ੍ਰਤੀਗਾਮੀ ਲੇਖਕ ਨੂੰ ਇਨਾਮ ਮਿਲਣ ਦੀ ਵਧਾਈ ਛਾਪਦੇ ਹਨ, ਤਾਂ ਇਹੋ ਜਿਹੇ ਲੇਖਕ-ਜਨਾਂ ਦੀ ਪ੍ਰਤੀ-ਬਧਤਾ ਉਤੇ ਸ਼ੱਕ ਹੋਣ ਲੱਗਦਾ ਹੈ। ਇਨਾਮ ਲੈਣ ਵਾਲੇ ਜਾਂ ਇਹਦੀ ਝਾਕ ਰਖਣ ਵਾਲੇ ਇਹ ਹਾਸੋਹੀਣੀ ਦਲੀਲ ਵੀ ਦਿੰਦੇ ਹਨ — ਇਨਾਮ ਲੈਣ ਵਿਚ ਕੀ ਹਰਜ ਐ, ਉਹ ਪੈਸਾ ਲੋਕਾਂ ਦਾ ਹੀ ਤਾਂ ਹੁੰਦੈ! ਇਸ 'ਧਰਮ ਸੰਕਟ' ਦਾ ਹੱਲ ਮੇਰੇ ਕਿਸੇ ਕਹਾਣੀਕਾਰ ਦੋਸਤ ਕੋਲ ਹੈ — ਇਨਾਮ ਲੈ ਲਓ, ਤੇ ਪੈਸੇ ਕਿਸੇ ਚੰਗੇ ਕੰਮ ਪੁੰਨ ਕਰ ਦਿਓ! ਉਹ ਬਲਰਾਜ ਸਾਹਨੀ ਦੀ ਮਿਸਾਲ ਦਿੰਦਾ ਹੈ, ਜਿਹਦੇ ਪੈਸਿਆਂ ਨਾਲ ਉਹਦੇ ਨਾਂ ਉਤੇ ਯਾਦਗਾਰੀ ਪ੍ਰਕਾਸ਼ਨ ਦਾ ਬੂਟਾ ਲੱਗਾ ਹੋਇਆ ਹੈ।

ਹੁਣ ਤਕ ਇਕੋ-ਇਕ ਮਿਸਾਲ ਉਤਪਲ ਦੱਤ ਦੀ ਮਿਲਦੀ ਹੈ, ਜਿਸ ਨੇ ਸਾਹਿਤ-ਅਕਾਦਮੀ ਇਨਾਮ ਨੂੰ ਇਹ ਆਖ ਕੇ ਲੱਤ ਮਾਰ ਦਿਤੀ ਸੀ: "ਦਿੱਲੀ ਦੇ ਹਾਕਮਾਂ ਦੀ ਆਦਤ

ਪੱਕ ਗਈ ਹੈ ਕਿ ਜਿਵੇਂ ਕੁੱਤੇ ਨੂੰ ਹੱਡੀ ਪਾਉਣ ਉਤੇ ਉਹ ਵਫ਼ਾਦਾਰ ਹੋ ਜਾਂਦਾ ਹੈ, ਉਸੇ ਤਰ੍ਹਾਂ ਦਿੱਲੀ ਦੇ ਹਾਕਮ ਖ਼ੁਸ਼ੀ-ਖ਼ੁਸ਼ੀ ਵਿਕ ਜਾਣ ਵਾਲੇ ਲੇਖਕਾਂ ਅਗੇ ਇਨਾਮ ਦੀ ਹੱਡੀ ਸੁਟਦੇ ਹਨ। ਪਰ ਮੈਂ ਉਨ੍ਹਾਂ ਵਿਚੋਂ ਨਹੀਂ, ਜਿਨ੍ਹਾਂ ਦਾ ਦਿਲ ਤੁਹਾਡੇ ਦਿਤੇ ਇਨਾਮ ਨਾਲ ਭਰ ਜਾਂਦਾ ਹੈ। ਮੈਂ ਗ਼ਰੀਬ ਹਾਂ, ਗ਼ਰੀਬਾਂ ਦਾ ਦੁਖ ਵੇਖਦਾ ਹਾਂ ਤੇ ਉਹਨਾਂ ਦੇ ਦੁਖ ਦੀ ਕਹਾਣੀ ਲਿਖਦਾ ਹਾਂ। ਤੁਸੀਂ ਮੈਨੂੰ ਇਸ ਖ਼ੁਸ਼ੀ ਤੋਂ ਵਿਰਵਾ ਨਾ ਕਰੋ।"

## ਉਰਫ਼ ਸਿਧਾਰਥ

ਹੋਣਹਾਰ ਚਿੱਤ੍ਰਕਾਰ ਹਰਜਿੰਦਰ ਸਿੰਘ ਉਰਫ਼ ਸਿਧਾਰਥ (ਜਨਮ 1956, ਬੱਸੀਆਂ, ਜ਼ਿਲਾ ਲੁਧਿਆਣਾ) ਦੇ ਬਣਾਏ ਖ਼ਾਕੇ (ਸਫ਼ਾ 46) ਵਿਚ ਸਾਡੇ ਪਿੰਡਾਂ ਦੇ ਖੇਤ ਮਜ਼ਦੂਰਾਂ ਦੇ ਘਰ ਦਾ ਵਿਹੜਾ ਹੈ। ਇਸ ਵਿਚ ਸੂਤ ਅਟੇਰ ਰਹੀ ਸੋਚੀਂ ਪਈ ਉਦਾਸ ਔਰਤ ਦਾ ਆਕਾਰ ਸਾਰੇ ਖ਼ਾਕੇ ਉਤੇ ਭਾਰੂ ਹੈ। ਔਰਤ ਦੇ ਉਮਰ ਹੰਢਾ ਚੁਕੇ ਮਿਹਨਤੀ ਹੱਥ, ਪਛਾੜੀ ਛੱਤੜੇ ਹੇਠ ਠੰਢਾ ਚੁਲ੍ਹਾ, ਅੱਧ-ਖੁਲ੍ਹਿਆ ਦਰਵਾਜ਼ਾ ਤੇ ਅੰਨੇਰੀ ਕੋਠੜੀ ਅੰਦਰ ਪ੍ਰਵੇਸ਼ ਕਰ ਰਿਹਾ ਮਰਦਾਵਾਂ ਆਕਾਰ। ਇਹ ਖ਼ਾਕਾ ਪੰਜਾਬ ਦੀ ਆਰਥਿਕਤਾ ਤੇ ਸਮਾਜਿਕਤਾ ਦਾ ਅਹਿਮ ਪੱਖ ਪੇਸ਼ ਕਰਦਾ ਹੈ – ਸ਼ਹਿਰ ਚੱਲੀਏ ਮਜ਼ੂਰੀ ਲੱਭੀਏ ਪਿੰਡਾਂ ਵਿਚ ਭੰਗ ਭੁੱਜਦੀ......

ਸਿੱਧਾਰਥ ਦੀਆਂ ਤਸਵੀਰਾਂ ਦੀ ਖ਼ਾਸੀਅਤ ਹੈ ਕਿ ਉਹਦੇ ਕਿਰਦਾਰਾਂ ਦੇ ਚਿਹਰੇ 'ਭਾਵ ਰਹਿਤ' ਹੁੰਦੇ ਹਨ, ਪਰ ਉਹਨਾਂ ਦਾ ਚੁਗਿਰਦਾ ਭਾਵ-ਪੂਰਤ ਹੁੰਦਾ ਹੈ। ਮਾਰਕਸਵਾਦੀ ਸ਼ਬਦਾਵਲੀ ਵਿਚ ਇਹ ਗੱਲ ਇੰਜ ਆਖੀ ਜਾਂਦੀ ਹੈ ਕਿ ਮਨੁੱਖ ਦਾ ਆਲਾ-ਦੁਆਲਾ ਉਹਦੀ ਮਾਨਸਿਕਤਾ ਬਣਾਉਂਦਾ ਹੈ। □

— ਅਮਰਜੀਤ ਚੰਦਨ

ਔਹ ਆ ਗਈ ਬਤਖ਼ ਮਾਂ...




'HERE COMES MOTHER GOOSE WITH NEW EMERGENCY FAIRY TALES.'

ਹਿੰਦੀ ਕਵਿਤਾ

ਕੁਮਾਰ ਵਿਕਲ

# ਦੋ ਸ਼ਰਾਬੀਆਂ ਦੀ ਗੱਲਬਾਤ ਦਾ ਟੁਕੜਾ

---

ਸੁਣੋ, ਅੰਨ੍ਹੇਰੇ ਵਿਚ ਕੋਈ ਔਰਤ ਹੱਸ ਰਹੀ ਹੈ
ਸ਼ਰਾਬ ਪੀਣ ਦਾ ਇਹ ਮਤਲਬ ਨਹੀਂ ਕਿ ਤੁਸੀਂ
ਸੜਕ ਦੀਆਂ ਨਿਓਨ ਬੱਤੀਆਂ ਨੂੰ
ਮੁਗਧ-ਭਾਵ ਨਾਲ ਦੇਖਦੇ ਰਹੋ
ਤੇ ਰੌਸ਼ਨੀ ਦੇ ਲੜਖੜਾਂਦੇ ਬਿੰਬਾਂ ਨੂੰ
ਫੜਨ ਦੀ ਕੋਸ਼ਿਸ਼ ਵਿਚ
ਇਸ ਔਰਤ ਦੇ ਹਾਸੇ ਨੂੰ ਨਜ਼ਰੰਦਾਜ਼ ਕਰ ਦਿਓ ।

ਮੈਨੂੰ ਤਾਂ ਇਹ ਹਾਸਾ
ਬਹੁਤ ਖ਼ਤਰਨਾਕ ਲਗ ਰਿਹਾ ਹੈ
ਜਿਵੇਂ ਇਹ ਕੋਈ ਹਾਸਾ ਨਾ ਹੋਵੇ
ਦੂਸਰੀ ਕਿਸਮ ਦਾ ਅੰਨ੍ਹੇਰਾ ਹੋਵੇ
ਐਟਮੀ-ਧਮਾਕੇ ਮਗਰੋਂ ਧਰਤੀ ਉਤੇ ਛਾਏ ਅੰਨ੍ਹੇਰੇ ਵਰਗਾ ।

...ਮੈਨੂੰ ਕੁਝ ਯਾਦ ਆ ਰਿਹਾ ਹੈ
ਇਹ ਅੰਨ੍ਹੇਰਾ —
ਮੈਂ ਪਹਿਲਾਂ ਵੀ ਕਿਤੇ ਦੇਖਿਆ ਹੈ
ਤੇ ਇਹ ਹਾਸਾ
ਪਹਿਲਾਂ ਵੀ ਮੇਰੇ ਕੰਨਾਂ ਨੇ ਕਈ ਵਾਰ ਸੁਣਿਆ ਹੈ
ਪਰ ਹਾਸੇ ਨੂੰ ਅੰਨ੍ਹੇਰੇ 'ਚ ਬਦਲਦਿਆਂ
ਮੈਂ ਪਹਿਲੀ ਵਾਰ ਦੇਖਿਆ ਹੈ ।

ਸਵੇਰ ਨੂੰ ਇਹ ਔਰਤ ਆਪਣੇ ਸਿਆਹ ਹਾਸੇ ਉਤੇ
ਉੱਜਲੇ ਸ਼ਬਦਾਂ ਦਾ ਨਕਾਬ ਪਾ ਲਏਗੀ
ਆਕਾਸ਼ ਵਿਚ ਚਿੱਟੇ ਕਬੂਤਰਾਂ ਦਾ ਝੁੰਡ ਛਡ ਦਏਗੀ
ਤੇ ਕਿਸੇ ਭਿਖਾਰਨ ਦੇ ਚਿਹਰੇ ਉਤੇ ਛਾ ਰਹੇ ਅੰਨ੍ਹੇਰੇ ਨੂੰ
ਦੁਨੀਆਂ ਦੇ ਬਦਲਦੇ ਮੌਸਮ ਨਾਲ ਜੋੜ ਦਏਗੀ ।

ਸੁਣੋ !
ਇਸ ਖ਼ਤਰਨਾਕ ਹਾਸੇ ਨੂੰ
ਸਮਝਣ ਦੀ ਕੋਸ਼ਿਸ਼ ਕਰੋ
ਸ਼ਾਇਦ ਇਹ ਹਾਸਾ
ਆਪਣੇ ਦੌਰ ਦੀਆਂ ਕੁਝ ਫ਼ੈਸਲਾਕੁਨ ਘਟਨਾਵਾਂ ਦੀਆਂ ਦਿਸ਼ਾਵਾਂ
ਕੁਝ ਸਮੇਂ ਲਈ
ਮੋੜ ਦੇਵੇਗਾ ।

□

ਸੁਰਜੀਤ ਪਾਤਰ

## ਲਹੂ

---

ਲਹੂ ਦੀ ਕਹਾਣੀ
ਰਹੂ ਗੀ ਕਹਾਣੀ

ਲਹੂ ਬਿਨ ਕਹਾਣੀ
ਨਾਮੁਮਕਿਨ ਕਹਾਣੀ

ਇਹ ਆਪਣਾ ਲਹੂ ਜਾਂ ਪਰਾਇਆ ਲਹੂ ਹੈ
ਜ਼ਿਮੀਂ ਉਤੇ ਜੋ ਵੀ ਵਹਾਇਆ ਲਹੂ ਹੈ
ਕਿਸੇ ਕੰਮ ਨਾ ਆਇਆ ਉਹ ਜ਼ਾਇਆ ਲਹੂ ਹੈ

ਲਹੂ ਹੀ ਹੈ ਝਾਂਜਰ ਲਹੂ ਹੀ ਹੈ ਖ਼ੰਜਰ
ਲਹੂ ਹੀ ਲਹੂ ਹੈ ਤਵਾਰੀਖ਼ ਅੰਦਰ

ਲਹੂ ਹੀ ਬਦਨ ਹੈ ਲਹੂ ਆਤਮਾ ਹੈ
ਲਹੂ ਹੀ ਮੁਹੱਬਤ ਲਹੂ ਵਾਸ਼ਨਾ ਹੈ

ਲਹੂ ਜੁਸਤਜੂ ਹੈ ਲਹੂ ਆਰਜ਼ੂ ਹੈ
ਜਨਮ ਤੋਂ ਮਰਨ ਤਕ ਲਹੂ ਹੀ ਲਹੂ ਹੈ

ਲਹੂ ਹੀ ਹੈ ਤ੍ਰਿਪਤੀ ਲਹੂ ਹੀ ਹੈ ਤ੍ਰਿਸ਼ਨਾ
ਲਹੂ ਹੀ ਹੈ ਸਭ ਕੁਛ, ਲਹੂ ਬਾਝ ਕੁਛ ਨਾ

ਲਹੂ ਦੀ ਕਹਾਣੀ
ਰਹੂ ਗੀ ਕਹਾਣੀ

ਲਹੂ ਬਿਨ ਕਹਾਣੀ
ਨਾਮੁਮਕਿਨ ਕਹਾਣੀ

□

ਜਗਤਾਰ

## ਢੋਲਬਾਹਾ

ਜ਼ਿਆਰਤ ਕਰਨ ਵਾਲੇ
ਨਦੀ ਦਾ ਗੀਤ ਜੇ ਸੁਣਨੈਂ
ਤਾਂ ਇਕ ਗੱਲ ਦਸ
ਜਿਨ੍ਹਾਂ ਲੋਕਾਂ ਦਾ ਆਪਣੇ
ਖੰਡਰਾਂ ਵਰਗੇ ਘਰਾਂ ਵਿਚ
ਜੀ ਨਹੀਂ ਲਗਦਾ
ਉਹ ਖੰਡਰਾਂ ਦੇ ਨਗਰ
ਕੀ ਲੈਣ ਆਉਂਦੇ ਨੇ ?

ਜ਼ਿਆਰਤ ਕਰਨ ਵਾਲੇ
ਨਦੀ ਦਾ ਗੀਤ ਜੇ ਸੁਣਨੈਂ
ਤਾਂ ਪਹਿਲੋਂ ਖੰਡਰਾਂ 'ਚੋਂ
ਚਾਨਣੀ ਦਾ ਰੁਦਨ ਸੁਣ ਕੇ ਆ ।

ਜ਼ਿਆਰਤ ਕਰਨ ਵਾਲੇ
ਨਦੀ ਵਿਚ ਖ਼ੂਬਸੂਰਤ ਤਰਦੀਆਂ
ਸਿੱਪੀਆਂ ਦੇ ਰੰਗ ਤੇ ਲਿਸ਼ਕ ਉਤੇ
ਮਰਨ ਤੋਂ ਪਹਿਲਾਂ, ਸਮਝ ਲੈ
ਜਦੋਂ ਪਾਣੀ ਨਾ ਰਹਿ ਜਾਵਣ
ਤਾਂ ਸਿੱਪੀਆਂ ਖ਼ੰਜਰਾਂ ਵਾਂਗੂ
ਨਦੀ ਦੀ ਹਿੱਕ ਵਿਚ ਲਹਿ ਜਾਵਣ ।

ਜ਼ਿਆਰਤ ਕਰਨ ਵਾਲੇ ਸੁਣ ਸਕੇਂ ਤਾਂ ਸੁਣ,
ਅਜੇ ਵੀ ਖੇਤਰਾਂ ਵਿਚ
ਘੋੜ-ਪੌੜਾਂ 'ਚੋਂ
ਕਿਸੇ ਕੁਚਲੀ ਗਈ ਝਾਂਜਰ ਦੀ
ਸਿਸਕੀ ਸੁਣ ਰਹੀ ਹੈ ।

ਜ਼ਿਆਰਤ ਕਰਨ ਵਾਲੇ,
ਇਨ੍ਹਾਂ ਖੰਡਰਾਂ ਦੇ ਮਲਬੇ 'ਚੋਂ ਮਿਲੇ ਟੁਕੜੇ,
ਕਿਸੇ ਦੇ ਜਿਸਮ ਦੀ ਗਦਰੀ ਹੋਈ ਛਾਤੀ
ਕਿਸੇ ਦੇ ਜਿਸਮ ਦੇ ਭਰਵੇਂ ਨਿਤੰਬ,
ਕਿਸੇ ਦੇ ਕਰ ਕਿਸੇ ਦੇ ਪਰ

ਕਿਸੇ ਦਾ ਧੜ ਕਿਸੇ ਦਾ ਸਿਰ
ਕਿਸੇ ਮੰਦਰ ਦਾ ਛੱਜਾ
ਤੇ ਕਿਜ਼ੇ ਦਾ ਪੀਲ-ਪਾਇਆ
ਖ਼ੁਰਾਣੇ ਸੰਦ ਤੇ ਸ਼ਸਤਰ
ਪੁੰਰਾਣੇ ਕੌਡੀਆਂ ਸਿੱਕੇ,
ਪੁਰਾਣੀ ਸਭਿਅਤਾ ਦਾ ਖ਼ਾਸ ਸਰਮਾਇਆ।
ਹਿਫ਼ਾਜ਼ਤ ਨਾਲ ਰੱਖੇ ਹਨ।

ਕਿਸੇ ਗਾਈਡ ਨੇ ਪਰ ਤੈਨੂੰ
ਕਦੇ ਵੀ ਇਹ ਨਹੀਂ ਦੱਸਣਾ,
ਜੋ ਘਰ ਅੱਜ ਹੋ ਗਏ
ਇਨ੍ਹਾਂ ਵਿਚ ਔਰਤਾਂ ਨੇ ਜਿਸਮ ਵੇਚੇ ਸਨ
ਤੇ ਇਹਨਾਂ ਖੰਡਰਾਂ ਦੇ ਮਲਬਿਆਂ ਹੇਠਾਂ,
ਅਜੇ ਤਕ ਵੀ ਤਹੇਤਬ ਘਰ ਵਿਲਕਦੇ ਨੇ,
ਪਹਾੜੀ ਦੀ ਸਿਖਰ ਚੋਟੀ 'ਤੇ
ਸ਼ਿਵ-ਮੰਦਰ ਦੇ ਅੰਦਰ
ਜਿਨ੍ਹਾਂ ਕੰਜਕਾਂ ਨੇ ਜੋਤਾਂ ਬਾਲੀਆਂ ਸਨ
ਉਨ੍ਹਾਂ ਦੇ ਕਲਪਣਾ ਮੰਦਰਾਂ 'ਚੋਂ
ਕਿਸ ਦੀਵੇ ਬੁਝਾਏ ਸਨ।
ਅਜਾਇਬ-ਘਰ ਦੀ ਪੁਸਤਕ ਵਿਚ
ਨਾ ਇਸ ਦਾ ਵੇਰਵਾ ਮਿਲਣੈ,
ਨਾ ਇਸ ਗੱਲ ਦਾ ਕਿਤੇ ਅੰਦਰਾਜ ਹੀ ਹੋਣੈ!

ਜ਼ਿਆਰਤ ਕਰਨ ਵਾਲੇ
ਆਉਣ ਨੂੰ ਤਾਂ ਰੋਜ਼ ਆਉਂਦੇ ਨੇ
ਇਨ੍ਹਾਂ ਖੰਡਰਾਂ ਦੇ ਮਲਬੇ ਹੇਠ
ਕੀ ਕੁਝ ਰਹਿ ਗਿਐ ਬਾਕੀ
ਕੋਈ ਪੜਤਾਲ ਨਈਂ ਕਰਦੈ।

ਜ਼ਿਆਰਤ ਕਰਨ ਵਾਲੇ ਪਰ
ਅਜਾਇਬ ਘਰ ਦਾ ਜੋ ਹਿੱਸਾ ਨਹੀਂ ਬਣੀਆਂ
ਉਹ ਹੱਡੀਆਂ ਮੋਰਿਆਂ ਕੰਢਿਆਂ 'ਤੇ
ਤਿੱਖੀਆਂ ਤੇਜ਼ ਚਿੱਪਰਾਂ ਬਣ ਕੇ,
ਕਿਸੇ ਬੱਧਕ ਸ਼ਿਕਾਰੀ ਨੂੰ ਉਡੀਕਣ।
ਜ਼ਿਆਰਤ ਕਰਨ ਵਾਲੇ,
ਨਦੀ ਦਾ ਗੀਤ ਜੋ ਸੁਣਨਾਂ
ਤਾਂ ਪਹਿਲਾਂ ਖੰਡਰਾਂ 'ਚੋਂ
ਚਾਨਣੀ ਦਾ ਰੁਦਨ ਸੁਣ ਕੇ ਆ।

□

ਲਾਲ ਸਿੰਘ ਦਿਲ

# ਨਾਮ੍ਹਾ

ਓਦੋਂ ਅਸੀਂ ਬਹੁਤ ਛੋਟੇ ਸਾਂ
ਜਦ ਸਾਨੂੰ ਗਿੱਧੇ ਦੇ ਝੁਰਮਟ 'ਚੋਂ
ਤੀਵੀਆਂ ਨੇ ਮਾਰ ਭਜਾਇਆ ਸੀ
ਓਦੋਂ ਨਾਮ੍ਹੇ ਦੀ ਤੀਵੀਂ
ਸਾਰੇ ਕਪੜੇ ਉਤਾਰ ਨੱਚੀ ਸੀ
ਉਹ ਮੂੰਹ 'ਚ ਮੰਜਾ ਉਠਾ ਕੇ
ਜਾਂ ਪਾਣੀ ਦਾ ਭਰਿਆ ਘੜਾ ਲੈ ਕੇ ਨੱਚ ਲੈਂਦੀ ਸੀ
ਅਜੇ ਵੀ ਉਹ ਢਲਵੀਂ ਹੇਕ 'ਚ
ਲੰਮਾ ਗੀਤ ਗਾਉਂਦੀ ਹੈ ਵਿਆਹਾਂ 'ਤੇ
ਜਿਸ 'ਚ ਕੋਈ ਗਭਰੂ ਆਖਦਾ ਹੈ —
"ਹੇ ਵਾਹਿਗੁਰੂ, ਮੈਂ ਤੇਰਾ ਸਿੱਖ ਨਹੀਂ ਬਣਦਾ ?'

ਫ਼ਸਲ ਜਦ ਪੱਕਦੀਆਂ ਹਨ
ਉਹ ਕੱਚੀ ਉਮਰ 'ਚ ਜੀ ਪੈਂਦੀ ਹੈ
ਤਾਰਾ ਚੜ੍ਹਨ ਸੰਗ
ਉਹ ਤੁਰ ਪੈਂਦੀ ਹੈ
ਲਭ ਕਾਮੀਆਂ ਸੰਗ ਰੋਟੀਆਂ ਤੇ ਦਾਤੀਆਂ ਸਮੇਤ

II
ਨਾਮ੍ਹੇ ਨੇ ਬੜਾ ਕੁਝ ਤੱਕਿਆ ਏ ਜ਼ਿੰਦਗੀ 'ਚ
ਉਹਦਾ ਪੁੱਤ ਦੋ ਥਪੜ ਨਾ ਸਹਾਰ ਸਕਿਆ ਬੇਰੁਜ਼ਗਾਰੀ ਦੇ।
ਪਾਗ਼ਲ ਹੋ ਤੁਰਿਆ —
ਨਾਮ੍ਹੇ ਦੇ ਪਿਉ ਦੀ ਹੁੱਕੀ ਤੇ ਲੰਡਰ ਕੁੱਤੀ ਉਠਾ ਕੇ।

ਨਾਮ੍ਹਾ ਜਦੋਂ ਗੁੜ ਰਿੰਨ੍ਹਦਾ ਸੀ
ਉਹ ਆ ਕੇ ਕਹਿਣ ਲੱਗਾ —
'ਕਦੇ ਤੂੰ ਮੇਰਾ ਪਿਉ ਬਣਿਆ
ਕਦੇ ਮੈਂ ਤੇਰਾ
ਇਹ ਜਨਮਾਂ ਦੇ ਚੱਕਰ ਨੇ ਨਾਮ੍ਹਿਆ !'
ਫੇਰ ਉਸ ਕਿਹਾ — 'ਏਧਰ ਦੇਖ
ਮੈਂ ਉਬਲਦੇ ਕੜਾਹੇ 'ਚ ਛਾਲ ਮਾਰੂੰਗਾ।'
ਕੋਲ ਖੜੇ ਭੈ-ਭੀਤ ਹੋਏ
ਉਹਨੂੰ ਦੂਰ ਲੈ ਗਏ
ਤੇ ਨਾਮ੍ਹਾ ਧੂੰਆਂ ਦਿੰਦੀ ਸੋਟੀ
ਕੜਾਹੇ 'ਚ ਡੁਬੋ ਕੇ ਰਸ ਵੇਂਹਦਾ ਰਿਹਾ...

III

ਜੰਗ ਵੇਲੇ
ਵੱਟਾਂ ਵੇਲੇ
ਮੇਲੇ ਵੇਲੇ
ਉਹ ਓਸੇ ਤੌਰ ਤੁਰਦਾ ਘਰ ਆਂਵਦਾ ਹੈ
ਚੰਨ-ਚਾਨਣੀ ਵਿਚ ਮੀਂਹਾਂ ਵਿਚ
ਪਿੰਡ ਦੇ ਹਰ ਤਲੇ 'ਤੇ
ਉਹਦਾ ਹਲ ਤੁਰਿਆ ਹੋਵੇਗਾ
ਉਹਦਾ ਰੰਬਾ
        ਉਹਦੇ ਪੈਰ
                ਉਹਦਾ ਮੁੜ੍ਹਕਾ
                ਜ਼ੱਰੇ ਜ਼ੱਰੇ 'ਤੇ
ਚੁੱਨ੍ਹੇ ਤੇ ਜ਼ਰਦ ਪਿਉ ਦੀ ਸੋਟੀ ਲਈ
ਜਦ ਉਹ ਪਰਾਏ ਡੰਗਰਾਂ ਦਾ ਰਾਖਾ ਸੀ
ਓਦੋਂ ਉਹ ਬਹੁਤ ਛੋਟਾ ਸੀ
ਲੋਕ ਓਦੋਂ ਤੋਂ ਉਹਨੂੰ ਨਾਮ੍ਹਾ ਭਗਤ ਆਂਹਦੇ ਨੇ ।

ਉਸ ਆਪਣੇ ਵਿਆਹ 'ਤੇ ਆਪਣੀ ਮਾਂ ਨੂੰ ਆਖ ਕੇ
ਦੋ ਕਾਲੇ ਚਾਦਰੇ ਤੇ ਕੱਢਵੀਂ ਜੁੱਤੀ ਸਿਲਾਈ ਸੀ
ਉਹ ਨੱਚਦਾ ਹੈ ਕਦੇ-ਕਦੇ ਛੋਟਿਆਂ ਜਾਂ ਹਮ-ਉਮਰਾਂ ਵਿਚ
ਕਿਸੇ ਵਿਆਹ ਜਾਂ ਤਿਉਹਾਰ ਦੇ ਦਿਹਾੜੇ
ਦਾਰੂ 'ਚ ਗੁੱਟ ਹੋ ਕੇ
ਅੱਖਾਂ ਮੀਟ ਲੈਂਦਾ ਹੈ ਚਿਟਕਾਰੀ ਵਜਾਉਂਦਾ ਹੈ
ਸਾਥੀ ਭੈ-ਭੀਤ ਹੋ ਉਹਨੂੰ ਬਚਾਉਂਦੇ ਹਨ
ਤੇ ਹਾੜਾ ਇਕ ਹੋਰ ਦਿੰਦੇ ਹਨ
ਅੰਨ੍ਹੀ ਦਾਰੂ ਦਾ ।

ਸ਼ਰਮਸਾਰ
ਤੁਸੀਂ ਖੇਤਾਂ 'ਚ ਕੰਮ ਕਰਦੇ ਹੋ
ਕਿਨਾਰੇ ਦੇ ਕਿਨਾਰੇ ਤਕ ਕੰਮ ਮੁਕਾਉਣ ਲਈ
ਰੋਟੀਆਂ ਥੱਪਦੇ ਹੋ ਮੰਜੀ ਦੀ ਛਾਂ ਹੇਠ
ਡੰਗਰ ਚਰਾਉਂਦੇ ਹੋ ਸਿਰ 'ਤੇ ਖੇਸੀ ਲਪੇਟ
ਦਾਹੜੀ ਦੀ ਰੱਖਿਆ ਕਰਦੇ ਹੋ
ਤੁਹਾਡੇ ਕੋਲ ਹੀ ਜਾਂ ਤੁਹਾਡੇ ਵਿਚੋਂ ਹੀ
ਜਿਹਦੇ ਸਿਰ ਦੇ ਵਾਲ ਲਾਲ ਹੋ ਜਾਂਦੇ ਹਨ
ਉਹ ਚੁਕਿਆ ਜਾਂਦਾ ਹੈ, ਨੋਚਿਆ ਜਾਂਦਾ ਹੈ
ਕੀ ਤੁਹਾਨੂੰ ਰੋਟੀ 'ਚੋਂ ਮਾਸ ਦੀ ਬੂ ਨਹੀਂ ਆਉਂਦੀ ?

□

ਗੋਲ ਮੇਜ਼

# ਪੰਜਾਬੀ ਮਾਰਕਸਵਾਦੀ ਸਾਹਿਤ-ਚਿੰਤਨ ਦਾ ਸਮੱਗਰ ਸਰੂਪ ਕਿਉਂ ਨਹੀਂ ਬਣ ਸਕਿਆ ?

☐ ਸੁਰਜੀਤ ਹਾਂਸ

ਅੱਜ ਪੰਜਾਬੀ ਬੋਲੀ ਵਿਚ ਮਾਰਕਸਵਾਦੀ ਚਿੰਤਨ ਏਨਾ ਕੁ ਤਕੜਾ ਹੋ ਗਿਆ ਹੈ ਕਿ ਅਸੀਂ ਇਹਦੀਆਂ ਕਮਜ਼ੋਰੀਆਂ ਵਲ ਵੀ ਧਿਆਨ ਦੇ ਸਕਦੇ ਹਾਂ। ਪੰਜਾਬੀ ਸਾਹਿਤ ਵਿਚ ਮਾਰਕਸਵਾਦੀ ਆਲੋਚਕ ਤੇ ਚਿੰਤਕ ਕਾਫ਼ੀ ਮਾਨਤਾ ਪ੍ਰਾਪਤ ਕਰ ਚੁੱਕੇ ਹਨ। ਮੇਰੇ ਲਈ ਤਾਂ ਇਹ ਵੀ ਖ਼ੁਸ਼ੀ ਦੀ ਗੱਲ ਹੈ ਕਿ ਤਕਰੀਬਨ ਤਕਰੀਬਨ ਸਾਰੇ ਹੀ ਮਾਰਕਸਵਾਦੀ ਚਿੰਤਕ ਮੇਰੇ ਉੱਤੇ ਮਿਹਰਬਾਨ ਹਨ; ਇਸ ਕਰਕੇ ਇਹ ਲੇਖ ਉਹਨਾਂ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਹੈ।

ਵਿਅਕਤੀਗਤ ਸਾਹਿਤਕ ਚਿੰਤਨ ਤੇ ਪ੍ਰਕਾਸ਼ਨਾਵਾਂ ਤੋਂ ਬਿਨਾਂ ਪ੍ਰਗਤੀਵਾਦੀ ਲਿਖਾਰੀ ਸਭਾਵਾਂ ਦਾ ਮਾਰਕਸਵਾਦ ਨੂੰ ਸਾਹਿਤਕ ਪਿੜ ਵਿਚ ਹਰਮਨ ਪਿਆਰਾ ਬਣਾਉਣ ਦਾ ਬਹੁਤ ਵੱਡਾ ਯਤਨ ਹੈ, ਸੀ। ਹੁਣ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਪ੍ਰਗਤੀਵਾਦੀ ਸਾਹਿਤਕ ਸਰਗਰਮੀਆਂ ਕਾਰਣ ਸਾਡੇ ਆਲੋਚਕ ਅਕਸਰ ਮਾਰਕਸਵਾਦ ਦਾ ਦਮ ਭਰਦੇ ਹਨ ਤੇ ਕੁਝ ਕੁ ਮਾਰਕਸਵਾਦ ਦੇ ਵਿਰੋਧੀ ਆਲੋਚਕ ਵੀ ਇਹ ਕਹਿਣ ਲਗ ਗਏ ਹਨ ਕਿ ਸਾਨੂੰ ਹੀ ਅਸਲੀ ਮਾਰਕਸਵਾਦ ਦੀ ਸਮਝ ਹੈ, ਜਿਵੇਂ ਕਿਤੇ ਮਾਰਕਸਵਾਦ ਨੂੰ ਸਮਝਣ ਦਾ ਮਤਲਬ ਉਹਦੀ ਮੁਖ਼ਾਲਫ਼ਤ ਕਰਨਾ ਹੁੰਦਾ ਹੈ ! ਭਾਵੇਂ ਇਹ ਦੋਸ਼ ਮਾਰਕਸਵਾਦੀ ਸਾਹਿਤਕਾਂ ਦੇ ਚਿੰਤਨ ਵਿਚ ਨਾ ਵੀ ਹੋਣ, ਪਰ ਸਭਾਵਾਂ ਰਾਹੀਂ ਮਾਰਕਸਵਾਦ ਨੂੰ ਮਕਬੂਲ ਕਰਨ ਦਾ ਇਹ ਨਤੀਜਾ ਨਿਕਲਿਆ ਹੈ ਕਿ ਸਾਧਾਰਣ ਲਿਖਾਰੀ, ਆਮ ਰੀਵੀਊਕਾਰ ਤੇ ਨਿੱਕੇ-ਮੋਟੇ ਆਲੋਚਕਾਂ ਦਾ ਸਾਹਿਤਕ ਮਾਰਕਸਵਾਦ ਬੜਾ ਸੌੜਾ ਹੈ। ਇਨ੍ਹਾਂ ਦੀ ਅਕਸਰ ਕੋਸ਼ਿਸ਼ ਰਹੀ ਹੈ ਕਿ ਕੀ ਲਿਖਿਆ ਜਾਵੇ ?' 'ਕੀ ਲਿਖਿਆ ਜਾਵੇ' ਬਹਿਸ ਰਾਹੀਂ ਸਮਝਾਇਆ ਜਾ ਸਕਦਾ ਹੈ। 'ਕੀ' ਦਾ ਮਤਲਬ ਹੈ ਕਿ ਲੋਕਾਂ ਲਈ ਸਾਹਿਤ ਲਿਖਿਆ ਜਾਵੇ, ਜਿਹੜਾ ਮਜ਼ਦੂਰ-ਕਿਸਾਨ ਦੀ ਹਾਮੀ ਭਰੇ ਤੇ ਸਮਾਜਵਾਦੀ ਇਨਕਲਾਬ ਲਈ ਹੱਲਾ ਸ਼ੇਰੀ ਦੇਵੇ। ਇਸ ਗੱਲ ਨੂੰ ਸਵੀਕਾਰ ਕਰ ਕੇ ਸਾਡੇ ਸਾਧਾਰਣ ਆਲੋਚਕ ਸਾਹਿਤ ਨੂੰ ਸ਼ਰੇਣੀ ਤਕ ਹੀ ਸੀਮਤ ਕਰ ਦਿੰਦੇ ਹਨ। ਪਹਿਲੀ ਗੱਲ ਤਾਂ ਇਹ ਕਿ ਸਮੁੱਚੇ ਤੌਰ 'ਤੇ ਸਾਨੂੰ ਆਪਣੀਆਂ ਸ਼ਰੇਣੀਆਂ ਦੀ ਤਿੱਖੀ ਚੇਤਨਤਾ ਅਤੇ ਨੇੜੇ ਦਾ ਅਨੁਭਵ ਨਹੀਂ ਹੈ। ਵਿਅਕਤੀਗਤ ਕਮਜ਼ੋਰੀਆਂ

ਤੋਂ ਇਲਾਵਾ ਇਹਦਾ ਮੂਲ ਕਾਰਣ ਸਾਡੇ ਸਮਾਜ ਵਿਚ ਸ਼ਰੇਣਿਕ ਵਖਰੇਵੇਂ ਸਨ (Differentiation) ਦੀ ਘਾਟ ਹੈ। ਸਾਡੇ ਮੁਲਕ ਵਿਚ ਸਠ ਮਤੀ ਮਜ਼ਦੂਰਾਂ ਦੀ ਸੰਖਿਆ ਦੋ ਫ਼ੀ ਸਦੀ ਨਾਲੋਂ ਘਟ ਹੈ, ਜਿਹੜੀ ਦਫ਼ਤਰੀ ਬਾਬੂਆਂ ਤੋਂ ਵੀ ਗਿਣਤੀ ਵਿਚ ਥੋਹੜੀ ਹੈ ਅਤੇ ਪੰਜਾਬ ਵਿਚ ਵੀ ਤਾਂ ਇਹ ਘਾਟ ਹੋਰ ਵੀ ਰੜਕਦੀ ਹੈ। ਦੂਸਰੇ, ਇਨਕਲਾਬੀ ਪਾਰਟੀਆਂ ਨੇ ਪੇਡੂ ਖੇਤ ਮਜ਼ਦੂਰਾਂ ਵਲ ਬਹੁਤ ਘਟ ਧਿਆਨ ਦਿੱਤਾ ਹੈ। ਇਕ ਬਹੁਤ ਜੁਝਾਰ ਇਨਕਲਾਬ ਪਾਰਟੀ ਦੇ ਪ੍ਰੋਗਰਾਮ ਵਿਚ ਤਾਂ ਸੂਚੀਦਰਜ ਜਾਤੀਆਂ ਦਾ ਤਾਂ ਜ਼ਿਕਰ ਤਕ ਵੀ ਨਹੀਂ। ਸੂਚੀਦਰਜ ਜਾਤੀਆਂ ਦੇ ਖੇਤ ਮਜ਼ਦੂਰਾਂ ਨੂੰ ਮੱਲੋਂਜ਼ੋਰੀ ਬੇਜ਼ਮੀਨੇ ਕਿਸਾਨ ਕਹਿ ਕੇ ਉਨ੍ਹਾਂ ਦੀ ਯਥਾਰਥਕ ਹੋਂਦ ਨੂੰ ਹੀ ਖ਼ਤਮ ਕਰ ਦਿੱਤਾ ਜਾਂਦਾ ਹੈ। ਸੂਚੀਦਰਜ਼ ਜਾਤੀਆਂ ਨੂੰ ਬੇਜ਼ਮੀਨੇ ਕਿਸਾਨ ਕਹਿਣ ਨਾਲ ਉਨ੍ਹਾਂ ਦਾ ਆਰਥਿਕ ਦਮਨ ਤੇ ਵਿਸ਼ੇਸ਼ ਜ਼ਾਤ (Caste) ਦੇ ਯਥਾਰਥ ਉਤੇ ਪਰਦਾਪੋਸ਼ੀ ਦਾ ਕੰਮ ਕਰਦਾ ਹੈ। ਮਾਰਕਸਵਾਦੀ ਸਾਹਿਤ-ਚਿਤਨ ਨੂੰ ਏਸ ਵਰਗ ਦੀ ਜ਼ਾਤ–ਸਥਿਤੀ ਵਲ ਵੀ ਧਿਆਨ ਦੇਣਾ ਪਏਗਾ। ਦੁੱਖ ਦੀ ਗੱਲ ਤਾਂ ਇਹ ਹੈ ਕਿ ਸਾਡੇ ਕੁਝ ਕੁ ਹਰੀਜਨ ਜਾਂ ਹੋਰ ਅਖੌਤੀ ਨੀਵੀਆਂ ਜ਼ਾਤਾਂ ਦੇ ਲਿਖਾਰੀ ਆਪਣੀ ਜ਼ਾਤ ਦੀ ਆਵਾਜ਼ ਹੋਣ ਦੀ ਥਾਂ ਕਿਸਾਨਾਂ ਵਾਂਗੂੰ ਲਿਖਣ ਬਹਿਣ ਤੇ ਬੋਲਣ ਲਗ ਜਾਂਦੇ ਹਨ।

ਜਿਵੇਂ ਪ੍ਰਗਤੀਵਾਦੀ ਲਿਖਾਰੀ ਸਭਾਵਾਂ ਨੇ 'ਕੀ' ਲਿਖਣ ਬਾਰੇ ਅਹਿਮ ਕੰਮ ਕੀਤੇ ਹਨ, ਓਥੇ 'ਕਿਵੇਂ' ਲਿਖਣ ਬਾਰੇ ਜ਼ਰੂਰੀ ਅਣਗਹਿਲੀ ਹੋ ਗਈ ਹੈ। 'ਕੀ' ਬਹਿਸ ਦਾ ਵਿਸ਼ਾ ਬਣ ਜਾਂਦਾ ਹੈ; ਪਰ 'ਕਿਵੇਂ' ਦੀ ਸਮੱਸਿਆ ਬਹਿਸ ਨਾਲ ਹੱਲ ਨਹੀਂ ਹੁੰਦੀ। ਕੁਝ ਹੱਦ ਤਕ ਮਾਰਕਸਵਾਦ ਦੀ ਤਰਕਵਾਦੀ (Rationalist) ਸ਼ੈਲੀ ਨੇ ਏਸੇ ਘਾਟੇ ਨੂੰ ਹੋਰ ਵੀ ਰੜਕਵਾਂ ਬਣਾ ਦਿੱਤਾ ਹੈ। ਸਾਡੇ ਸਿਆਸੀ ਸਾਹਿਤ ਵਿਚ ਬੌਧਿਕਤਾ ਸਿਆਸੀ ਚਿੰਤਨ ਜ਼ਰੂਰ ਹੋਣਾ ਚਾਹੀਦਾ ਹੈ। ਜਿਥੇ ਪ੍ਰਚਲਿਤ ਸਾਹਿਤ ਆਪਣਾ ਆਧਾਰ ਅਨੁਭਵ ਬਣਾਉਂਦਾ ਹੈ ਤੇ ਇਹੀ ਸਿਖਿਆ ਸਕੂਲਾਂ ਕਾਲਜਾਂ ਵਿਚ ਦਿੱਤੀ ਜਾਂਦੀ ਹੈ, ਓਥੇ ਮਾਰਕਸਵਾਦੀ ਅਲੋਚਨਾ ਇਸ ਗੱਲ ਉੱਤੇ ਜ਼ੋਰ ਨਹੀਂ ਦੇ ਸਕੀ ਕਿ ਪ੍ਰਗਤੀਵਾਦੀ ਸਾਹਿਤਕਾਰ ਲਈ ਅਨੁਭਵ ਦਾ ਆਧਾਰ ਕਾਫ਼ੀ ਨਹੀਂ ਹੈ। ਉਸ ਲਈ ਉਸ ਨੂੰ ਅਨੁਭਵ ਦੀ ਲੋੜ ਜ਼ਰੂਰ ਹੈ, ਪਰ ਇਸ ਅਨੁਭਵ ਵਿਚ ਉਹਨੇ ਬੌਧਿਕ ਚੇਤਨਤਾ ਨੂੰ ਨਜਿੱਠਣਾ ਕਿਸੇ ਨਵੇਂ ਤਕਨੀਕ ਦੀ ਮੰਗ ਕਰਦਾ ਹੈ। ਪ੍ਰਗਤੀਵਾਦੀ ਸਾਹਿਤ ਨਵੇਂ ਤਕਨੀਕ ਦਾ ਸਾਹਿਤ ਹੋਣਾ ਚਾਹੀਦਾ ਹੈ, ਜਿਹੜਾ ਪਰੰਪਰਾਗਤ ਸਕੂਲਾਂ ਵਿਚ ਲਿਖੇ-ਪੜ੍ਹੇ ਜਾਂਦੇ ਬੁਰਜਵਾ ਸਾਹਿਤ-ਆਧਾਰ ਉਤੇ ਸਬਰ ਨਹੀਂ ਕਰ ਸਕਦਾ। ਪ੍ਰਗਤੀਵਾਦੀ ਸਾਹਿਤ ਨਾਲੋਂ ਵਧ ਕੇ ਹੈ, ਇਸ ਤੋਂ ਘਟ ਨਹੀਂ। ਅਕਸਰ ਇਹ ਹੋਇਆ ਹੈ ਕਿ ਅਸੀਂ ਇਜੇਹੇ ਸਾਹਿਤ ਨੂੰ ਹੀ ਪ੍ਰਗਤੀਵਾਦੀ ਸਾਹਿਤ ਕਹਿਣ ਲਗ ਜਾਂਦੇ ਹਾਂ, ਜਿਹੜਾ ਹੁੰਦਾ ਤਾਂ ਮਾੜਾ ਬੁਰਜਵਾ ਸਾਹਿਤ ਹੈ, ਪਰ ਨਾਅਰੇਬਾਜ਼ੀ ਦੀ ਰੰਗਤ ਰਾਹੀਂ ਆਪਣੀ ਸਾਹਿਤਕ ਕਮਜ਼ੋਰੀ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ। ਪ੍ਰਗਤੀਵਾਦੀ ਸਾਹਿਤ ਤੇ ਬੁਰਜਵਾ ਸਾਹਿਤ ਇਕ ਨਹੀਂ, ਸਗੋਂ ਇਨ੍ਹਾਂ ਵਿਚ ਸਿਫ਼ਤੀ ਫ਼ਰਕ ਹੈ। ਬੁਰਜਵਾ ਸਾਹਿਤ ਨਾਲੋਂ ਸਿਫ਼ਤੀ ਤੌਰ ਉੱਤੇ ਅੱਗੇ ਸਾਹਿਤ ਨੂੰ ਨਵੇਂ ਤਕਨੀਕ ਦੀ ਲੋੜ ਹੈ। ਇਸ ਪਾਸੇ ਬਰੈਖ਼ਤ ਦੀਆਂ ਅਣਥੱਕ ਕੋਸ਼ਿਸ਼ਾਂ ਸਨ। ਸਾਨੂੰ ਵੀ ਕਵਿਤਾ, ਨਾਵਲ ਤੇ ਨਾਟਕ ਵਿਚ ਨਵੀਆਂ ਜੁਗਤਾਂ ਦੀ ਲੋੜ ਹੈ। ਇਨ੍ਹਾਂ ਜੁਗਤਾਂ ਦੀ ਕਾਢ ਪ੍ਰਗਤੀਵਾਦੀ ਲੇਖਕ ਵਿਅਕਤੀਗਤ ਰੂਪ ਵਿਚ ਤੇ ਘਰ ਬੈਠ ਕੇ ਹੀ ਕਰ ਸਕਦੇ ਹਨ, ਕਿਉਂਕਿ ਇਹ 'ਕਿਵੇਂ' ਦਾ ਮੁਆਮਲਾ ਹੈ, ਜਿਸ ਵਿਚ ਸਭਾਵਾਂ ਤੇ ਬਹਿਸਾਂ ਕੋਈ ਮਦਦ ਨਹੀਂ ਕਰ ਸਕਦੀਆਂ। ਜੁਗਤ ਦੇ ਪੱਖੋਂ ਅਵੇਸਲਾਪਨ ਪ੍ਰਗਤੀਵਾਦੀ ਸਾਹਿਤ ਦੀ ਮੁਖ ਕਮਜ਼ੋਰੀ ਰਹੀ ਹੈ।

ਮਾਰਕਸ ਚਾਰ ਕਿਸਮ ਦੇ ਬੇਗਾਨੇਪਨ (Alienation) ਦਾ ਜ਼ਿਕਰ ਕਰਦਾ ਹੈ : (1) ਕਿਰਤ ਕਾਮੇ ਦੀ ਦੁਸ਼ਮਣ ਹੋ ਜਾਂਦੀ ਹੈ (2) ਔਜ਼ਾਰ ਮਸ਼ੀਨਾਂ ਕਾਮੇ ਨੂੰ ਵੈਰੀ ਨਜ਼ਰ ਆਉਂਦੇ ਹਨ (3) ਹਾਲਾਂ ਕਿ ਲੋੜਾਂ ਦੀ ਪੂਰਤੀ ਮਨੁਖ ਦੀ ਸਾਂਝੀ ਕਿਰਤ ਰਾਹੀਂ ਪੂਰੀ ਹੋ ਸਕਦੀ ਹੈ,

ਪਰ ਬੇਗਾਨੇਪਨ ਦੇ ਕਾਰਣ ਕਾਮਾ ਕਾਮੇ ਦਾ ਤੇ ਮਨੁਖ ਮਨੁਖ ਦਾ ਵੈਰੀ ਹੋ ਜਾਂਦਾ ਹੈ (4) ਮਨੁਖ ਮਨੁਖੀ ਕਰਮਾਂ ਨੂੰ ਐਵੇਂ ਹੀ ਸਮਝਦਾ ਹੈ ਅਤੇ ਪਸ਼ੂ ਬਿਰਤੀਆਂ ਦੀ ਪੂਰਤੀ ਨੂੰ ਹੀ ਜ਼ਿੰਦਗੀ ਸਮਝਣ ਲਗ ਜਾਂਦਾ ਹੈ। — ਕੁਝ ਮਾਰਕਸੀ ਚਿੰਤਕ ਗੁਲਾਮ ਦੇਸ਼ਾਂ ਵਿਚ ਪੰਜਵੀਂ ਕਿਸਮ ਦੇ ਬੇਗਾਨੇਪਨ ਦਾ ਵੀ ਜ਼ਿਕਰ ਕਰਦੇ ਹਨ। ਇਹ ਬੇਗਾਨਾਪਨ ਬਸਤੀਵਾਦ ਦੇ ਪੀੜਤ ਲੋਕਾਂ ਦਾ ਆਪਣੀ ਪਰੰਪਰਾ ਨਾਲੋਂ ਟੁਟ ਜਾਣਾ ਹੈ। ਸਾਡਾ ਅਜੋਕਾ ਸਾਹਿਤ ਸਾਡੀ ਪੁਰਾਣੀ ਸਾਹਿਤਕ ਪਰੰਪਰਾ ਨਾਲੋਂ ਟੁਟਿਆ ਹੋਇਆ ਹੈ। ਇਹਦਾ ਫ਼ੌਰੀ ਨਤੀਜਾ ਇਹ ਹੈ ਕਿ ਸਾਨੂੰ ਆਪਣੇ ਪਰੰਪਰਿਕ ਸਾਹਿਤ ਤੇ ਉਹਦੀਆਂ ਭਾਂਤਾਂ ਦੀ ਪੂਰੀ ਤਰ੍ਹਾਂ ਸਮਝ ਨਹੀਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮੁਚੀ ਪੰਜਾਬੀ ਆਲੋਚਨਾ ਨੂੰ ਗੁਰਬਾਣੀ ਦੇ ਸ਼ਬਦ ਸੂਫ਼ੀ ਕਵਿਤਾ, ਕਿੱਸਾ, ਜਨਮ-ਸਾਖੀ, ਗੁਰਬਿਲਾਸ ਸਾਹਿਤਕ ਭਾਂਤਾਂ ਦੀ ਸਮਝ ਨਹੀਂ ਹੈ। ਇਹਦਾ ਅਸਰ ਇਹ ਹੈ ਕਿ ਪਰੰਪਰਿਕ ਸਾਹਿਤਕ ਰੂਪਾਂ ਦੀ ਬੇਸਮਝੀ ਸਾਡੀ ਪ੍ਰਗਤੀਵਾਦੀ ਰਚਨਾ ਤੇ ਆਲੋਚਕ ਉੱਤੇ ਵੀ ਮਾਰੂ ਅਸਰ ਪਾਉਂਦੀ ਹੈ। ਮਿਸਾਲ ਵਜੋਂ ਕਈ ਗੁਰਮੁਖ ਆਲੋਚਕ ਤਾਂ ਹੀਰ ਵਾਰਿਸ਼ ਸ਼ਾਹ ਨੂੰ ਨਾਟਕ ਵੀ ਕਹਿ ਦਿੰਦੇ ਹਨ। ਸ਼ਬਦ ਤੇ ਸੂਫ਼ੀ ਕਵਿਤਾ ਵਿਚ ਭਾਵ ਦੀ ਪਰਬਲਤਾ ਹੈ, ਜਿਹੜੀ ਸ਼ਕਤੀਸ਼ਾਲੀ ਮਨੁਖ ਦੀ ਨਿਰਮਾਤਾ ਹੁੰਦੀ ਹੈ। ਇਨ੍ਹਾਂ ਵਿਚ ਅਜੋਕੀ ਅੱਤਭਾਵੁਕਤਾ ਨਹੀਂ, ਜਿਹੜੀ ਬੰਦੇ ਨੂੰ ਕਰਮਹੀਨ ਕਰ ਦਿੰਦੀ ਹੈ। ਇਸੇ ਤਰ੍ਹਾਂ ਕਿਸੇ ਦੀ ਇਸਲਾਮੀ ਦਾਰਸ਼ਨਿਕ ਪਿਛੋਕੜ ਦੀ ਬੜੀ ਘਟ ਸਮਝ ਹੈ। ਸਾਡੇ ਸਾਹਮਣੇ ਜਨਮਸਾਖੀ ਰੂਪ ਇਸ ਗੱਲ ਦਾ ਪਰਤੱਖ ਸਬੂਤ ਹੈ ਕਿ ਦਰਸ਼ਨ ਨੂੰ ਸਾਹਿਤ ਵਿਚ ਨਿਭਾਉਣਾ ਕੋਈ ਮੁਸ਼ਕਿਲ ਗੱਲ ਨਹੀਂ, ਜੇ ਲਿਖਾਰੀ ਕੋਲ ਸਾਹਿਤਕ ਵਿਧੀ ਹੋਵੇ।

ਇਹ ਕਹਿਣਾ ਤਾਂ ਸ਼ਾਇਦ ਅੱਤਕਥਨੀ ਹੋਵੇ ਕਿ ਪੰਜਾਬੀ ਸਾਹਿਤ ਵਿਸ਼ਵ ਸਾਹਿਤ ਦੇ ਮੁਕਾਬਲੇ ਵਿਚ ਕਿਸੇ ਤੋਂ ਵੀ ਘਟ ਨਹੀਂ। ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਹਦੀ ਪ੍ਰਾਪਤੀ ਨਗੂਣੀ ਨਹੀਂ ਹੈ। ਸਾਨੂੰ ਆਪਣੇ ਪਰੰਪਰਿਕ ਸਾਹਿਤ ਦੀ ਬੇਸਮਝੀ ਕਾਰਣ ਇਹਦੇ ਨਗੂਣੇਪਨ ਦਾ ਭੁਲੇਖਾ ਪੈਂਦਾ ਹੈ। ਜੇ ਅਸੀਂ ਇਹਨੂੰ ਪੂਰੀ ਤਰ੍ਹਾਂ ਸਮਝਦੇ ਹੋਈਏ; ਤਾਂ ਸਾਡਾ ਆਪਨਾ ਸਾਹਿਤ ਹੀ ਸਾਡੇ ਲਈ ਪਰੇਰਣਾ ਸਾਹਸ ਅਤੇ ਨਵੇਂ ਉਦਮਾਂ ਦਾ ਸੋਮਾ ਬਣ ਸਕਦਾ ਹੈ। ਮੈਨੂੰ ਡਰ ਹੈ ਕਿ ਸਾਡਾ ਪਰੰਪਰਿਕ ਸਾਹਿਤ ਸਾਡੇ ਲਈ ਇਜੇਹੀ ਪਰੇਰਣਾ ਨਹੀਂ ਬਣ ਸਕਿਆ, ਜਿਹਦਾ ਹਾਨੀਕਾਰਕ ਅਸਰ ਸਾਡੀਆਂ ਰਚਨਾਵਾਂ ਉਤੇ ਪੈ ਰਿਹਾ ਹੈ।

ਨਵੇਂ ਪ੍ਰਗਤੀਵਾਦੀ ਸਾਹਿਤ ਲਈ ਕੁਝ ਇਸ਼ਾਰੇ ਵੀ ਕੀਤੇ ਜਾ ਸਕਦੇ ਹਨ। ਕਿਉਂਕਿ ਇਹ 'ਕਿਵੇਂ' ਦਾ ਮੁਆਮਲਾ ਹੈ। ਪਰ ਅਸੀਂ ਬੁਰਯਵਾ ਸਾਹਿਤ ਤੋਂ ਸਿਧਾਂਤਕ ਤੌਰ ਉਤੇ ਬੜੀ ਆਸਾਨੀ ਨਾਲ ਇਕ ਪਾਸੇ ਹੋ ਕੇ ਖੜ੍ਹ ਸਕਦੇ ਹਾਂ। ਅਸੀਂ ਬੁਰਯਵਾ ਸਾਹਿਤ ਦੇ 'ਅਨੁਭਵ' ਨਾਲ ਹੀ ਸਬਰ ਨਹੀਂ ਕਰ ਸਕਦੇ। ਪਹਿਲੀ ਗੱਲ ਤਾਂ ਇਹ ਕਿ ਸਾਡਾ ਅਨੁਭਵ ਯੂਰਪੀ ਜਾਂ ਅਮਰੀਕੀ ਅਨੁਭਵ ਨਹੀਂ, ਜਿਹਦੇ ਬਾਰੇ ਅਸੀਂ ਪੜ੍ਹਦੇ-ਸੁਣਦੇ ਰਹਿੰਦੇ ਹਾਂ ਜੇ ਅਸੀਂ ਆਪਣੇ ਅਨੁਭਵ ਵਿਚ ਪੱਛਮੀ ਅਨੁਭਵ ਦਾ ਮੁਹਾਂਦਰਾ ਲਭਦੇ ਰਹੇ, ਤਾਂ ਅਸੀਂ ਕਦੇ ਵੀ ਉਨ੍ਹਾਂ ਦੇ ਬਰਾਬਰ ਨਹੀਂ ਹੋ ਸਕਾਂਗੇ। ਸਾਡਾ ਆਪਣਾ ਭੁਖ ਦਾ, ਮਨੁਖੀ ਨਿਰਦਯਤਾ ਦਾ, ਦਫ਼ਤਰਸ਼ਾਹੀ ਬੇਪਰਵਾਹੀ ਦਾ ਅਤੇ ਸਿਆਸੀ ਢੀਠਤਾਈ ਦਾ ਅਨੁਭਵ ਹੈ। ਸ਼ਾਇਦ ਮਨੁਖੀ ਸੰਬੰਧਾਂ ਨਾਲੋਂ ਸਿਆਸੀ ਤੇ ਸਮਾਜੀ ਸੰਬੰਧ ਸਾਡੇ ਲਈ ਜ਼ਿਆਦਾ ਮਹੱਤਵਪੂਰਨ ਹਨ। ਇਸ ਕਰਕੇ ਅਸੀਂ ਪੱਛਮ ਵਾਂਗੂੰ ਮਨੁਖੀ ਰਿਸ਼ਤਿਆਂ ਦਾ ਸਾਹਿਤ ਨਹੀਂ ਕਰ ਸਕਦੇ। ਸਗੋਂ ਸਿਆਸੀ ਰਿਸ਼ਤਿਆਂ ਦੇ ਸਾਹਿਤ ਦੀ ਲੋੜ ਹੈ।

ਭਾਵੇਂ ਅਨੁਭਵ ਨਿੱਜੀ ਪ੍ਰਤੀਤ ਹੁੰਦਾ ਹੈ; ਪਰ ਅਸਲੀਅਤ ਇਹ ਹੈ ਕਿ ਇਹ ਸਮਾਜੀ ਹੁੰਦਾ ਹੈ। ਪ੍ਰਗਤੀਵਾਦੀ ਲਿਖਾਰੀ ਨੂੰ ਆਪਣਾ ਅਨੁਭਵ ਉਲੀਕਣ ਤੋਂ ਪਹਿਲਾਂ ਇਹ ਸਮਝਣਾ ਪਵੇਗਾ ਕਿ ਉਹਦਾ ਉਲੀਕਣਯੋਗ ਅਨੁਭਵ ਕਿਵੇਂ ਪੈਦਾ ਹੋਇਆ। ਉਹਨੂੰ ਆਪਣੇ ਅਨੁਭਵ ਦਾ ਵਿਸ਼ਲੇਸ਼ਣ ਕਰਨਾ ਪਏਗਾ ਅਤੇ ਏਸ ਵਿਸ਼ਲੇਸ਼ਣ ਰਾਹੀਂ ਕਰਾਂਤੀਕਾਰੀ ਲਿਖਾਰੀ ਇਹ ਦੇਖੇਗਾ ਕਿ ਸਾਡੇ ਅਨੁਭਵ ਦੇ ਉਹ ਕਿਹੜੇ ਅੰਸ਼ ਹਨ, ਜਿਹੜੇ ਸਾਨੂੰ ਏਸ ਪ੍ਰਬੰਧ ਤੋਂ ਅਸੰਤੁਸ਼ਟ ਤੇ ਨਵੇਂ ਸਮਾਜ ਲਈ ਕਿਰਿਆਸ਼ੀਲ ਬਣਾਉਣ ਦੇ ਯੋਗ ਹਨ। ਜਿਥੇ ਬੁਰਯਵਾ ਸਾਹਿਤ ਕੇਵਲ ਅਨੁਭਵ ਉਤੇ ਖੜਾ ਹੈ, ਪ੍ਰਗਤੀਵਾਦੀ ਸਾਹਿਤ ਨੂੰ ਅਨੁਭਵ ਦੇ ਮੂਲ ਵਿਸ਼ਲੇਣ ਤੇ ਪਰਖ ਵਿਚ ਜਾਣਾ ਪਏਗਾ ਨਵੀਂ ਲੋੜ ਲਈ ਇਹ ਵਾਰ ਵਾਰ ਕਹਿਣ ਦੀ ਜ਼ਰੂਰਤ ਪੈਂਦੀ ਹੈ — ਨਵੀਂ ਜੁਗਤ ਦੀ ਜਰੂਰਤ ਹੈ।

ਇਸੇ ਤਰ੍ਹਾਂ ਭਾਵੇਂ ਸਾਹਿਤ ਸਮੁਚੇ ਮਨੁਖ ਨੂੰ ਚਿਤਰਦਾ ਹੈ, ਤਾਂ ਸਾਨੂੰ ਪਤਾ ਹੋਣਾ ਚਾਹੀਦਾ

ਹੈ ਕਿ ਇਹ ਮਨੁਖ ਪੱਛਮ ਵਾਲਾ ਮਨੁਖ ਨਹੀਂ; ਸਗੋਂ ਭੁਖਾ, ਅਪਮਾਨਿਤ ਅਤੇ ਸਿਆਸੀ ਮਾਹੌਲ ਦੀ ਕਠਪੁਤਲੀ ਹੈ। ਸਾਡੇ ਦੇਸ਼ ਦੀ ਸਥਿਤੀ ਦਾ ਇਹ ਵਿਅੰਗ ਹੈ ਕਿ ਯਥਾਰਥ ਵਿਚ ਮਨਖ ਪਸ਼ੂ ਤੋਂ ਵੀ ਨਿਘਰਿਆ ਹੋਇਆ ਹੈ, ਪਰ ਸੰਭਾਵਨਾ ਦੇ ਪੱਖ ਤੋਂ ਉਹ ਕਰਾਂਤੀਕਾਰੀ ਕਰਮਸ਼ੀਲਤਾ ਕਾਰਣ ਸਮਾਜਵਾਦ ਦਾ ਪੈਗੰਬਰ ਵੀ ਹੈ। ਅਸੀਂ ਮਨੁਖ ਨੂੰ ਯੂਰਪੀ ਮਾਨਵਵਾਦੀ ਸਿਫ਼ਤ-ਸਲਾਹ ਦਾ ਪਾਤਰ ਨਹੀਂ ਮੰਨ ਸਕਦੇ, ਸਗੋਂ ਸਾਡੇ ਵਿਚ ਤਾਂ ਨਿਗੂਣੀ ਜਿਹੀ ਮਾਨਵਤਾ ਵੀ ਕਰਾਂਤੀਕਾਰੀ ਉਦਮ ਨਾਲ ਹੀ ਪੈਦਾ ਹੁੰਦੀ ਹੈ। ਨਵਬਸਤੀਵਾਦ ਦੇ ਸ਼ਕੰਜੇ ਵਿਚ ਆਏ ਦੇਸ਼ਾਂ ਦਾ ਤਾਂ ਇਹ ਹਾਲ ਹੈ ਕਿ ਉਨ੍ਹਾਂ ਦੇ ਲੋਕਾਂ ਦੀ ਮਾਨਵਤਾ ਕੇਵਲ ਇਨਕਲਾਬ ਵਿਚ ਹੀ ਹੈ।

ਨਵੇਂ ਪ੍ਰਗਤੀਵਾਦੀ ਸਾਹਿਤ ਦੀ ਜੁਗਤ ਲਈ ਸਾਹਸ ਤਾਂ ਨਿੱਜੀ ਹੀ ਹੋਵੇਗਾ, ਪਰ ਉਹਦੇ ਹੰਭਲੇ ਲਈ ਚਿੰਤਨ ਦੀ ਸਮਰੱਥਾ ਲੋਕ ਲਹਿਰ ਦੀ ਹਮਾਇਤ ਤੇ ਸਿਆਸੀ ਸਪਸ਼ਟਤਾ ਦੀ ਲੋੜ ਹੈ। ਨਵੇਂ ਪ੍ਰਗਤੀਵਾਦੀ ਸਾਹਿਤ ਲਈ ਸਾਜ਼ਗਾਰ ਹਾਲਾਤ ਪੈਦਾ ਕਰਨਾ ਸਾਰੇ ਜੜਵਰਤੀ (ਰੈਡੀਕਲ) ਵਿਅਕਤੀਆਂ ਤੇ ਵਾਮ ਪੱਖੀ ਸੰਸਥਾਵਾਂ ਦਾ ਸਾਂਝਾ ਫ਼ਰਜ਼ ਹੈ।

## ☐ ਪ੍ਰੀਤਮ ਸਿੰਘ

ਜੇ ਅਸੀਂ ਪੰਜਾਬ ਵਿਚ ਮਾਰਕਸਵਾਦ ਤੋਂ ਪ੍ਰਭਾਵਿਤ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਤਬਦੀਲੀਆਂ ਉਪਰ ਨਿਗਾਹ ਮਾਰੀਏ, ਤਾਂ ਦੋ ਪੱਖ ਬੜੇ ਉੱਭਰ ਕੇ ਸਾਹਮਣੇ ਆਉਂਦੇ ਹਨ : (1) ਰਾਜਨੀਤਕ ਤੌਰ 'ਤੇ ਉੱਤਰੀ ਭਾਰਤ ਦੇ ਸਭ ਇਲਾਕਿਆਂ ਵਿਚੋਂ ਪੰਜਾਬ ਵਿਚ ਮਾਰਕਸਵਾਦ ਦਾ ਪ੍ਰਭਾਵ ਜ਼ਿਆਦਾ ਹੈ। ਇਸ ਪ੍ਰਭਾਵ ਦਾ ਇਤਿਹਾਸਕ ਪਿਛੋਕੜ ਵੀ ਹੈ ਤੇ ਕੁਝ ਸਮਾਜਿਕ ਡੂੰਘਾਈ ਵੀ। ਇਸ ਦੇ ਮੁਕਾਬਲੇ ਪੰਜਾਬ ਦੇ ਗਆਂਢੀ ਖੇਤਰਾਂ ਵਿਚ ਮਾਰਕਸਵਾਦ ਦਾ ਅਸਰ ਨਵਾਂ ਨਵਾਂ ਤੇ ਪੇਤਲਾ ਹੈ। (2) ਬੌਧਿਕ ਤੌਰ 'ਤੇ – ਜਿਸ ਤੋਂ ਮੇਰਾ ਭਾਵ ਮਾਰਕਸਵਾਦ ਦੇ ਸਮੁੱਚੇ ਸਿਧਾਂਤਕ ਢਾਂਚੇ ਤੋਂ ਹੈ — ਮਾਰਕਸਵਾਦ ਪੰਜਾਬ ਵਿਚ ਬਹੁਤ ਪਛੜਿਆ ਹੈ।[1] ਕਿਸੇ ਸਮਾਜ ਵਿਚ ਕਿਸੇ ਵਿਚਾਰਧਾਰਾ ਦੇ ਬੌਧਿਕ ਤੌਰ ਤੇ ਪਛੜੇ ਹੋਣ ਦਾ ਚਿੰਨ੍ਹ ਹੈ — ਉਸ ਵਿਚਾਰਧਾਰਾ ਦੇ ਤਰਕ ਤੋਂ ਉਸ ਸਮਾਜ ਉਪਰ ਚਿੰਤਨ ਦੀ ਅਣਹੋਂਦ ਜਾਂ ਪੇਤਲਾਪਣ। ਪੰਜਾਬੀ ਸਮਾਜ ਬਾਰੇ ਬਣੀ ਸੋਚਣੀ ਵਿਚ ਮਾਰਕਸਵਾਦੀ ਸੋਚ ਦਾ ਰੋਲ ਨਾ ਹੋਣ ਦੇ ਬਰਾਬਰ ਹੈ। ਪੰਜਾਬ ਦਾ ਸਭਿਆਚਾਰਕ ਅਤੇ ਇਤਿਹਾਸਕ ਵਿਰਸਾ ਕੀ ਹੈ ਅਤੇ ਇਸ ਦਾ ਵਿਕਾਸ ਕਿਵੇਂ ਹੋਇਆ ? ਪੰਜਾਬ ਖੇਤੀਬਾੜੀ ਤੋਂ ਸਨਅਤੀਕਰਨ ਤੇ ਪੇਂਡੂ ਤੋਂ ਸ਼ਹਿਰੀ ਜੀਵਨ ਵਲ ਤਬਦੀਲੀ ਦਾ ਕੀ ਰੂਪ ਹੈ ? ਕਿਹੜੀਆਂ ਨਵੀਆਂ ਜ਼ਮਾਤਾਂ ਉਭਰ ਰਹੀਆਂ ਹਨ ਅਤੇ ਉਹਨਾਂ ਦਾ ਰਾਜਨੀਤਕ ਰੂਪ ਕੀ ਹੈ ? ਪੰਜਾਬ ਵਿਚ ਉਭਰ ਰਹੀ ਸ਼ਹਿਰੀ ਸਨਅਤੀ ਅਤੇ ਪੇਂਡੂ ਮਜ਼ਦੂਰ ਜਮਾਤ ਦੀ ਬਣਤਰ ਅਤੇ ਚੇਤਨਾ ਸਰੂਪ ਕੀ ਹੈ ? ਨਵੀਆਂ ਆਰਥਿਕ-ਸਮਾਜਿਕ ਤਬਦੀਲੀਆਂ ਦਾ ਜਾਤੀ-ਢਾਂਚੇ, ਜਾਤੀ ਅਤੇ ਧਾਰਮਿਕ ਸੋਚਣੀ ਉਪਰ ਕੀ ਅਸਰ ਪੈ ਰਿਹਾ ਹੈ ? ਇਨ੍ਹਾਂ ਸਵਾਲਾਂ ਬਾਰੇ ਮਾਰਕਸਵਾਦੀ ਤਰਕ ਤੋਂ ਕੀਤਾ ਅਧਿਅਨ ਲਗਭਗ ਨਾ ਹੋਣ ਦੇ ਬਰਾਬਰ ਹੈ। ਇਥੋਂ ਤਕ ਕਿ ਆਪਣੇ ਆਪ ਨੂੰ ਮਾਰਕਸਵਾਦੀ ਕਹਿਣ ਵਾਲੇ ਲੋਕਾਂ ਦੇ ਵਿਚਾਰ ਵੀ ਇਹਨਾਂ ਸਵਾਲਾਂ ਬਾਰੇ ਮਾਰਕਸਵਾਦੀ ਢੰਗ ਨਾਲ ਕੀਤੀ ਸੋਚ ਉਪਰ ਆਧਾਰਿਤ ਨਹੀਂ ਹੁੰਦੇ। ਮਾਰਕਸਵਾਦੀ ਵਿਚਾਰਧਾਰਾ ਦਾ ਇਸ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕਾਂ ਦੀ ਸੋਚ-ਵਿਧੀ ਵਿਚ ਵੀ ਅੰਦਰੂਨੀਕਰਣ (Internalisation) ਨਹੀਂ ਹੋਇਆ। ਇੰਜ ਮਾਰਕਸਵਾਦੀ ਵਿਚਾਰਧਾਰਾ ਸਤਹਿ ਉਪਰ ਰਹਿੰਦੀ ਹੈ ਅਤੇ ਇਸੇ ਕਰਕੇ ਪਛੜਣੇਵੇਂ ਵਿਚ ਪ੍ਰਗਟ ਹੁੰਦੀ ਹੈ।

ਇਹ ਵਿਰੋਧਾਭਾਸ (Paradox) ਕਿਵੇਂ ਪੈਦਾ ਹੋਇਆ ਕਿ ਕੋਈ ਵਿਚਾਰਧਾਰਾ ਰਾਜਨੀਤਕ ਤੌਰ ਤੇ ਤਾਂ ਪ੍ਰਭਾਵਸ਼ਾਲੀ ਹੋਵੇ, ਪਰ ਬੌਧਿਕ ਤੌਰ 'ਤੇ ਪੇਤਲੀ ਤੇ ਪਛੜੀ ਹੋਈ। ਇਹ ਸਵਾਲ ਸਿਰਫ਼ ਪੰਜਾਬ ਵਿਚ ਮਾਰਕਸਵਾਦ ਬਾਰੇ ਹੀ ਨਹੀਂ, ਸਗੋਂ ਸਾਰੇ ਪੱਛੜੇ ਦੇਸ਼ਾਂ ਵਿਚ ਮਾਰਕਸਵਾਦ ਬਾਰੇ ਉਠਦਾ ਹੈ। ਇਸ ਦਾ ਜਵਾਬ ਅਤੇ ਇਸ ਸਮੱਸਿਆ ਦਾ ਹੱਲ ਅਸੀਂ ਮਾਰਕਸਵਾਦ ਦੇ ਇਤਿਹਾਸਕ ਵਿਕਾਸ ਨੂੰ ਧਿਆਨ ਵਿਚ ਰਖ ਕੇ ਹੀ ਕਰ ਸਕਦੇ ਹਾਂ। ਮਾਰਕਸਵਾਦ ਵਿਗਿਆਨਕ ਰੂਪ ਵਿਚ ਆਧੁਨਿਕ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਹੈ। ਮਾਰਕਸਵਾਦ ਜੋ 1844 ਅਤੇ 1848 ਤਕ ਪੂੰਜੀਵਾਦ ਦੀ ਸਿਰਫ਼ ਦਾਰਸ਼ਨਿਕ ਤੇ ਰਾਜਨੀਤਿਕ ਆਲਚਨਾ ਹੀ ਸੀ। ਮਾਰਕਸ ਦੀ ਪੂੰਜੀ ਛਪਣ ਨਾਲ ਸਾਇੰਸ ਬਣ ਗਈ ਹੈ। ਪੂੰਜੀ ਵਿਚ ਮਾਰਕਸ ਨੇ ਤੱਥਾਂ ਦੇ ਆਧਾਰ ਉਪਰ ਦਿਖਾਇਆ ਕਿ ਪੂੰਜੀਵਾਦ ਦੇ ਆਪਣੇ ਵਿਕਾਸ ਨਾਲ ਪੈਦਾਵਾਰ ਦਾ

[1]ਇਸ ਪੱਛੜੇਵੇਂ ਦੇ ਕੁਝ ਰੂਪਾਂ ਦੀ ਚਰਚਾ ਮੈਂ ਆਪਣੇ ਲੇਖ 'ਪੰਜਾਬੀ ਸਾਹਿਤਕ ਪੈਦਾਵਾਰ ਦਾ ਪੱਛੜੇਵਾਂ — ਮਾਰਕਸਵਾਦੀ ਦ੍ਰਿਸ਼ਟੀਕੋਣ' 'ਸਰਦਲ' (ਜੁਲਾਈ, 1974) ਵਿਚ ਕੀਤੀ ਸੀ।

ਢਾਂਚਾ ਹੋਰ ਅਤੇ ਹੋਰ ਸਮਾਜੀ (Socialise) ਹੁੰਦਾ ਜਾਂਦਾ ਹੈ। ਸਮਾਜਵਾਦ ਇਸ ਕਰਕੇ ਸਿਰਫ਼ ਖ਼ਾਹਸ਼ ਹੀ ਨਹੀਂ ਰਹਿ ਗਈ, ਪੂੰਜੀਵਾਦ ਦਾ ਆਪਣਾ ਵਿਕਾਸ ਵੀ ਉਧਰ ਨੂੰ ਜਾਂਦਾ ਹੈ। ਸਮਾਜ ਦੇ ਸਮੂਹਿਕ ਵਿਕਾਸ ਲਈ, ਇਸ ਲਈ, ਜ਼ਰੂਰੀ ਹੈ ਕਿ ਮਾਨਵਤਾ ਜਲਦੀ ਤੋਂ ਜਲਦੀ ਆਪਣੀ ਅਗਲੀ ਮੰਜ਼ਲ ਸਮਾਜਵਾਦ ਤੱਕ ਪਹੁੰਚੇ। ਪੂੰਜੀਵਾਦ ਦੀ ਸਭ ਤੋਂ ਲੁੱਟੀ-ਪੁੱਟੀ ਮਜ਼ਦੂਰ ਜਮਾਤ ਦਾ ਆਪਣਾ ਜਮਾਤੀ ਹਿੱਤ ਸਮੂਹਿਕ ਹਿੱਤ ਨਾਲ ਮਿਲ ਜਾਂਦਾ ਹੈ ਕਿ ਪੂੰਜੀਵਾਦ ਨੂੰ ਉਲਟਾ ਕੇ ਸਮਾਜਵਾਦ ਉਸਾਰਿਆ ਜਾਏ। ਮਾਰਕਸ ਦੀ ਪੂੰਜੀ ਤੋਂ ਬਿਨਾਂ ਮਾਰਕਸ ਅਤੇ ਏਂਗਲਜ਼ ਦੇ ਵਿਚਾਰ ਵੀ ਪਹਿਲੇ ਯੂਟੋਪੀਆਈ ਸਮਾਜਵਾਦੀਆਂ ਵਰਗੇ ਹੀ ਰਹਿਣੇ ਸਨ। ਮਾਰਕਸਵਾਦ ਦੀ ਸਾਇੰਸ ਸਿਰਫ਼ ਸਨਅਤੀ ਪੈਦਾਵਾਰ ਦੇ ਯੁਗ ਵਿਚ ਹੀ ਪੈਦਾ ਹੋ ਸਕਦੀ ਸੀ। ਸਨਅਤੀ ਪੈਦਾਵਾਰ — ਜੋ ਮਨੁੱਖ ਦੀ ਕੁਦਰਤ ਉਪਰ ਜਿੱਤ ਦਾ ਵਿਕਸਤ ਰੂਪ ਹੈ — ਦੀਆਂ ਲੋੜਾਂ ਸਾਇੰਸ – ਭੌਤਿਕ ਤੇ ਰਸਾਇਣ. ਵਿਗਿਆਨ ਅਤੇ ਇਹਨਾਂ ਦੇ ਵਿਹਾਰਕ ਰੂਪ – ਦੇ ਵਿਕਾਸ ਲਈ ਜ਼ਰੂਰੀ ਹਨ। ਅਜਿਹੇ ਸਮਾਜਿਕ ਵਾਤਾਵਰਣ ਵਿਚ ਮਨੁੱਖ ਦੀ ਸੋਚ ਵਿਗਿਆਨਕ ਰੂਪ ਧਾਰਣ ਕਰਨ ਲਗਦੀ ਹੈ। ਖੇਤੀ-ਪ੍ਰਧਾਨ ਦੇਸ਼ਾਂ ਵਿਚ ਸਾਇੰਸ ਦਾ ਪਛੜੇਵਾਂ ਮਨੁੱਖਾਂ ਦੀ ਪੱਛੜੀ ਹੋਈ ਵਿਗਿਆਨਕ ਸੋਚਣੀ ਵਿਚ ਪ੍ਰਗਟ ਹੁੰਦਾ ਹੈ। "ਪੰਜਾਬ ਅਤੇ ਖੇਤੀ-ਪ੍ਰਧਾਨ ਦੇਸ਼ਾਂ ਵਿਚ ਮਾਰਕਸਵਾਦ ਦੇ ਬੌਧਿਕ ਤੌਰ ਤੇ ਪਛੜੇਵੇਂ ਨੂੰ ਵਿਗਿਆਨ ਦੇ ਸਮੂਹਿਕ ਤੌਰ 'ਤੇ ਪਛੜੇਵੇਂ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ।" ਏਸ਼ੀਆ, ਅਫਰੀਕਾ ਅਤੇ ਕੁਝ ਹੱਦ ਤਕ ਲਾਤੀਨੀ ਅਮਰੀਕਾ ਦਾ ਬੌਧਿਕ ਤੌਰ 'ਤੇ ਪਛੜਿਆ ਮਾਰਕਸਵਾਦ ਇਹਨਾਂ ਮਹਾਂਦੀਪਾਂ ਵਿਚ ਸਨਅਤੀਕਰਨ ਦੇ ਪਛੜੇਵੇਂ ਤੇ ਸਾਇੰਸ ਦੇ ਪਛੜੇਵੇਂ ਦਾ ਹੀ ਨਤੀਜ਼ਾ ਹੈ।

ਮਾਰਕਸਵਾਦ ਜਦ ਰਾਜਨੀਤਿਕ ਵਿਚਾਰਧਾਰਾ ਦੇ ਤੌਰ 'ਤੇ ਫੈਲਣ ਲੱਗਾ, ਤਾਂ ਇਹਦਾ ਫੈਲਾਅ ਯੌਰਪ ਤੋਂ ਅਮਰੀਕਾ ਅਤੇ ਸਨਅਤੀ ਤੌਰ 'ਤੇ ਪਛੜੇ ਹੋਏ ਦੇਸ਼ਾਂ ਵਲ ਹੋਣਾ ਸ਼ੁਰੂ ਹੋਇਆ। ਪਹਿਲੀ ਇੰਟਰਨੈਸ਼ਨਲ ਮੁੱਖ ਤੌਰ 'ਤੇ ਪੱਛਮੀ ਤੇ ਕੇਂਦਰੀ ਯੌਰਪ ਤਕ ਹੀ ਸੀਮਿਤ ਸੀ। ਦੂਜੀ ਇੰਟਰਨੈਸ਼ਨਲ ਦਾ ਫੈਲਾਅ ਸਾਰੇ ਯੌਰਪ ਵਿਚ ਅਤੇ ਅਮਰੀਕਾ ਵਿਚ ਰਹਿੰਦੇ ਯੌਰਪੀਨਾਂ ਵਿਚ ਸੀ। ਪੱਛੜੇ ਹੋਏ ਦੇਸ਼ਾਂ ਵਿਚੋਂ ਸਿਰਫ਼ ਅਰਜਨਟੀਨਾਂ ਦੀ ਛੋਟੀ ਜਿਹੀ ਸੋਸ਼-ਲਿਸਟ ਪਾਰਟੀ ਆਪਣਾ ਨੁਮਾਇੰਦਾ ਭੇਜਦੀ ਰਹੀ। ਸਿਰਫ ਤੀਜੀ ਇੰਟਰਨੈਸ਼ਨਲ ਦੌਰਾਨ ਮਾਰਕਸਵਾਦ ਦਾ ਅਸਰ ਪੱਛੜੇ ਹੋਏ ਦੇਸ਼ਾਂ ਵਿਚ ਹੋਣਾ ਸ਼ੁਰੂ ਹੋਇਆ। ਸਮਾਜਵਾਦੀ ਵਿਚਾਰਧਾਰਾ ਜੋ ਯੌਰਪ ਵਿਚ ਆਪਣੀਆਂ ਸਮਾਜਿਕ-ਆਰਥਿਕ ਹਾਲਤਾਂ ਵਿਚੋਂ ਕੁਦਰਤੀ ਤੌਰ 'ਤੇ ਆਪਣੇ-ਆਪ ਪੈਦਾ ਹੋਈ ਸੀ, ਪੱਛੜੇ ਦੇਸ਼ਾਂ ਵਿਚ ਇਹ ਵਿਚਾਰਧਾਰਾ ਇਹਨਾਂ ਦੇਸ਼ਾਂ ਦੇ ਸਿਰਫ਼ ਕੁਝ ਕੁ ਬੁੱਧੀਜੀਵੀਆਂ ਦੇ ਪੱਛਮੀ ਸਭਿਅਤਾ ਨਾਲ ਮੇਲ-ਜੋਲ ਵਿਚੋਂ ਪਨਪੀ। ਪਰ ਪੱਛੜੇ ਦੇਸ਼ਾਂ ਵਿਚ ਮਾਰਕਸਵਾਦ ਦਾ ਇਹ ਇਤਿਹਾਸਿਕ ਦੁਖਾਂਤ ਹੈ ਕਿ ਇਸ ਦਾ ਜਨਮ ਇਥੇ ਉਸ ਪੜਾਅ ਵਿਚ ਹੋਇਆ, ਜਦੋਂ ਸੰਸਾਰ ਕਮਿਊਨਿਸਟ ਲਹਿਰ ਵਿਚ ਸਟਾਲਿਨਵਾਦ ਚੜ੍ਹਾਈਆਂ ਵਿਚ ਸੀ। ਸਟਾਲਿਨਵਾਦ ਇਨਕਲਾਬੀ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਨਹੀਂ ਹੈ, ਇਹ ਆਪਣੇ ਸੌੜੇ ਰਾਜਨੀਤਿਕ ਹਿੱਤਾਂ ਦੀ ਰਾਖੀ ਕਰਨ ਵਾਲੀ ਰਾਜ-ਨੌਕਰਸ਼ਾਹੀ ਦੀ ਵਿਚਾਰਧਾਰਾ ਹੈ। ਤੀਜੇ ਦਹਾਕੇ ਵਿਚ ਰੂਸ ਵਿਚ ਤਾਕਤ ਫੜ ਰਹੀ ਇਸ ਨੌਕਰਸ਼ਾਹੀ ਨੇ ਮਾਰਕਸਵਾਦ ਨੂੰ ਆਪਣੀ ਰਖੇਲ ਦੇ ਤੌਰ 'ਤੇ ਵਰਤਿਆ — ਮਜ਼ਦੂਰ ਜਮਾਤ ਦੀਆਂ ਇਨਕਲਾਬੀ ਲਹਿਰਾਂ ਨੂੰ ਸਿਧਾਂਤਕ ਅਗਵਾਈ ਦੇਣ ਲਈ ਨਹੀਂ, ਸਗੋਂ ਆਪਣੇ ਸੌੜੇ ਰਾਜਦੂਤਕ ਹਿੱਤਾਂ ਲਈ। ਇਹਨਾਂ ਹਾਲਤਾਂ ਵਿਚ ਪੱਛੜੇ ਦੇਸ਼ਾਂ ਵਿਚ ਇਨਕਲਾਬੀ ਮਾਰਕਸਵਾਦ ਨਹੀਂ ਸਗੋਂ ਇਸ ਦਾ ਭੱਦਾ ਰੂਪ — ਸਟਾਲਿਨਵਾਦ ਆਇਆ।

ਪਹਿਲੀ ਸੰਸਾਰ ਜੰਗ ਤੇ ਦੂਜੀ ਸੰਸਾਰ ਜੰਗ ਦੌਰਾਨ ਯੌਰਪ ਦੇ ਕਈ ਦੇਸ਼ਾਂ ਵਿਚ ਇਨਕਲਾਬੀ ਲਹਿਰ ਉਠੀ, ਪਰ ਕੁਚਲੀ ਗਈ। ਇਹਨਾਂ ਇਨਕਲਾਬੀ ਲਹਿਰਾਂ ਨੂੰ ਉਲਟ ਇਨਕਲਾਬੀ ਲਹਿਰਾਂ ਵਿਚ ਬਦਲਣ ਵਿਚ ਸਟਾਲਿਨਵਾਦ ਦਾ ਰੋਲ ਉਸ ਨਾਲੋਂ ਕਈ ਗੁਣਾਂ ਜ਼ਿਆਦਾ ਹੈ ਜਿੰਨਾ ਕਿ ਆਮ ਸਮਝਿਆ ਜਾਂਦਾ ਹੈ। ਸਟਾਲਿਨਵਾਦ ਨੇ ਇਨਕਲਾਬੀ ਮਾਰਕਸ-ਵਾਦ ਅਤੇ ਸੰਸਾਰ ਮਜ਼ਦੂਰ ਲਹਿਰ ਨੂੰ ਜਿੰਨੀ ਠੱਲ੍ਹ ਪਾਈ ਹੈ, ਉਸ ਦਾ ਜਾਇਜ਼ਾ ਹਾਲਾਂ ਵੀ ਪੂਰੀ ਤਰ੍ਹਾਂ ਨਹੀਂ ਲਿਆ ਗਿਆ। ਦੂਜੀ ਸੰਸਾਰ ਜੰਗ ਤੋਂ ਬਾਅਦ ਪੂੰਜੀਵਾਦ ਦੇ ਵਿਕਾਸ ਨਾਲ ਯੌਰਪੀਨੀ ਮਜ਼ਦੂਰ ਲਹਿਰ ਵਿਚ ਸੁਧਾਰਵਾਦ ਦਾ ਪ੍ਰਭਾਵ ਵਧ ਗਿਆ। ਰੂਸ ਵਿਚ 1935-39 ਵਿਚ ਹੋਏ ਸਟਾਲਿਨਵਾਦੀ ਕਤਲੇਆਮ ਨੇ ਯੌਰਪੀ ਮਜ਼ਦੂਰ ਜਮਾਤ ਨੂੰ ਸੁਧਾਰਵਾਦ ਵਲ ਹੋਰ ਵੀ ਧੱਕ ਦਿਤਾ। ਇਸੇ ਸਮੇਂ ਨੌਆਬਾਦੀਆ ਵਿਚ ਉਭਰ ਰਹੀ ਕੌਮੀ ਆਜ਼ਾਦੀ ਦੀਆਂ ਲਹਿਰਾਂ ਨੂੰ ਮਾਰਕਸਵਾਦ ਵਿਚ ਮਾਰਗ-ਦਰਸ਼ਕ ਵਿਗਿਆਨਕ ਵਿਚਾਰਧਾਰਾ ਮਿਲੀ। ਇਹਨਾਂ ਦੇਸ਼ਾਂ ਵਿਚ ਸਨਅਤੀਕਰਣ ਦੇ ਪੱਛੜੇ ਹੋਣ ਕਰਕੇ ਇਹਨਾਂ ਲਹਿਰਾਂ ਦਾ ਨਾ ਤਾਂ ਸਮਾਜਿਕ ਆਧਾਰ ਮਜ਼ਦੂਰ ਜਮਾਤ ਸੀ ਅਤੇ ਨਾ ਹੀ ਆਦੇਸ ਸਮਾਜਵਾਦ। ਇਹ ਲਹਿਰਾਂ ਮਾਰਕਸਵਾਦ

ਦੇ ਅਸਰ ਥੱਲੇ ਤਿੱਖੀਆਂ ਤਾਂ ਜ਼ਰੂਰ ਹੋਈਆਂ, ਪਰ ਸਮਾਜਵਾਦੀ ਲਹਿਰਾਂ ਨਾ ਬਣ ਸਕੀਆਂ।
ਅਜਿਹੀਆਂ ਲਹਿਰਾਂ ਵਿਚ ਮਾਰਕਸਵਾਦ (Populism) ਦੇ ਰੂਪ ਵਿਚ ਉਭਰਿਆ ਤੇ
ਸਾਹਮਣੇ ਆਇਆ। ਇਹ ਬਹੁਤ ਵਿਰਲੀ ਗੱਲ ਸੀ ਕਿ ਮਜ਼ਦੂਰ ਜਮਾਤ ਉਪਰ ਆਧਾਰਿਤ
ਸਮਾਜਵਾਦੀ ਲਹਿਰ ਆਪਣ ਆਪ ਵਿਚ ਆਜ਼ਾਦ ਲਹਿਰ ਰਹਿੰਦੀ ਹੋਈ ਕੌਮੀ ਆਜ਼ਾਦੀ ਦੀ
ਲਹਿਰ ਦਾ ਹਿੱਸਾ ਬਣੀ ਹੋਏ। ਸਨਅਤ ਦਾ ਪੱਛੜੇਵਾਂ ਇਕ ਪਾਸੇ ਵਿਗਿਆਨ ਦੀ ਪਛੜੇਵੇਂ
ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਦੂਜੇ ਪਾਸੇ ਰਾਜਨੀਤਿਕ ਲਹਿਰਾਂ ਵਿਚ ਮਜ਼ਦੂਰ ਜਮਾਤ ਦੇ
ਬਹੁਤ ਥੋੜੇ ਸਮਾਜਿਕ ਦਬਾਅ ਦੇ ਰੂਪ ਵਿਚ। ਇਹਨਾਂ ਦੋਹਾਂ ਪੱਖਾਂ ਦਾ ਪ੍ਰਗਟਾਅ ਮਾਰਕਸਵਾਦ
ਦੇ ਸਿਧਾਂਤਕ ਪੇਤਲੇਪਣ ਵਿਚ ਹੋਇਆ। ਪਰ ਨਾਲ ਹੀ ਇਹਨਾਂ ਪੱਛੜੇ ਦਸ਼ਾਂ ਵਿਚ ਉੱਠੀਆਂ
ਲਹਿਰਾਂ ਲਈ ਮਾਰਕਸਵਾਦ ਕੁਚਲੇ ਲੋਕਾਂ ਦੀ ਵਿਚਾਰਧਾਰਾ ਦੇ ਰੂਪ ਵਿਚ ਪ੍ਰਗਟ ਹੋਇਆ।
ਇਹਨਾਂ ਦੇਸ਼ਾਂ ਵਿਚ ਮਾਰਕਸਵਾਦ ਦਾ ਸਿਧਾਂਤਕ ਪਛੜੇਵਾਂ ਅਤੇ ਰਾਜਨੀਤਿਕ ਪ੍ਰਭਾਵ ਇਹਨਾਂ
ਦੇਸ਼ਾਂ ਦੀਆਂ ਖ਼ਾਸ ਇਤਿਹਾਸਕ ਸਥਿਤੀਆਂ ਵਿਚੋਂ ਪੈਦਾ ਹੋਏ ਇਕੋ ਹੀ ਦ੍ਰਿਸ਼ਟਾਮਾਨ ਦੇ ਦੋ
ਰੂਪ ਹਨ। ਮਾਰਕਸਵਾਦ ਦੇ ਇਹਨਾਂ ਦੇਸ਼ਾਂ ਵਿਚ ਸਟਾਲਿਨਵਾਦ ਦੇ ਰੂਪ ਵਿਚ ਪ੍ਰਗਟ ਹੋਣ
ਕਾਰਣ ਮਾਰਕਸਵਾਦ ਹੋਰ ਵੀ ਪੱਛੜ ਗਿਆ।

ਇਨਕਲਾਬੀ ਸਿਧਾਂਤ ਤੋਂ ਬਿਨਾਂ ਕੋਈ ਵੀ ਰਾਜਨੀਤਿਕ ਅਮਲ ਅੰਨ੍ਹਾ ਹੁੰਦਾ ਹੈ।
ਰਾਜਨੀਤਿਕ ਅਮਲ ਅਤੇ ਸਿਧਾਂਤ ਤਦ ਹੀ ਅੱਗੇ ਪ੍ਰਫੁਲਤ ਹੋ ਸਕਦੇ ਹਨ ਜੇ ਉਹ ਆਪਣੇ
ਪਿਛੋਕੜ ਤੇ ਸਵੈ-ਪੜਚੋਲਕ ਪ੍ਰਭਾਵ ਦੇਣ। ਪੂੰਜੀਵਾਦ ਦੇ ਸੰਸਾਰ-ਵਿਆਪੀ ਫੈਲਾਅ ਨੂੰ
ਸੰਸਾਰ-ਵਿਆਪੀ ਇਨਕਲਾਬੀ ਸਿਧਾਂਤ ਅਤੇ ਅਮਲ ਨਾਲ ਹੀ ਹਰਾਇਆ ਜਾ ਸਕਦਾ ਹੈ।
ਪੰਜਾਬੀ ਮਾਰਕਸਵਾਦੀ ਆਪਣੀ ਸਿਧਾਂਤਕ ਗ਼ਰੀਬੀ ਅਤੇ ਉਸ ਵਿਚੋਂ ਪੈਦਾ ਹੋਏ ਔਝੜੇ ਪਏ
ਅਮਲ ਨੂੰ ਸੰਸਾਰ ਕਮਿਊਨਿਸਟ ਲਹਿਰ ਦੇ ਸਿਧਾਂਤਕ ਤੇ ਅਮਲੀ ਤਜਰਬੇ ਦੇ ਸੰਬੰਧ ਵਿਚ ਰਖ
ਕੇ ਹੀ ਸਮਝ ਸਕਦੇ ਹਨ ਅਤੇ ਅੱਗੇ ਵਧ ਸਕਦੇ ਹਨ।

ਪਹਿਲਾ : ਮਾਰਕਸ ਦੀਆਂ ਲਿਖਤਾਂ ਨੂੰ ਧਿਆਨ ਨਾਲ ਪੜ੍ਹਨ ਤੇ ਸਮਝਣ ਲਈ ਥਾਂ-
ਥਾਂ ਛੋਟੇ-ਛੋਟੇ ਗਰੁੱਪ ਬਣਾਉਣੇ ਚਾਹੀਦੇ ਹਨ। ਜਿੰਨਾ ਚਿਰ ਮਾਰਕਸ ਦੇ ਅਮੀਰ ਸਿਧਾਂਤਕ
ਵਿਚਾਰਾਂ ਨੂੰ ਸਮਝਿਆ ਨਹੀਂ ਜਾਂਦਾ, ਉਨਾ ਚਿਰ ਉਸ ਦੇ ਨਾਂ ਤੇ ਹੋਈ ਸਿਧਾਂਤਕ ਹੇਰਾ-ਫੇਰੀ
ਨੂੰ ਸਮਝਿਆ ਨਹੀਂ ਜਾ ਸਕਦਾ। ਮਾਰਕਸ ਦੀਆਂ ਲਿਖਤਾਂ ਦੇ ਮੌਲਿਕ ਅਧਿਐਨ ਤੋਂ ਬਾਅਦ
ਹੀ ਸਾਨੂੰ ਗਿਆਨ ਹੋਏਗਾ ਕਿ ਕਿੰਨੇ ਬੌਣੇ ਮਨੁੱਖ ਆਪਣੇ ਨਾਂ ਨੂੰ ਉਸ ਨਾਲ ਜੋੜ ਕੇ ਉਸ ਦੇ
ਵਿਚਾਰਾਂ ਦੀ ਤੋੜ-ਭੰਨ ਕਰਦੇ ਰਹੇ ਹਨ। 1867 ਦੀ ਲਿਖੀ ਪੂੰਜੀ ਜੇ 20ਵੀਂ ਸਦੀ ਦੇ
ਅਖ਼ੀਰ ਵਿਚ ਹੁਣ ਪੰਜਾਬੀ ਵਿਚ ਛਪੀ ਹੈ, ਤਾਂ ਸਾਨੂੰ ਆਪਣੀ ਇਤਿਹਾਸਕ ਸਿਧਾਂਤਕ ਗ਼ਰੀਬੀ
ਦਾ ਡੂੰਘਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ।

ਦੂਜਾ : ਸਟਾਲਿਨਵਾਦ ਤੋਂ ਦਿਮਾਗ਼ੀ ਛੁਟਕਾਰਾ ਪਾਉਣਾ ਜ਼ਰੂਰੀ ਹੈ, ਨਹੀਂ ਤਾਂ
ਇਹ ਸਿਧਾਂਤਕ ਤੰਦੂਆ ਰਹਿੰਦਾ-ਖੂੰਹਦਾ ਸੱਤ ਵੀ ਪੀ ਜਾਏਗਾ। ਸਟਾਲਿਨਵਾਦ ਦੇ ਆਧੁਨਿਕ
ਨੁਮਾਇੰਦੇ ਰੂਸੀ ਅਤੇ ਚੀਨੀ ਨੌਕਰਸ਼ਾਹਾਂ ਦੇ 'ਮਾਰਕਸਵਾਦ' ਦਾ ਭਾਂਡਾ ਭੰਨਣਾ ਬਹੁਤ ਜ਼ਰੂਰੀ
ਹੈ।[2] ਇਸ ਦੇ ਨਾਲ ਹੀ ਸਾਨੂੰ ਪੱਛਮ ਵਿਚ ਉਭਰ ਰਹੇ ਆਜ਼ਾਦ ਇਨਕਲਾਬੀ ਮਾਰਕਸਵਾਦੀ
ਸਾਹਿਤ ਨਾਲ ਜਾਣੂ ਹੋਣਾ ਚਾਹੀਦਾ ਹੈ, ਜੋ ਸਾਹਿਤ ਉਪਰ ਲਿਖੇ ਸੁਆਲਾਂ ਦੇ ਟਕਰਾਅ ਵਿਚੋਂ
ਪੈਦਾ ਹੋ ਰਿਹਾ ਹੈ। ਸਾਨੂੰ ਸਿਰਫ਼ ਅੰਗਰੇਜ਼ੀ ਹੀ ਨਹੀਂ, ਜਰਮਨ, ਫ਼ਰਾਂਸੀਸੀ ਤੇ ਇਤਾਲਵੀ
ਭਾਸ਼ਾਵਾਂ ਸਿਖਣ ਦਾ ਵੀ ਯਤਨ ਕਰਨਾ ਚਾਹੀਦਾ ਹੈ, ਤਾਂਕਿ ਅਸੀਂ ਅਸਲ ਵਿਚ ਆਪਣੇ
ਯਤਨਾਂ ਨੂੰ ਅੰਤਰ-ਰਾਸ਼ਟਰੀ ਸੰਦਰਭ ਵਿਚ ਸਮਝ ਸਕੀਏ ਤੇ ਮਾਪ ਸਕੀਏ। ਪੰਜਾਬੀ ਮਾਰਕਸ-
ਵਾਦ ਦੇ ਪੱਛੜੇ ਹੋਣ ਦਾ ਇਕ ਕਾਰਣ ਇਹ ਵੀ ਹੈ ਕਿ ਸਾਨੂੰ ਉੱਨਤ ਭਾਸ਼ਾਵਾਂ ਦਾ ਗਿਆਨ
ਬਹੁਤ ਘਟ ਹੈ।

ਤੀਜਾ : ਪੰਜਾਬ ਵਿਚ ਫੈਲ ਰਿਹਾ ਪੂੰਜੀਵਾਦ ਸ਼ਹਿਰੀ ਅਤੇ ਪੇਂਡੂ ਮਜ਼ਦੂਰ ਜਮਾਤ
ਪੈਦਾ ਕਰ ਰਿਹਾ ਹੈ ਅਤੇ ਵਧਾ ਰਿਹਾ ਹੈ। ਰਾਜਨੀਤਿਕ ਅਮਲ ਨੂੰ ਇਸ ਮਜ਼ਦੂਰ ਜਮਾਤ ਵਿਚ
ਆਪਣੀਆਂ ਜੜ੍ਹਾਂ ਗੱਡਣੀਆਂ ਚਾਹੀਦੀਆਂ ਹਨ। ਇਨਕਲਾਬੀ ਸਮਾਜਵਾਦ ਦਾ ਆਧਾਰ ਸਿਰਫ਼
ਮਜ਼ਦੂਰ ਜਮਾਤ ਹੀ ਹੋ ਸਕਦੀ ਹੈ, ਪੇਂਡੂ ਅਤੇ ਸ਼ਹਿਰੀ ਮਧ-ਵਰਗ ਨਹੀਂ।

ਪੰਜਾਬ ਵਿਚ ਮਾਰਕਸਵਾਦ ਤਾਂ ਹੀ ਵਧੇ-ਫੁਲੇਗਾ ਜੇ ਅਸੀਂ ਮਾਰਕਸ ਨਾਲ ਨਿਰੰਤਰਤਾ
ਰਖਦੇ ਆਜ਼ਾਦ ਪੱਛਮੀ ਮਾਰਕਸਵਾਦ ਦੇ ਤਜਰਬੇ ਨੂੰ ਆਪਣੇ ਤਜਰਬੇ ਵਿਚ ਸ਼ਾਮਲ ਕਰਾਂਗੇ
ਅਤੇ ਵਧ ਰਹੀ ਮਜ਼ਦੂਰ ਜਮਾਤ ਵਿਚ ਆਪਣੇ ਪੈਰ ਗੱਡਾਂਗੇ। ਇਹ ਨਿਰੰਤਰ ਅਭਿਆਸ ਹੈ। □

---

[2]ਪੰਜਾਬ ਦਾ ਕਮਿਊਨਿਸਟ ਇਨਕਲਾਬੀ ਗਰੁਪ ਰੂਸ ਤੇ ਚੀਨ ਦੋਹਾਂ ਨੂੰ ਸਾਮਰਾਜਵਾਦੀ ਤਾਕਤਾਂ
ਸਮਝਦਾ ਹੈ, ਸਿਹਤਮੰਦ ਤੇ ਆਜ਼ਾਦਾਨਾਂ ਸੋਚ ਦਾ ਹੌਸਲੇ-ਜਨਕ ਸੂਚਕ ਹੈ।

ਯਾਨਿਸ ਰਿਸਤੋਸ
(ਜਨਮ 1909)

## ਸਚੀਂ ਮੁਚੀਂ ਦੇ ਹੱਥ

ਉਹ ਇਕ ਦਿਨ ਬਿਨਾਂ ਦੱਸਿਆਂ ਹੀ ਕਿਤੇ ਚਲੇ ਗਿਆ
(ਸ਼ਾਇਦ ਉਹ ਉਹਨੂੰ ਚੁੱਕ ਕੇ ਲੈ ਗਏ ਸਨ)
ਉਹ ਜਾਂਦਾ ਹੋਇਆ ਰਸੋਈ ਦੇ ਮੇਜ਼ ਉੱਤੇ ਆਪਣੇ
ਉਨੀ ਦਸਤਾਨੇ ਛਡ ਗਿਆ ਸੀ
ਵੱਢੇ ਹੋਏ ਹੱਥਾਂ ਵਰਗੇ ਉਨੀ ਦਸਤਾਨੇ —
ਉਨ੍ਹਾਂ ਵਿਚ ਲਹੂ ਨਹੀਂ, ਉਹ ਰੋਹ ਵਿਚ ਉਪਰ ਨਹੀਂ ਉਠਦੇ
ਸ਼ਾਂਤ ਬਿਲਕੁਲ ਉਹਦੇ ਆਪਣੇ ਹੱਥਾਂ ਵਰਗੇ
ਰਤਾ ਕੁ ਸੁੱਜੇ ਹੋਏ, ਰੱਟਣਾਂ ਨਾਲ ਭਰੇ ਹੋਏ
ਜੁੱਗਾਂ-ਪੁਰਾਣੀ ਸੰਜਮਤਾ ਵਾਲੇ ਹੱਥ
ਇਨ੍ਹਾਂ ਢਿੱਲੀਆਂ ਉਨੀ ਉਂਗਲਾਂ ਵਿਚ
ਅਸੀਂ ਕਦੇ-ਕਦਾਈਂ ਰੋਟੀ ਦਾ ਟੁਕੜਾ, ਕੋਈ ਫੁੱਲ
ਜਾਂ ਆਪਣੇ ਹਿੱਸੇ ਦੀ ਸ਼ਰਾਬ ਦਾ ਗਲਾਸ ਰਖ ਦਿੰਦੇ ਹਾਂ
ਇਸ ਯਕੀਨ ਨਾਲ ਕਿ
ਕਮ-ਅਜ਼-ਕਮ ਉਹ ਦਸਤਾਨਿਆਂ ਨੂੰ ਤਾਂ ਹਥਕੜੀਆਂ ਮਾਰਨੋਂ ਰਹੇ

□

ਏ.ਏ. ਹਾਜੀਯਾਨਿਸ
(ਜਨਮ 1936)

## ਮਾਂ

'ਮੈਂ ਤਾਂ ਬਊਰੀ ਹੋ ਜਾਊਂ ਜੇ ਤੂੰ ਆਪਣੇ ਮੋਏ ਪਿਊ ਦੇ ਲੱਛਣ ਫੜੀ ਰਖੇਂ'...
ਹਰ ਰੋਜ਼ ਸਵੇਰੇ ਜਦ ਉਹ ਕੰਮ 'ਤੇ ਜਾਣ ਲਗਦੈ ਤਾਂ ਉਹਦੀ ਮਾਂ ਇਹ ਬੋਲੀ ਮਾਰਦੀ ਹੈ
ਤੇ ਉਹ ਬਾਰੀ ਵਿਚੋਂ ਸਿਰ ਬਾਹਰ ਕੱਢੀ
ਉਹਨੂੰ ਜਾਂਦੇ ਨੂੰ ਘੂਰਦੀ ਰਹਿੰਦੀ ਹੈ
ਤੇ ਉਹਨੂੰ ਜਾਪਦੈ ਉਹਦੀ ਪਿੱਠ ਵਿਚ ਦੋ ਸੂਈਆਂ ਖੁੱਭ ਰਹੀਆਂ ਨੇ
ਉਹਦੀ ਮਾਂ ਦੀਆਂ ਅੱਖਾਂ ਵਿਚੋਂ ਦੋ ਨਾੜੂ ਨਿਕਲ ਰਹੇ ਨੇ
ਉਹਦੀਆਂ ਗੱਲ੍ਹਾਂ 'ਤੇ ਪਈਆਂ ਝੁਰੜੀਆਂ ਲੰਮੀਆਂ ਹੁੰਦੀਆਂ ਹੁੰਦੀਆਂ
ਮੋਟੀਆਂ ਰੱਸੀਆਂ 'ਚ ਤਬਦੀਲ ਹੋ ਰਹੀਆਂ ਹਨ
ਉਹਨੂੰ ਮੋਢਿਆਂ ਤੋਂ ਤੂੜ ਕੇ ਰਖਣ ਲਈ
ਤੇ ਇਨ੍ਹਾਂ ਰੱਸੀਆਂ ਦੀ ਕੱਸ ਹੋਰ ਪੀਡੀ ਹੁੰਦੀ ਜਾਂਦੀ ਹੈ
ਇਹ ਉਹਨੂੰ ਚੁਰੱਸਤਿਆਂ 'ਤੇ ਖੜੇ ਨੂੰ ਨੂੜੀ ਜਾਂਦੀਆਂ ਹਨ
ਉਹ ਜਦ ਗੱਡੀ ਦੇ ਸਟੀਰਿੰਗ-ਵੀਲ 'ਤੇ ਹੱਥ ਰਖਦੈ ਤਾਂ
ਉਹਦੇ ਹੱਥਾਂ ਨੂੰ ਨਰੜ ਲੈਂਦੀਆਂ ਹਨ
ਉਹਨੂੰ ਆਪਣੇ ਥੈਲੇ ਵਿਚ ਇਸ਼ਤਿਹਾਰ ਪਾਉਣੋਂ ਵਰਜਦੀਆਂ ਹਨ
ਤੇ ਉਹਨੂੰ ਚੌਂਕਾਂ ਵਿਚ ਹੁੰਦੇ ਜਲਸਿਆਂ-ਮੁਜ਼ਾਹਰਿਆਂ ਤੋਂ ਦੂਰ ਲੈ ਜਾਂਦੀਆਂ ਹਨ □

ਅਮਿਤਾਭ ਦਾਸਗੁਪਤ

# ਕਵਿਤਾ ਯਾਨੀ ਮੁਕਤੀ

ਕਵਿਤਾ ਨੂੰ ਮੈਂ ਕਿਸੇ ਵੱਡੀ ਘਟਨਾ ਵਾਂਗ ਨਹੀਂ ਵਿੰਹਦਾ। ਕਵਿਤਾ ਮੇਰੇ ਲਈ ਜ਼ਿੰਦਗੀ ਬਿਤਾਉਣ ਲਈ ਜ਼ਰੂਰੀ ਕਈ ਹੋਰ ਸ਼ਰਤਾਂ ਵਿੱਚੋਂ ਇਕ ਹੈ। ਜ਼ਿੰਦਗੀ ਦੇ ਅਲੋਕਾਰ ਰੂਪ ਹਨ। ਕਵੀ ਜ਼ਿੰਦਗੀ ਦੇ ਇਨ੍ਹਾਂ ਰੂਪਾਂ ਨੂੰ ਫੜ੍ਹਨ ਲਈ ਕਵਿਤਾ ਦਾ ਇਸਤੇਮਾਲ ਕਰਦਾ ਹੈ। ਉਹਦਾ ਗਿਆਨ, ਅਕਾਂਖਿਆ, ਇੱਕਲਤਾ, ਸ਼ਖ਼ਸੀਅਤ, ਸਮਾਜੀ ਆਦਮੀ ਨਾਲ ਮਿਲਣ ਦੀ ਉਹਦੀ ਬਿਹਬਲਤਾ ਏਸ ਸਭ ਕੁਝ ਨੂੰ ਆਪਣੀ ਕਵਿਤਾ ਦਾ ਕਿਰਦਾਰ ਦੇ ਕੇ ਢੂਹਣ ਤੇ ਫੜ੍ਹਨ ਦੀ ਕੋਸ਼ਿਸ਼ ਕਰਦਾ ਹੈ। ਮਸ਼ਹੂਰ ਸਪੇਨੀ ਕਵੀ ਲੋਰਕਾ ਨੇ ਕਿਸੇ ਮੁਲਾਕਾਤ ਵਿਚ ਕਿਹਾ ਸੀ : ਪੋਇਟਰੀ ਇਜ਼ ਲਿਬਰੇਸ਼ਨ' —— ਕਵਿਤਾ ਮੁਕਤੀ ਹੈ। ਇਸ 'ਮੁਕਤੀ' ਸ਼ਬਦ ਨੂੰ ਸੰਕੀਰਣ ਅਰਥਾਂ ਵਿਚ ਨਹੀਂ ਬੰਨ੍ਹਣਾ ਚਾਹੀਦਾ। ਇਹ ਮੁਕਤੀ ਸਿਰਫ਼ ਸਮਾਜਕ ਮੁਕਤੀ ਨਹੀਂ, ਆਰਥਕ ਤੇ ਸਮਾਜਕ ਲੁਟ-ਚੋਂਘ ਤੋਂ ਮੁਕਤੀ ਨਹੀਂ; ਸਗੋਂ ਸਾਡੇ ਨਿੱਜੀ ਸੰਸਕਾਰ, ਮੂਰਖਤਾ, ਮੂਲ ਧਾਰਨਾ ਅਤੇ ਅਣਮਨੁੱਖੀ ਰਸਮਾਂ-ਰਿਵਾਜਾਂ ਤੋਂ ਵੀ ਮੁਕਤੀ ਹੈ। ਅਤੇ ਏਥੇ ਹੀ ਇਸ ਮੁਕਤੀ ਦਾ ਮਤਲਬ ਰੂਪ, ਭਾਵ ਤੇ ਕਵਿਤਾ ਦੇ ਪੁਰਾਣੇ ਢਾਂਚੇ ਵਿਚ ਇਨਕਲਾਬੀ ਤਬਦੀਲੀ ਵਾਲਾ ਵੀ ਹੈ। ਕਵੀ ਸਮਾਜਕ ਵੀ ਹੁੰਦਾ ਹੈ, ਮਲੰਗ ਵੀ। ਕਵੀ ਜਲੂਸ ਦੇ ਨਾਲ ਹੁੰਦਾ ਹੈ, ਹੋਰ ਲੋਕਾਂ ਵਾਂਗ ਬਿਹਤਰ ਜ਼ਿੰਦਗੀ ਜੀਉਣ ਲਈ ਜੱਦੋਜਹਿਦ ਕਰਦਾ ਹੈ, ਮਜਮਿਆਂ ਮੂਹਰੇ ਭਾਸ਼ਣ ਦੇਂਦਾ ਹੈ, ਲੜਾਈ ਕਰਦਾ ਹੈ, ਜੇਲ ਜਾਂਦਾ ਹੈ ਅਤੇ ਨਰੂਦਾ ਤੇ ਲੋਰਕਾ ਵਾਂਗ ਫ਼ਾਸ਼ਿਸਟ ਤਾਕਤਾਂ ਮੂਹਰੇ ਹਿੱਕ ਵੀ ਡਾਹੁੰਦਾ ਹੈ। ਇਸ ਸਭ ਕਾਸੇ ਦੇ ਨਾਲ ਨਾਲ ਉਹ ਮਨੁਖਤਾ ਦਾ ਝੰਡਾ ਹੱਥੋਂ ਨਹੀਂ ਛੱਡਦਾ। ਕਈ ਵਾਰ ਮਲੰਗ ਹੁੰਦਾ ਹੈ, ਦੁਖੀ ਹੁੰਦਾ ਹੈ ਤੇ ਆਪਣੇ ਅੰਦਰ ਡੁੱਬ ਜਾਂਦਾ ਹੈ। ਕਵੀ ਦੀ ਆਵਾਜ਼ ਉਸਦੀ ਆਪਣੀ ਆਵਾਜ਼ ਹੁੰਦੀ ਹੈ ਤੇ ਹਰ ਵਕਤ ਉਸਦੀ ਆਵਾਜ਼ ਦੇ ਬਦਲੇ ਮਾਈਕ ਦਾ ਇੰਤਜ਼ਾਮ ਨਹੀਂ ਹੋ ਸਕਦਾ। ਕਵੀ ਦੇ ਹੱਥਾਂ ਤੇ ਕੋੜ੍ਹ ਨਹੀਂ ਹੋਇਆ ਕਿ ਉਹ ਹਰ ਵੇਲੇ ਆਪਣੇ ਹੱਥਾਂ ਨੂੰ ਉਤਾਂਹ ਕਰੀ ਰੱਖੇ; । ਕਵੀ ਸਦਾ ਦੂਜਿਆਂ ਦੇ ਹੁਕਮ ਵਿਚ ਖੇਡੇ; ਇਹ ਉਸਦੀ ਖੇਡ ਨਹੀਂ। ਇਸ ਲਈ ਇਕ ਬੰਨੇ ਸਮਾਜੀ ਜ਼ਿੰਮੇਵਾਰੀਆਂ ਦਾ ਗਿਆਨ ਅਤੇ ਦੂਜੇ ਪਾਸੇ ਉਹਦਾ ਸੁਭਾਵਿਕ ਮਨੁੱਖੀ ਮਲੰਗਪੁਣਾ ਅਤੇ ਭੀੜ ਵਿਚ ਇਕੱਲ ਦਾ ਅਹਿਸਾਸ — ਇਨ੍ਹਾਂ ਦੋਹਾਂ ਨੂੰ ਮਿਲਾਕੇ ਉਹ ਕਵਿਤਾ ਰਚਦਾ ਹੈ।

ਕਾਰਲ ਮਾਰਕਸ ਨੇ ਇਕ ਗੱਲ ਖ਼ਾਸ ਤੌਰ 'ਤੇ ਆਖੀ ਹੈ – 'ਪੋਇਟਰੀ ਇਜ਼ ਨਾਟ ਫਾਰ ਅਨਮਿਊਜ਼ੀਕਲ ਈਅਰਜ਼' – ਕਵਿਤਾ ਬੇ-ਬਹਿਰ ਕੰਨਾਂ ਲਈ ਨਹੀਂ ਹੁੰਦੀ। ਬਹੁਤਿਆਂ ਦਾ ਖ਼ਿਆਲ ਹੈ ਕਿ ਅੱਜ ਦੀ ਕਵਿਤਾ ਔਖੀ ਹੈ ਅਤੇ ਲੱਭਿਆਂ ਵੀ ਉਸ ਵਿਚੋਂ ਸਮੂਹਕ ਚੇਤਨਾ ਨਹੀਂ ਲੱਭਦੀ। ਇਹੋ ਜਿਹੇ ਲੋਕਾਂ ਨੂੰ ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਜਦੋਂ ਕੋਈ ਆਦਮੀ ਸ਼ਾਸਤਰੀ ਸੰਗੀਤ ਸਿੱਖਦਾ ਹੈ, ਤਾਂ ਕਿੰਨਾ-ਕਿੰਨਾ ਚਿਰ ਉਸਤਾਦ ਰੱਖ ਕੇ ਸੰਗੀਤ ਚਰਚਾ ਕਰਦਾ ਹੈ; ਜਦੋਂ ਪ੍ਰਯੋਗਸ਼ਾਲਾ ਵਿਚ ਖ਼ੋਜ ਕਰਦਾ ਹੈ ਤਾਂ ਕਿਸੇ ਚੰਗੇ ਸਾਇੰਸਦਾਨ ਨਾਲ ਲੰਮੇ ਸਮੇਂ ਲਈ ਵਿਗਿਆਨ ਚਰਚਾ ਕਰਦਾ ਹੈ; ਜਦੋਂ ਕੁਸ਼ਤੀ ਲੜਦਾ ਹੈ ਤਾਂ ਉਸਤਾਦ ਧਾਰ ਕੇ ਉਸਦੀ ਕੁਸ਼ਤੀ ਵੇਖਦਾ ਤੇ ਘੁਲਣਾ ਸਿੱਖਦਾ ਹੈ, ਤਾਂ ਫਿਰ ਕੀ ਕਵਿਤਾ ਹੀ ਮਗਰਮੱਛ ਦੇ ਦੱਚੇ ਵਾਂਗ ਹੈ ਜਿਹੜਾ ਢਿੱਡੋਂ ਨਿਕਲਦਾ ਹੀ ਤਰਨਾ ਸਿੱਖ ਲਏਗਾ? ਉਹਨੂੰ ਕੁਝ ਸਿੱਖਣ ਜਾਨਣ ਦੀ ਲੋੜ ਨਹੀਂ? ਰੁਚੀ, ਸਿਖਿਆ ਜਾਂ ਮਾਨਸਿਕਤਾ ਦੀ ਤਿਆਰੀ ਦੀ ਜ਼ਰੂਰਤ ਨਹੀਂ?

ਕਿਸੇ ਦੁੱਧ ਮੂੰਹੇ ਬੱਚੇ ਨੂੰ ਤਾਂ ਇਹ ਕਵਿਤਾ ਚੰਗੀ ਲੱਗ ਸਕਦੀ ਹੈ : 'ਬਾਰਿਸ਼ ਹੋ ਰਹੀ ਹੈ, ਪੱਤੇ ਹਿੱਲ ਰਹੇ ਨੇ।' — ਪਰ ਜੇ ਇਹੋ ਕਵਿਤਾ ਕਿਸੇ ਚਾਲ੍ਹੀਆਂ ਵਰ੍ਹਿਆਂ ਦੇ ਆਦਮੀ ਨੂੰ ਵੀ ਚੰਗੀ ਲੱਗਦੀ ਹੋਵੇ, ਤਾਂ ਸਮਝੋ ਕਿ ਉਹ ਸਰੀਰੋਂ ਜਾਂ ਉਮਰੋਂ ਤਾਂ ਵੱਡਾ ਹੋ ਗਿਆ ਹੈ; ਪਰ ਚਿੰਤਨ, ਗਿਆਨ, ਵਿਵੇਕ ਅਤੇ ਕਾਵਿ-ਧਾਰਣਾ ਪੱਖੋਂ ਉਹ ਅਜੇ ਦੁੱਧ ਮੂੰਹਾਂ ਹੀ ਹੈ। ਜਿਥੇ ਜੀਵਨ ਉਲਝਿਆ ਹੋਇਆ, ਬਹੁਮੁਖੀ, ਮਸ਼ੀਨੀ ਸਭਿਅਤਾ ਦੀਆਂ ਅਨੇਕ ਗੰਢਾਂ, ਤਹਿਆਂ ਨਾਲ ਭਰਪੂਰ ਹੈ; — ਉਥੇ ਸਾਹਿਤ ਦੇ ਰੂਪ ਵਿਚ ਵੀ ਅਨੇਕ ਬਾਲਿਗ ਉਲਝਣਾਂ ਆਉਣਗੀਆਂ। ਇਹ ਕੁਦਰਤੀ ਹੈ। ਏਥੇ ਹੀ ਸਾਹਿਤ ਜਾਂ ਕਵਿਤਾ ਉਹ ਸ਼ੀਸ਼ਾ ਹੈ, ਜਿਸ ਵਿਚ ਸਿਰ ਉਤਲਾ ਨੀਲਾ ਆਕਾਸ਼ ਅਤੇ ਪੈਰਾਂ ਹੇਠਲੇ ਕੂੜੇ ਦੀ ਛਾਂ ਨਜ਼ਰ ਆਉਂਦੀ ਹੈ। ਦੋਹਾਂ ਲਈ ਸਾਹਿਤ ਦੀ ਪ੍ਰਸੰਸਾ ਜਾਂ ਨਿੰਦਿਆ ਕਰਨ ਦੀ ਲੋੜ ਨਹੀਂ।

ਇਕ ਗੱਲ ਹੋਰ ਹੈ ਕਿ ਕਵੀ ਫ਼ੋਟੋਗ੍ਰਾਫ਼ਰ ਨਹੀਂ ਹੁੰਦਾ। ਉਹ ਕਲਾਕਾਰ ਹੈ ਉਹ ਜ਼ਿੰਦਗੀ ਦੀਆਂ ਬੇਸ਼ੁਮਾਰ ਘਟਨਾਵਾਂ ਵਿੱਚੋਂ ਆਪਣੇ ਪ੍ਰਤੀਕ, ਬਿੰਬ ਤੇ ਹੋਰ ਜੁਗਾੜ ਲੱਭਦਾ ਹੈ। ਆਪਣੀ ਕਵਿਤਾ ਨੂੰ ਰੋਜ਼ਾਨਾ ਜ਼ਿੰਦਗੀ ਦੇ ਨਿੱਕੇ ਨਿੱਕੇ ਅਨੁਭਵਾਂ ਵਿਚੋਂ ਚੁਣਦਾ ਹੈ। ਕਵਿਤਾ ਸਾਡੇ ਗਹਿਰ-ਗੰਭੀਰ ਅਹਿਸਾਸਾਂ ਨੂੰ ਲੈ ਕੇ ਤੁਰਦੀ ਹੈ, ਨਾਲ ਹੀ ਕਵਿਤਾ ਦੀ ਰਿਵਾਇਤ ਵਿਚ ਆਦਿਮਤਾ ਰਹਿ ਗਈ ਹੈ। ਸਭ ਤੋਂ ਪੁਰਾਣੇ ਸਮਿਆਂ ਦਾ ਕਲਾ- ਰੂਪ ਸਾਡੇ ਸਾਹਿਤ ਕੋਲ ਕਵਿਤਾ ਹੈ। ਸਿੱਟੇ ਵਜੋਂ ਸ਼ੁਰੂ ਤੋਂ ਲੈ ਕੇ ਹੁਣ ਤਕ ਕਵਿਤਾ ਵਿੱਚ ਆਈਆਂ ਤਬਦੀਲੀਆਂ ਕਾਰਣ ਸਾਡੇ ਆਧੁਨਿਕ ਹੋਣ ਦੇ ਬਾਵਜੂਦ ਉਸਨੂੰ ਆਦਿਮ ਪ੍ਰਵਾਹ, ਵੈਰਾਗ, ਵਾਸਨਾ, ਕਾਮਨਾ ਦਾ ਲਹੂ ਲੱਗਿਆ ਹੋਇਆ ਹੈ। ਮਲਾਰਮੇ ਪ੍ਰੇਰਣਾ ਦੇ ਖ਼ਿਲਾਫ਼ ਲੜਾਈ ਲੜਨਾ ਚਹੁੰਦੇ ਸਨ, ਪਰ ਮੈਂ ਪੁੱਛਦਾ ਹਾਂ ਕਿ ਕੀ ਕੋਈ ਕਵੀ ਸਚਮੁੱਚ ਪ੍ਰੇਰਣਾ ਦੇ ਵਿਰੁੱਧ ਲੜ੍ਹਨਾ ਚਾਹੁੰਦਾ ਹੈ, ਜਾਂ ਲੜ ਸਕਦਾ ਹੈ? ਕਾਰਨ, ਕਵਿਤਾ ਨੂੰ ਅਜ ਅਸੀਂ ਜਿੰਨਾਂ ਮਰਜ਼ੀ ਬੌਧਿਕ — ਇਮੋਸ਼ਨ ਕਹਿ ਲਈਏ, ਇਹ ਇਮੋਸ਼ਨ ਜਾਂ ਆਵੇਗ, ਪ੍ਰੇਰਣਾ ਲੱਖਾਂ ਵਰ੍ਹਿਆਂ ਤੋਂ ਬੰਦੇ ਦੇ ਖ਼ੂਨ ਵਿਚ ਰਚ ਚੁਕੀ ਹੈ। ਇਹਦੇ ਹੁੰਦੇ ਕਵਿਤਾ ਦਾ ਆਦਿਮ ਹੁਲਾਰਾ ਤੇ ਵਹਾਅ ਅੱਜ ਵੀ ਸਾਨੂੰ ਝੰਜੋੜਦਾ ਹੈ।

ਇਕ ਗੱਲ ਹਮੇਸ਼ਾ ਯਾਦ ਆਉਂਦੀ ਹੈ : 'ਵੀ ਕੈਨ ਬਿਟਰੇ ਅਵਰ ਜਜਮੈਂਟ ਬਟ ਨਾਟ ਅਵਰ ਇਮੋਸ਼ਨ।' ਇਸ 'ਅਨਬਿਟ੍ਰੇਡ ਇਮੋਸ਼ਨ' ਨੂੰ ਨਿਸਚੇ ਹੀ ਬਾਲਮੀਕ, ਹੋਮਰ ਜਾਂ ਤੁਲਸੀ, ਰਵੀਂਦਰ ਨੇ ਜਿਸ ਢੰਗ ਨਾਲ ਪ੍ਰਕਾਸ਼ਿਤ ਕੀਤਾ ਸੀ, ਉਸਨੂੰ ਅੱਜ ਉਸੇ ਤਰ੍ਹਾਂ ਪ੍ਰਕਾਸ਼ਿਤ ਕਰਨ ਦੀ ਕੋਈ ਵਜ੍ਹਾ ਨਹੀਂ। ਏਥੇ ਇਕ ਗੱਲ ਔਖੀ ਜਾਪਣ ਦੇ ਬਾਵਜੂਦ ਕਹਿਣੀ ਚਾਹੁੰਦਾ ਹਾਂ ਕਿ 'ਹਿਸਟਰੀ ਔਫ਼ ਟੈਕਨੀਕ ਇਜ਼ ਦੇ ਹਿਸਟਰੀ ਔਫ਼ ਪੋਇਟਰੀ'। ਠੀਕ ਹੈ। ਪਰ ਇਹਦੇ ਵਾਸਤੇ ਵੀ ਜ਼ਿੰਦਗੀ ਦੇ ਆਧਾਰ ਦੀ ਲੋੜ ਹੈ, ਜਿਸਦੇ ਸਹਾਰੇ ਅਸੀਂ ਆਪਣੇ ਢਾਂਚੇ ਨੂੰ ਨਿਰਖ-ਪਰਖ ਸਕੀਏ। ਮਾਂ ਦੇ ਦੁੱਧ ਵਾਂਗ ਜ਼ਿੰਦਗੀ ਦੀ ਛਾਤੀ ਵਿੱਚੋਂ ਕਵਿਤਾ ਪੈਦਾ ਹੁੰਦੀ ਰਹਿੰਦੀ ਹੈ। ਕਵਿਤਾ ਉਸ ਬਿਰਖ ਵਾਂਗ ਹੈ, ਜੋ ਨੀਲੇ ਆਕਾਸ਼ ਵਿਚ ਆਪਣੇ ਟਾਹਣ, ਪੱਤੇ, ਫਲ, ਤਾਂ ਜ਼ਰੂਰ ਮਿਲਾ ਦੇਂਦਾ ਹੈ, ਪਰ ਜੀਵਨ-ਰਸ ਮਿੱਟੀ ਵਿਚੋਂ ਹੀ ਲੈਂਦਾ ਹੈ।

ਲੋਕ-ਕਵਿਤਾ ਦੇ ਸਿਲਸਿਲੇ ਵਿਚ ਵੀ ਗੱਲ ਕਰ ਹੀ ਲਵਾਂ। ਲੋਕ ਹੋਵੇ ਜਾਂ ਅਲੋਕ, ਪਹਿਲਾਂ ਇਹ ਵੇਖਣਾ ਹੈ ਕਿ ਕਵਿਤਾ ਹੋ ਰਹੀ ਹੈ ਕਿ ਨਹੀਂ। ਕਵਿਤਾ ਦਾ ਜੋ ਸ਼ਿਲਪ ਹੈ, ਉਸਦੀ ਰੱਖਿਆ ਕਰਦਿਆਂ, ਫ਼ਾਰਮ ਰੂਪ ਦੇ ਸੁਹਜ ਨੂੰ ਕਾਇਮ ਰੱਖਦਿਆਂ ਕਵਿਤਾ ਜਦੋਂ ਆਮ ਆਦਮੀ ਦੇ ਰੋਜ਼ਾਨਾ ਜੀਵਨ ਨੂੰ ਜਦੋਂ ਜ਼ੁਬਾਨ ਬਖ਼ਸ਼ਦੀ ਹੈ — ਉਹ ਲੋਕ ਕਵਿਤਾ ਹੁੰਦੀ ਹੈ — ਸਭ ਤੋਂ ਵੱਡੀ ਤੇ ਉੱਚੀ ਕਵਿਤਾ। ਨਹੀਂ ਤਾਂ ਕਵਿਤਾ ਨਾ ਨਾਅਰਾ ਜਾਂ ਪੋਸਟਰ ਹੋਵੇਗੀ, ਜੇਕਰ ਏਦਾਂ ਦੀਆਂ ਹਾਸੋਹੀਣੀਆਂ ਗੱਲਾਂ ਲਿਖਆਂ ਜਾਣ ਕਿ ਅਸਮਾਨ ਤੋਂ ਰਾਈਫ਼ਲਾਂ ਬਰਸ ਰਹੀਆਂ ਹਨ। ਇਸ ਨੂੰ ਲੋਕ ਚੇਤਨਾ ਦਾ ਵਾਹਕ ਕਹਿ ਸਕਦਾ ਹਾਂ, ਲੋਕ ਕਵਿਤਾ ਨਹੀਂ — ਕਦਾਚਿਤ ਨਹੀਂ। ਕਵਿਤਾ ਦੀਆਂ ਸ਼ਰਤਾਂ ਦੀ ਪਾਲਣਾ ਕਰਦਿਆਂ ਹੋਇਆਂ, ਆਮ ਆਦਮੀ ਦੀਆਂ ਆਸਾਂ — ਉੱਮੀਦਾਂ ਦੀਆਂ ਗੱਲਾਂ ਕਵਿਤਾ ਵਿਚ ਲਿਆ ਸਕਾਂ, ਏਸੇ ਕਰਕੇ ਮੈਂ ਸਾਰਾ ਜੀਵਨ ਆਪਣੇ ਦੋਵੇਂ ਹੱਥ ਅੱਡੀ ਖਲੋਤਾ ਹਾਂ। □

ਕਹਾਣੀ

ਸੁਖਵੰਤ ਕੌਰ ਮਾਨ

# ਮਸ਼ੀਨ

ਮੈਂ ਰੁਪਿਆ ਦੇਨਾਂ ਘੰਟੇ ਦਾ... ਸਾਰਿਆਂ ਨੇ ਇੱਕਦਮ ਉਹਦੇ ਮੂੰਹ ਵਲ ਵੇਖਿਆ ਸੀ। — ਤੂੰ ਵਾਧਾ ਪਿਆ ਕਰਨਾ ਏ ਬਲਕਾਰ ਸਿੰਹਾਂ...। ਕੁਲਦੀਪ ਸਿੰਘ ਦੀਆਂ ਅੱਖਾਂ ਵਿਚ ਜਿਵੇਂ ਖ਼ੂਨ ਉਤਰ ਆਇਆ ਸੀ।

— ਇਹਦੇ 'ਚ ਕੀ ਏ, ਤੂੰ ਵੱਧ ਦੇ, ਤੂੰ ਲੈ ਜਾ...। — ਚਲੋਂ ਬਈ ਮੈਂ ਸਵਾ ਦੇਨਾਂ... ਕੁਲਦੀਪ ਸਿੰਘ ਨੇ ਓਦੋਂ ਵੀ ਬੋਲੀ ਚੁੱਕ ਦਿੱਤੀ ਸੀ।

— ਚਲੋ ਬਈ ਹੁਣ ਤਾਂ ਫੇਰ...। ਸਰਦਾਰ ਉਤੇ ਅਹਿਸਾਨ — ਜਿਹਾ ਜਤਾਂਦਿਆਂ ਕਾਲੂ ਨੇ ਆਪਣੇ ਸਾਥੀਆਂ ਨੂੰ ਕਿਹਾ ਸੀ। ਜਿਵੇਂ ਤੂੰ ਆਹਨਾਂ ਏ, ਅੱਗੇ ਈ ਦੋਂਹ ਰਾਤਾਂ ਦਾ ਜਗਰਾਤਾ ਏ ਪੂਰਨ ਨੇ ਉਬਾਸੀ ਲੈਂਦਿਆਂ ਕਿਹਾ ਸੀ। — ਘੜੀ ਰਮਾਨ ਕਰ ਲਈਏ ਤਾਂ ਚੰਗਾ ਏ...। ਪ੍ਰੀਤੂ ਨੇ ਭਾਰ ਜਿਹਾ ਵਿਖਾਂਦਿਆਂ ਆਖਿਆ ਸੀ। ਦੇਬੂ ਪਰ੍ਹਾਂ ਭੋਏਂ ਤੇ ਪਰਨਾ ਵਿਛਾਅ ਕੇ ਅੱਧ ਲੇਟਿਆ ਜਿਹਾ ਇਹ ਸਾਰਾ ਤਮਾਸ਼ਾ ਅੱਧ-ਮੀਟੀਆਂ ਜਿਹੀਆਂ ਅੱਖਾਂ ਨਾਲ ਵੇਖੀ ਜਾ ਰਿਹਾ ਸੀ। ਚੜ੍ਹਦੇ ਵਲੋਂ ਗੱਜਦਾ ਆ ਰਿਹਾ ਬੱਦਲ ਘੜੀ ਪਲ ਲਈ ਤਾਂ ਸਾਰਿਆਂ ਦਾ ਤ੍ਰਾਹ ਕੱਢ ਗਿਆ ਸੀ।

— ਨਹੀਂ ਜਾਣਾ ਨਾ ਸਈ, ਮੈਂ ਚੱਲਿਆਂ ਮਿੰਦੂ ਹੁਰਾਂ ਦੇ ਟੋਲੇ ਵੱਲ ਉਨ੍ਹਾਂ ਨੂੰ ਢਿੱਲਿਆਂ ਮੱਠਿਆਂ ਵੇਖ ਸਰਦਾਰ ਨੇ ਜਿਵੇਂ ਫੈਸਲਾ ਸੁਣਾਂਦਿਆਂ ਕਿਹਾ ਸੀ। ਝੱਟ ਦੇਣੀ ਆਪਣੇ ਸਾਥੀਆਂ ਨਾਲ ਘੁਸਰ-ਮੁਸਰ ਕਰ ਕਾਲੂ ਉਨ੍ਹਾਂ ਨੂੰ ਲਈ ਸਰਦਾਰ ਦੇ ਮਗਰੇ ਹੋ ਲਿਆ ਸੀ। ਪਰ ਥਕੇਵੇਂ ਤੇ ਉਨੀਂਦਰੇ ਕਰਕੇ ਉਹਨਾਂ ਦੇ ਪੈਰ ਜਿਵੇਂ ਥਿੜਕ ਰਹੇ ਸਨ।

— ਝਬਦੇ ਪੈਰ ਪੁੱਟੋ ਸਰਦਾਰ ਨੇ ਪਿਛੇ ਮੁੜਕੇ ਉਹਨਾਂ ਨੂੰ ਹੌਲੀ ਹੌਲੀ ਤੁਰਦਿਆਂ ਵੇਖ ਕਿਹਾ ਸੀ। ਦੂਰੋਂ ਬੱਦਲ ਲਿਸ਼ਕ ਰਿਹਾ ਸੀ। ਹਵਾ ਵੀ ਅੱਗੇ ਨਾਲੋਂ ਤੇਜ਼ ਹੋ ਗਈ ਸੀ। ਕਿਸੇ ਵੇਲੇ ਮੀਂਹ ਪੈ ਸਕਦਾ ਸੀ। ਰੇਡੀਓ ਨੇ ਵੀ ਚਵ੍ਹੀ ਘੰਟਿਆਂ ਦੇ ਅੰਦਰ ਅੰਦਰ ਭਾਰੀ ਮੀਂਹ ਦੀ...। ਮਨ ਹੀ ਮਨ ਵਿਚ ਉਹ ਮਜ਼ਦੂਰ ਮਿਲਣ ਤੇ ਸੰਤੁਸ਼ਟ ਸੀ ਭਾਵੇਂ ਸ਼ਮਝਦਾ ਸੀ ਕਿ ਮਜ਼ਦੂਰ ਕੁਝ ਮਹਿੰਗੇ ਹੀ ਮਿਲੇ ਸਨ।

ਸਰਦਾਰ ਦਾ ਮੁੰਡਾ ਪ੍ਰਭਜੀਤ ਮਗਰੇ ਹੀ ਟ੍ਰੈਕਟਰ ਪਿੱਛੇ ਮਸ਼ੀਨ ਲੱਦੀ ਖੇਤ ਵਿਚ ਪਹੁੰਚ ਗਿਆ ਸੀ। ਮਗਰੇ ਕਾਮਾ ਚਾਹ ਦਾ ਜੱਗ ਤੇ ਗਿਲਾਸ ਚੁੱਕੀ ਆਂ ਰਿਹਾ ਸੀ। "— ਚਾਹ ਪੀ ਲਓ ਭਾਈ।" ਦੂਰੋਂ ਹੀ ਹੋਕਰਾ ਮਾਰਦਿਆਂ ਉਹਨੇ ਚੌਹਾਂ ਨੂੰ ਬੁਲਾ ਲਿਆ ਸੀ। ਚੋਖੀ ਪੱਤੀ ਪਾ ਕੇ ਸ਼ਾਹ ਕਾਲੀ ਭਾਫਾਂ ਛੱਡਦੀ ਚਾਹ ਪੀਦਿਆਂ ਸਾਰ ਉਹਨਾਂ ਦੀਆਂ ਉਨੀਂਦਰੇ ਭਰੀਆਂ ਅੱਖੀਆਂ ਕੁਝ ਖੁੱਲ੍ਹੀਆਂ ਸਨ।

— ਉਂ ਅੱਜ ਕੰਮ ਨਹੀਂ ਹੋਣਾ। ...ਪ੍ਰੀਤੂ ਨੇ ਝਕਦੇ ਜਿਹੇ ਨੇ ਕਹਿ ਹੀ ਦਿੱਤਾ ਸੀ। — ਅਹੀਓ ਚਾਰ ਦਿਨ ਨੇ ਕਮਾਈ ਦੇ, ਮਗਰੋਂ ਤੁਹਾਨੂੰ ਕਿਸ ਪੁੱਛਣਾ, ਨਾਲੇ ਵੇ, ਲਾਏ, ਰੁਪਈਏ ਤੋਂ ਸਵਾ ਲੈ ਕੇ ਆਏ ਆਂ ਹੋਰ ਫਾਹ ਲੈਣਾਂ ...।"

— ਚਲੋ ਬਈ ਜਵਾਨੋ ਮਸ਼ੀਨ ਮੈਂ ਮੰਗੀ ਹੋਈ ਏ ਕਿਸੇ ਦੀ ਅਗਲੇ ਨੇ ਆਪਣਾ ਕੰਮ ਛੱਡ ਕੇ ...।" — "ਚਲੋ ਬਈ ਚਲੋ। ਪੂਰਨ ਨੇ ਉਠਕੇ ਆਕੜ ਭੰਨਦਿਆਂ ਕਿਹਾ ਸੀ।

— ਅੱਛਾ ਇੰਜ ਕਰਿਓ ਸਰਦਾਰ ਜੀ ਰਾਤੀ ਦੋ ਕੁ ਘੰਟੇ ਟੇਢੇ ਹੋ ਲੈਣ ਦਈਓ ਸਾਨੂੰ...।" ਪੂਰਨ ਨੇ ਸਰਦਾਰ ਅੱਗੇ ਜਿਵੇਂ ਤਰਲਾ ਲੈਂਦਿਆਂ ਕਿਹਾ ਸੀ — ਲੱਗੋ ਤਾਂ ਸਹੀ। ਸਰਦਾਰ ਨੇ ਬੇ-ਪਰਵਾਹੀ ਨਾਲ ਕਿਹਾ ਸੀ। ਚਾਰੇ ਜਣੇ ਭਰੀਆਂ ਲਿਆ ਲਿਆ ਮਸ਼ੀਨ ਕੋਲ ਜੋੜ ਰਹੇ ਸਨ। ਅੱਧੇ ਘੰਟੇ ਵਿਚ ਪ੍ਰਭਜੀਤ ਨੇ ਮਸ਼ੀਨ ਚਾਲੂ ਕਰ ਦਿੱਤੀ ਸੀ। ਦੋ ਜਣੇ ਭਰੀਆਂ ਲਿਆਈ ਜਾਂਦੇ ਤੇ ਇਕ ਜਣਾ ਥੱਲਿਉਂ ਫੜਾਈ ਜਾਂਦਾ। ਵੀਰੂ ਮਸ਼ੀਨ ਦੇ ਪਾੜਛੇ ਅਗੇ ਖੜਾ ਰੁੱਗ ਲਾ ਰਿਹਾ ਸੀ। ਥੋੜੀ ਜਿਹੀ ਅਟਕਣ ਤੇ ਮਸ਼ੀਨ ਪ੍ਰਭਜੀਤ ਨੇ ਫੇਰ ਠੀਕ ਕਰ ਦਿਤੀ ਸੀ। ਪ੍ਰਭਜੀਤ ਦਾ ਮੰਜੀ ਬਿਸਤਰਾ ਵੀ ਨੌਕਰ ਨੇ ਖੇਤ ਵਿਚ ਹੀ ਲਿਆ ਦਿਤਾ ਸੀ। ਕੰਮ ਚੰਗਾ ਚਾਲੂ ਹੋ ਗਿਆ ਸੀ। ਪਰ ਦੂਰੋਂ ਗੂਹੜੇ ਹੁੰਦੇ ਜਾ ਰਹੇ ਬੱਦਲਾਂ ਵਲ ਵੇਖ ਪ੍ਰਭਜੀਤ ਕੁਝ ਫ਼ਿਕਰਮੰਦ ਜਿਹਾ ਹੋ ਗਿਆ ਸੀ।

"ਕਿਉਂ ਪ੍ਰਭਜੀਤ ਕੰਮ ਹੋ ਗਿਆ ਚਾਲੂ, ਹੁਣ ਗੱਲ ਇਹ ਐ, ਮਸ਼ੀਨ ਖਲੋਵੇ ਨਾ ਬਿੰਦ ਵੀ ਮੈਂ ਆਪਣਾ ਕੰਮ ਖਲ੍ਹਾਰ ਕੇ ਤੁਹਾਨੂੰ ਦਿਤੀ ਏ।" ਮੋਟਰ ਸਾਈਕਲ ਸੜਕ ਉਤੇ ਖਲ੍ਹਾਰ ਕੇ ਸ੍ਰ: ਗੁਰਪਾਲ ਸਿੰਘ ਨੇ ਕੋਲ ਆਉਂਦਿਆਂ ਕਿਹਾ ਸੀ। ਪ੍ਰਭਜੀਤ ਨੇ ਵੀ ਅਗੋਂ ਯਕੀਨ ਦੁਆਇਆ ਸੀ ਕਿ ਉਹ ਮਸ਼ੀਨ ਨੂੰ ਖਲੋਣ ਨਹੀਂ ਦੇਵੇਗਾ ਤੇ ਭਲਕੇ ਹਰ ਹਾਲਤ ਵਿਚ ਮਸ਼ੀਨ ਉਹਨਾਂ ਨੂੰ ਵਾਪਸ ਕਰ ਦੇਵੇਗਾ।

ਅੱਗੋਂ ਆਉਂਦੇ ਸ੍ਰ: ਕੁਲਦੀਪ ਸਿੰਘ ਨੂੰ ਖਲ੍ਹਾਰਦਿਆਂ ਸ੍ਰ: ਗੁਰਪਾਲ ਸਿੰਘ ਨੇ ਫੇਰ ਕੰਮ ਛੇਤੀ ਛੇਤੀ ਨਬੇੜਨ ਲਈ ਪੱਕੀ ਕੀਤੀ ਸੀ।

— ਸ਼ਾਬਾਸ਼ ਬਈ ਸ਼ਾਬਾਸ਼ ਜਵਾਨੋ ਚੱਕ ਦਿਉ ਫੱਟੇ, ਕੋਰਾਂ। ਸਰਦਾਰ ਕੁਲਦੀਪ ਸਿੰਘ ਨੇ ਆਉਂਦਿਆਂ ਹੀ ਮਜ਼ਦੂਰਾ ਨੂੰ ਹੱਲਾਸ਼ੇਰੀ ਦੇਂਦਿਆਂ ਕਿਹਾ ਸੀ ਫੇਰ ਪ੍ਰਭਜੀਤ ਨੂੰ ਪਰ੍ਹਾਂ ਲਿਜਾ ਕੇ ਉਹਨੇ ਕੁਝ ਹੌਲੀ ਦੇਣੀ ਕਿਹਾ ਸੀ।

— ਚਾਹੀਦਾ ਹੋਰ ਕੁਝ ? ਮਜ਼ਦੂਰਾਂ ਦੇ ਸਿਰ ਉਤੇ ਜਾ ਕੇ ਖਲੋਂਦਿਆਂ ਪ੍ਰਭਜੀਤ ਨੇ ਅੱਖ ਚਮਕਾਂਦਿਆਂ ਕਿਹਾ ਸੀ। ਨਾਲ ਦੀ ਨਾਲ ਹੀ ਜੇਬ ਵਿਚੋਂ ਇਕ ਪੁੜੀ ਜਿਹੀ ਕੱਢ ਕਾਲੀ ਜਿਹੀ ਗੋਲੀ ਨਾਲੋਂ ਮਾਸਾ ਮਾਸਾ ਤੋੜਦਿਆਂ ਉਹਨੇ ਚਾਰੇ ਜਣਿਆਂ ਦੀਆਂ ਅੱਡੀਆਂ ਹੋਈਆਂ ਤਲੀਆਂ ਉਤੇ ਕੁਝ ਰਖ ਦਿਤਾ ਸੀ।

— ਵਾਰੀ ਬਾਈ ਰੁੱਗ ਦੇਣ ਵਾਲੇ ਦੀ ਘੰਟੇ ਘੰਟੇ ਬਾਅਦ ਬਦਲ ਲਿਆ ਕਰੋ, ਤੁਸੀਂ ਓ ਉਨੀਂਦਰੇ, ਉਹ ਨਾ ਹੋਏ......।

— ਚੰਗਾ ਚਲ ਬਈ ਦੇਬੂ ਤੇਰੀ ਵਾਰੀ ਏ ਹੁਣ। ਕਾਲੇ ਨੇ ਹੁਕਮ ਦੇਣ ਵਾਂਗ ਕਿਹਾ ਸੀ।

— ਵੇਖੀਂ ਸੌਂ ਨਾ ਜਾਈਂ ਮਤੇ ਜਾਹ ਜਾਂਦੀਏ ਹੋ ਜਾਏ। ਪ੍ਰਭਜੀਤ ਨੇ ਚਿਤਾਵਣੀ ਦਿੰਦਿਆਂ ਕਿਹਾ ਸੀ।

— ਪਤਾ ਉਦੋਂ ਲਗਣਾ ਏਂ, ਜਦੋਂ ਬਾਂਹ ਕੁਤਰਾ ਕੁਤਰਾ ਹੋ ਜਾਊ।" ਦੀਪੇ ਨੇ ਮਖ਼ੌਲ ਨਾਲ ਕਿਹਾ ਸੀ।

— ਸੁਖ ਸੁਖ ਬੋਲ ਕਾਲੇ ਮੂੰਹ ਵਾਲਿਆ......।

— ਸੱਪ ਓਏ ਸੱਪ...। ਸਿਰ ਤੇ ਚੁਕੀ ਹੋਈ ਭਰੀ ਕਾਲਾ ਥੱਲੇ ਸੁਟਦਿਆਂ ਟੱਪ ਕੇ ਪਰ੍ਹਾਂ ਹੋ ਗਿਆ ਸੀ। ਸਾਰਿਆਂ ਦੇ ਆਉਂਦਿਆਂ ਕਰਦਿਆਂ ਸੱਪ ਸ਼ਾਇਦ ਭਰੀਆਂ ਵਿਚ ਵੜ ਗਿਆ

ਸੀ। ਬੇਹੱਦ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਹੁਣ ਲੱਭ ਨਹੀਂ ਸੀ ਰਿਹਾ।

— ਸਰਦਾਰ ਜੀ ਕਿਤੇ ਕਿਸੇ ਨੂੰ......। ਦੇਬੂ ਨੇ ਡਰ ਜ਼ਾਹਿਰ ਕੀਤਾ ਸੀ। "ਹੁਕਮੈ ਬਾਝ ਨਾ ਝੂਲੈ ਪਾਤਾ......। ਪ੍ਰਭਜੀਤ ਨੇ ਦਾਰਸ਼ਨਿਕ ਵਾਂਗ ਦਲੀਲ ਦਿਤੀ ਸੀ।

ਖੜ ਕੇ ਕੀ ਦੇਖੀ ਜਾਂਦੇ ਓ, ਵਕਤ ਡਹੇ ਹੋਏ ਜੇ ਗੁਆਉਣ......... ਮਜ਼ਦੂਰਾਂ ਨੂੰ ਖਲੋਤਿਆਂ ਵੇਖ ਪ੍ਰਭਜੀਤ ਨੇ ਘੜੀ ਵੇਖਦਿਆਂ ਕਿਹਾ ਸੀ।

— ਹੱਛਾ ਪਿਆ ਦਿਓ ਫੇਰ ਕੌੜੀ ਜਿਹੀ, ਕੇਰਾਂ।

— ਚਾਹ ਜਿੰਨੀ ਮਰਜ਼ੀ ਕੰਮ ਨਾ ਖਲੋਵੇ। ਬੱਦਲ ਦੀ ਗੜਗੜਾਹਟ ਨੂੰ ਹੋਰ ਨੇੜੇ ਆਉਂਦਿਆਂ ਸੁਣ ਪ੍ਰਭਜੀਤ ਜਿਵੇਂ ਹਰ ਸ਼ਰਤ ਮੰਨਣ ਨੂੰ ਤਿਆਰ ਸੀ।

— ਵਾਰੀ ਬਦਲ ਲਉ ਬਈ......। ਕੁਝ ਦੇਰ ਬਾਅਦ ਕਾਲੇ ਨੇ ਹੋਕਰਾ ਦਿਤਾ ਸੀ। ਹਵਾ ਜਿਵੇਂ ਝੱਖੜ ਬਣ ਗਈ ਸੀ। ਤੂੜੀ ਉੱਡ ਉੱਡ ਕੇ ਮੂੰਹਾਂ ਉਤੇ ਪੈ ਰਹੀ ਸੀ।

— ਜਾਗਦੇ ਰਹੀਓ ਬਈ......। ਕਾਲਾ ਭਰੀ ਮਸ਼ੀਨ ਦੇ ਨੇੜੇ ਸੁਟਦਿਆਂ ਹੋਕਰਾ ਮਾਰ ਗਿਆ ਸੀ।

— ਬਾਈ, ਨੀਂਦਰਾ ਰੜਕਦਾ ਕੁਝ ਦੇਰ ਬਾਅਦ ਪੂਰੀ ਨੇ ਸ਼ਿਕਾਇਤ ਕੀਤੀ ਸੀ।

— ਨਾ, ਨਵਾਰੀ ਪਲੰਘ ਨਾ ਵਿਛਾ ਦਵਾਂ ਤੈਨੂੰ......। ਕਾਲੇ ਨੇ ਟਿੱਚਰ ਕੀਤੀ ਸੀ।

— ਕਿਉਂ ਮਰਦੇ ਓ ਪਏ, ਨਿੱਬੜ ਜਾਣਾ ਏ ਸਵੇਰ ਥਾਈਂ ......।

— ਔਧਰ ਵੇਖ ਲਿਸ਼ਕਦਾ ਆਉਂਦਾ ਤੇਰਾ ਬਾਪੂ ......।

— ਛੇਤੀ ਛੇਤੀ ਬਈ ਜਵਾਨੋ ਨੇੜੇ ਆਉਂਦਿਆਂ ਪ੍ਰਭਜੀਤ ਨੇ ਉੱਚੀ ਦੇਣੀ ਕਿਹਾ ਸੀ। ਪਹਿਓਂ ਪਾਰਲੇ ਬੋਹੜ ਤੋਂ ਉੱਲੂ ਦੇ ਬੋਲਣ ਦੀ ਆਵਾਜ਼ ਆ ਰਹੀ ਸੀ।

ਪੂਰਨ ਨੂੰ ਇਕਦਮ ਜਾਪਿਆ ਸੀ ਜਿਵੇਂ ਰੁਗ ਲਾਉਂਦਾ ਲਾਉਂਦਾ ਉਹ ਡਿੱਗ ਹੀ ਨਾ ਪਵੇ, ਆਪਣੇ ਆਪ ਨੂੰ ਸੁਘੜ ਰਖਣ ਦੀ ਕੋਸ਼ਿਸ਼ ਕਰਦਿਆਂ-ਕਰਦਿਆਂ ਵੀ ਉਹ ਇਕ ਵਾਰ ਉਂਘਲਾ ਗਿਆ ਸੀ।

— ਵੇਖੀਂ ਉਏ ਵੇਖੀਂ ਪੂਰਨਾ ਕਿਤੇ ਕੁਤਰਿਆ ਨਾ ਜਾਈਂ......। ਥੱਲਿਓਂ ਕਾਲੇ ਦੀ ਆਵਾਜ਼ ਆਈ ਸੀ।

ਬੱਦਲ ਹੁਣ ਜ਼ੋਰ ਦੀ ਗਰਜਿਆ ਸੀ, ਸ਼ਾਇਦ ਉੱਲੂ ਨੇ ਕਿਸੇ ਜਾਨਵਰ ਨੂੰ ਦਬੋਚ ਲਿਆ ਸੀ। ਬਿਜਲੀ ਦੀ ਚਮਕ ਤੇ ਬੱਦਲਾਂ ਦੀ ਗੜਗੜਾਹਟ ਹੋਰ ਨੇੜੇ ਆ ਰਹੀ ਸੀ।

— ਮਾਰ ਲਓ, ਮਾਰ ਲਓ ਬਈ ਜ਼ੋਰ। ਪ੍ਰਭਜੀਤ ਨੇ ਮੰਜੀ ਤੋਂ ਉਠਦੇ ਨੇ ਹੋਕਰਾ ਮਾਰਿਆ ਸੀ।

— ਟੈਮ ਕੀ ਹੋਇਆ, ਪੂਰਨਾ। ਦੇਬੇ ਨੇ ਅੱਧ ਮੀਟੀਆਂ ਅੱਖਾਂ ਨਾਲ ਹਨੇਰੇ ਵਲ ਘੂਰਦਿਆਂ ਪੁਛਿਆ ਸੀ।

— ਨੀਂਦਰਾ ਰੜਕਦਾ ਹੁਣ ਤਾਂ ਮਖ......। ਕਾਲਾ ਵੀ ਜਿਵੇਂ ਹਥਿਆਰ ਸੁਟ ਬੈਠਾ ਸੀ।

ਕੋਈ ਚਾਰ ਵਜੇ ਸਵੇਰੇ ਖੇਤ ਵਿਚ ਵੜਦਿਆਂ ਹੀ ਕੁਲਦੀਪ ਸਿੰਘ ਟਾਰਚਾਂ ਮਾਰ ਮਾਰ ਕੱਢੇ ਹੋਏ ਦਾਣਿਆਂ ਦੇ ਬੋਹਲ ਤੇ ਪਈਆਂ ਹੋਈਆਂ ਭਰੀਆਂ ਵਲ ਵਾਰੋ ਵਾਰੀ ਵੇਖ ਰਿਹਾ ਸੀ। ਅੰਦਰੋਂ ਅੰਦਰ ਉਹਨੂੰ ਡਰ ਕੁਤਰ ਕੁਤਰ ਖਾ ਰਿਹਾ ਸੀ, ਨਾ ਜਾਣੀਏ ਹੁਣੇ ਮੀਂਹ ਲਹਿ ਪਵੇ, ਕੰਮ ਰੁਕਣ ਦਾ ਡਰ, ਵਾਧੂ ਦੀ ਰਾਖੀ ਭਿੱਜੀਆਂ ਹੋਈਆਂ ਭਰੀਆਂ, ਕੰਮ ਪੂਰਾ ਹਫ਼ਤਾ ਅਗੇ ਪੈ ਸਕਦਾ ਸੀ। ਮਜ਼ਦੂਰ; ਕਿਥੋਂ ਕਿਥੋਂ ਢੂੰਡਦਾ ਫਿਰੇਗਾ ਉਹ ਫੇਰ।

— "ਏਸ ਸਪੀਡ ਤੇ ਕੰਮ ਨਹੀਂ ਨਿਬੜਣਾ। ਭਰੀਆਂ ਲਿਆਉਣ ਵਾਲੇ ਮਜ਼ਦੂਰ ਦੀ ਤੋਰ ਉਹਨੂੰ ਕੁਝ ਢਿਲੀ ਲਗ ਰਹੀ ਸੀ। ਪੈਰ ਕਿਉਂ ਨਹੀਂ ਪੁੱਟਦੇ ਤੁਸੀਂ ਯਾਰ...... ਜੁਗੋਂ

ਬਾਹਰਾ ਤੁਹਾਨੂੰ ਰੇਟ......" ਸਰਦਾਰ ਦੇ ਬੋਲ ਵਿਚ ਰੋਹ ਸੀ।

— ਸਵੇਰ ਦੀ ਸ਼ਿਫਟ ਲਈ ਬੰਦੇ ਲੈ ਆਇਓ ਸਰਦਾਰ ਜੀ ....। ਕਾਲੇ ਦੇ ਬੋਲਾਂ ਵਿਚ ਥਕੇਵਾਂ ਤੇ ਰੁਖ਼ਾਈ ਸੀ।

— ਦੁਪਹਿਰ ਤਾਈਂ ਤਾਂ ਸਾਰਾ ਨਿਬੜ ਜਾਣੈ......। ਸਰਦਾਰ ਨੇ ਰਤਾ ਨਰਮਾਈ ਨਾਲ ਕਿਹਾ ਸੀ। ਪਰ ਨਾਲ ਦੀ ਨਾਲ ਕੜਕਦੀ ਹੋਈ ਬਿਜਲੀ ਦੀ ਤੇਜ਼ ਲਿਸ਼ਕੋਰ ਉਹਦਾ ਜਿਵੇਂ ਕਲੇਜਾ ਕੱਢ ਗਈ ਸੀ।

— ਜਾਗ ਬਈ ਤੂੰ ਵੀ......। ਪ੍ਰਭਜੀਤ ਨੂੰ ਜਗਾ, ਪਿਉ ਪੁੱਤਰ ਨੇ ਕੁਝ ਘੁਸਰ ਮੁਸਰ ਕੀਤੀ ਸੀ। ਰਾਤ ਈ ਕੁਲਦੀਪ ਸਿੰਘ ਪਿੰਡ ਵਿਚ ਫਿਰ ਆਇਆ ਸੀ, ਪਰ ਦੂਜੀ ਸ਼ਿਫਟ ਲਈ ਕੋਈ ਮਜ਼ਦੂਰ ਨਹੀਂ ਸੀ ਮਿਲਿਆ।

— ਮਖ, ਸੌਂ ਨਾ ਜਾਈਂ, ਦੇਬੂ ਨੇ ਪੂਰੀ ਨੂੰ ਹੋਕਰਾ ਮਾਰਦਿਆਂ ਚਿਤਾਵਣੀ ਦਿਤੀ ਸੀ ਤੇ ਨਾਲ ਦੀ ਨਾਲ ਹੀ ਕੱਲ੍ਹ ਸੁਧੋਵਾਲੀਆਂ ਦੀ ਮਸ਼ੀਨ ਤੇ ਕਰਤਾਰੇ ਦੀ ਵੱਢੀ ਬਾਂਹ ਦਾ ਚੇਤਾ ਕਰਕੇ ਉਹਦਾ ਜਿਵੇਂ ਦਿਲ ਕੰਬ ਗਿਆ ਸੀ। ਯਾਰ ਤੂੰ ਤਾਂ ਸਾਨੂੰ ਵੀ ਮਾਰਿਆ...... ਥਕੇਵੇਂ ਤੇ ਉਨੀਂਦਰੇ ਨਾਲ ਭੰਨਿਆਂ ਪਿਆ ਪ੍ਰੀਤੂ ਸਿਰ ਉਤੇ ਭਰੀ ਚੁਕਦਿਆਂ ਜਿਵੇਂ ਲੜਖੜਾ ਗਿਆ ਸੀ।

ਦੂਰੋਂ ਕਿਸੇ ਪੰਛੀ ਦੀ ਕੁਰਲਾਹਟ ਉਹਦਾ ਕਲੇਜਾ ਚੀਰ ਗਈ ਸੀ। ਦੋਵੇਂ ਪਿਉ ਪੁੱਤਰ ਲਿਸ਼ਕਦੀ ਬਿਜਲੀ ਤੇ ਗੱਜਦੇ ਬੱਦਲ ਵੇਖ ਨਿੰਮੋਝੂਣ ਜਿਹੇ ਹੋਏ ਖਲੋਤੇ ਸਨ।

— ਸਰਦਾਰ ਜੀ ਕਰੋ ਮਸ਼ੀਨ ਬੰਦ ਆਪਣੀ ਘੜੀ ਨੂੰ ਵੇਖਦਿਆਂ ਕਾਲੇ ਨੇ ਕਿਹਾ ਸੀ।

– ਆਹ ਕੌਣ ਕੱਢੂ ? ਸਰਦਾਰ ਦੇ ਚਿਹਰੇ ਤੇ ਲਾਚਾਰੀ ਭਰਿਆ ਰੋਹ ਸੀ।

– ਸਰਦਾਰ ਜੀ ਅਸੀਂ ਤਾਂ ਤੁਹਾਨੂੰ ਨਾਂਹ ਨਹੀਂ ਸਾਂ ਕਰ ਸਕੇ...। ਪੱਗ ਦੇ ਲੜ ਨਾਲ ਮੂੰਹ ਤੋਂ ਤੂੜੀ-ਭਰਿਆ ਘੱਟਾ ਪੂੰਝਦਿਆਂ ਕਾਲੇ ਨੇ ਕਿਹਾ ਸੀ।

ਥੱਕੇ-ਹਾਰੇ ਪ੍ਰੀਤੂ ਤੇ ਪੂਰਨ ਵੀ ਕੋਲ ਆ ਕੇ ਬਹਿ ਗਏ ਸਨ। ਜ਼ਰਾ ਪਰ੍ਹਾਂ ਜਾ ਕੇ ਪਿਤੇ-ਪੁੱਤਰ ਨੇ ਕੋਈ ਸਲਾਹ ਕੀਤੀ ਸੀ। ਏਨੇ ਵਿਚ ਚਾਰੇ ਮਜ਼ਦੂਰ ਉਠ ਕੇ ਸੜਕ ਵੱਲ ਤੁਰ ਪਏ ਸਨ।

ਅਸਮਾਨ ਵਿਚ ਬੱਦਲ ਜਿਵੇਂ ਘੁਲਮਿਲ ਗਿਆ ਸੀ।

— ਯਾਰ ਗੱਲ ਤਾਂ ਸੁਣੋ......।

— ਨਾ ਜੀ ਤੁਸੀਂ ਬੰਦੇ ਹੋਰ ਲੱਭ ਲਵੋ।

— ਚਲੋ ਡੇਢ ਲੈ ਦਿਓ ਘੰਟੇ ਦੇ। ਪ੍ਰਭਜੀਤ ਨੇ ਜਾਂਦੇ ਮਜ਼ਦੂਰਾਂ ਨੂੰ ਆਵਾਜ਼ ਮਾਰਦਿਆਂ ਕਿਹਾ ਸੀ। ਮਗਰੇ ਭੱਜ ਕੇ ਉਹਨੇ ਕਾਲੇ ਨੂੰ ਜਾ ਫੜਿਆ ਸੀ।

– ਮੱਖ, ਫੇਰ ਕੀ ਸਲਾਹ ਜੇ ? ਕਾਲੇ ਨੇ ਆਪਣੇ ਸਾਥੀਆਂ ਤੋਂ ਪੁਛਿਆ ਸੀ।

— ਨਾ, ਅਸੀਂ ਕੋਈ ਤੈਥੋਂ ਬਾਹਰੇ ਆਂ......। ਮਲਵੀਂ ਜਿਹੀ ਜੀਭ ਨਾਲ ਪ੍ਰੀਤੂ ਨੇ ਕਿਹਾ ਸੀ।

– ਕੰਮ ਤਾਂ ਦੁਪਹਿਰ ਤਾਈਂ ਮੁੱਕ ਜਾਣਾ ਏਂ। ਪ੍ਰਭਜੀਤ ਨੇ ਦਲੀਲ ਦਿਤੀ ਸੀ। ਨਾਲ ਹੀ ਜੇਬ ਵਿਚੋਂ, ਮੋਮੀ ਕਾਗ਼ਜ਼ ਕਢਦਿਆਂ ਕਾਲੀ ਜਿਹੀ ਕੋਈ ਚੀਜ਼ ਕਢ ਰੀਣ ਰੀਣ ਸਾਰਿਆਂ ਦੀਆਂ ਤਲੀਆਂ ਉਤੇ ਰਖ ਦਿਤੀ ਸੀ। ਸਾਰਿਆਂ ਨੇ ਇਕ ਦੂਜੇ ਵਲ ਭੇਤ ਭਰੀਆਂ ਨਜ਼ਰਾਂ ਨਾਲ ਵੇਖਿਆ ਸੀ — ਪਾਪਾ ਜੀ, ਚਾਹ ਜ਼ਰਾ ਕੰਡੇਦਾਰ......। ਪਿਉ ਵਲ ਅੱਖ ਮੀਟ ਕੇ ਵੇਖਦਿਆਂ ਪ੍ਰਭਜੀਤ ਮੁਸਕਰਾ ਪਿਆ। ਚੱਕ ਦਿਓ ਫੱਟੇ, ਕੇਰਾਂ......। ਪ੍ਰਭਜੀਤ ਨੇ ਉੱਚੀ ਦੇਣੀ ਲਲਕਾਰਾ ਮਾਰਿਆ। ਮਸ਼ੀਨ ਉਦੂੰ ਵੀ ਤੇਜ਼ ਗਤੀ ਨਾਲ ਚਲ ਪਈ। □

ਲੋਕ ਨਾਥ

# ਪੰਜਾਬ ਦਾ ਅਵਾਮੀ ਸਿਆਸੀ ਰੰਗ-ਮੰਚ

ਪੰਜਾਬ ਵਿਚ ਰੰਗਮੰਚ ਦੀ ਸਥਾਪਨਾ ਨਿਯਮਤ ਰੂਪ ਵਿਚ ਇਸ ਸਦੀ ਦੇ ਦੂਸਰੇ ਦਹਾਕੇ ਵਿਚ ਹੋਈ। (ਬੇਸ਼ੱਕ ਪੰਜਾਬੀ ਨਾਟਕ ਦੇ ਖੋਜੀ ਇਸਦਾ ਆਰੰਭ ਨਕਲੀਆਂ, ਰਾਸਧਾਰੀਆਂ ਤੇ ਭੰਡਾਂ ਨਾਲ ਜੋੜਦੇ-ਜੋੜਦੇ ਇਸ ਨੂੰ ਸੰਸਕ੍ਰਿਤ ਨਾਟ-ਮੰਚ ਦੀ ਵਿਕਸਤ ਪਰੰਪਰਾ ਨਾਲ ਜੋੜਦੇ ਰਹੇ ਹਨ।) ਇਹ ਉਹ ਸਮਾਂ ਸੀ, ਜਦੋਂ ਸਮੁੱਚਾ ਭਾਰਤ ਪੱਛਮੀ ਸੰਸਕ੍ਰਿਤੀ ਤੇ ਵਿਦਿਆ ਦੇ ਸੰਪੂਰਨ ਪ੍ਰਭਾਵ ਅਧੀਨ ਆਉਣ ਪਿੱਛੋਂ ਅਰਧ-ਚੇਤਨ ਰੂਪ ਵਿਚ ਉਸ ਦੀ ਗ੍ਰਿਫ਼ਤ ਵਿਚੋਂ ਨਿਕਲਣ ਲਈ ਛਟਪਟਾ-ਉਣ ਲਗ ਪਿਆ ਸੀ। ਧਾਰਮਿਕ ਤੇ ਸਮਾਜ-ਸੁਧਾਰਕ ਲਹਿਰਾਂ ਲੋਕਾਂ ਨੂੰ ਜਾਗਰੂਕ ਵੀ ਕਰ ਰਹੀਆਂ ਸਨ ਤੇ ਨਵੀਆਂ ਕੀਮਤਾਂ ਦੇ ਆਉਣ ਨਾਲ ਖਿੰਡ ਰਹੀ ਮਾਨਵੀ ਸੋਚ ਨੂੰ ਧਾਰਮਿਕ ਪੁਨਰ-ਸੁਰਜੀਤੀ ਰਾਹੀਂ ਜਿਉਂ-ਦਾ-ਤਿਉਂ ਬਣਾਈ ਰਖਣ ਲਈ ਵੀ ਯਤਨਸ਼ੀਲ ਸਨ। ਇਸ ਸਮੇਂ ਨੋਰਾ ਰਿਚਰਡਜ਼ ਦੀ ਅਗਵਾਈ ਹੇਠ ਪੰਜਾਬੀ ਰੰਗਮੰਚ ਨੇ ਆਪਣੇ ਮੁੱਢਲੇ ਯਤਨ ਆਰੰਭੇ। ਮੂਲ ਰੂਪ ਵਿਚ ਇਸ ਰੰਗਮੰਚ ਦਾ ਸੁਭਾਅ ਸੁਧਾਰਵਾਦੀ ਸੀ। ਸਮਾਜਕ ਕੁਰੀਤੀਆਂ ਅਤੇ ਹੋਰ ਰੋਜ਼ਮੱਰਾ ਦੀਆਂ ਸਮੱਸਿਆਵਾਂ ਨੂੰ ਆਪਣੇ ਕਲੇਵਰ ਵਿਚ ਲੈਣ ਵਾਲੇ ਇਹ ਨਾਟਕ-ਕੁਝ ਕੁ ਸ਼ਹਿਰਾਂ ਅਤੇ ਕਾਲਜਾਂ ਤਕ ਹੀ ਸੀਮਤ ਸਨ। ਰੰਗਮੰਚ ਨਾਲ ਸੰਬੰਧਿਤ ਇਹ ਨਿੱਕੀ ਜਿਹੀ ਲਹਿਰ ਆਂਸ਼ਿਕ ਰੂਪ ਵਿਚ ਸਿਆਸੀ ਰੰਗਮੰਚ ਦੇ ਹੋਂਦ ਵਿਚ ਆਉਣ ਤੇ ਉਸਦੇ ਵਿਕਾਸ ਕਰਨ ਵਿਚ ਵੀ ਕਿਸੇ ਹੱਦ ਤੱਕ ਮਦਦਗਾਰ ਸਾਬਤ ਹੋਈ। ਪਰ ਮੂਲ ਰੂਪ ਵਿਚ ਇਹ ਲਹਿਰ ਪੈਟੀ-ਬੁਰਯਵਾ ਬੁਧੀਜੀਵੀ ਵਰਗ ਨਾਲ ਹੀ ਜੁੜੀ ਰਹੀ ਤੇ ਲੋਕਾਂ ਨਾਲ ਜੁੜਨ ਦੀ ਥਾਵੇਂ ਸਾਹਿਤਕ ਹਲਕਿਆਂ ਤਕ ਹੀ ਸੀਮਤ ਹੋ ਕੇ ਰਹਿ ਗਈ।

ਪੰਜਾਬ ਵਿਚ ਸਿਆਸੀ ਰੰਗਮੰਚ ਦੇ ਬੀਜ ਰਾਸ਼ਟਰੀ ਡਰਾਮੈਟਿਕ ਕਲੱਬ ਵਿਚੋਂ ਲਭੇ ਜਾ ਸਕਦੇ ਹਨ। ਇਹ ਕਲੱਬ ਲਾਲਾ ਲਾਜਪਤ ਰਾਇ ਦੀ ਸਰਪ੍ਰਸਤੀ ਹੇਠ ਚਲ ਰਹੇ ਨੈਸ਼ਨਲ ਕਾਲਜ ਲਾਹੌਰ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਯਤਨਾਂ ਸਦਕਾ ਹੋਂਦ ਵਿਚ ਆਈ। ਇਸ ਡਰਾਮੈਟਿਕ ਕਲੱਬ ਬਾਰੇ ਸਾਨੂੰ ਵਿਸਤਾਰ ਵਿਚ ਪਤਾ ਨਹੀਂ। ਪਰ ਸਿਆਸੀ ਕਾਨਫ਼ਰੰਸਾਂ ਵੇਲੇ ਲੋਕਾਂ ਨੂੰ ਨਾਟਕ-ਦਿਖਾਉਣਾ ਤੇ ਭਗਤ ਸਿੰਘ ਦਾ ਇਸ ਸੰਸਥਾ ਨਾਲ ਜੁੜੇ ਹੋਣਾ ਇਸ ਦੇ ਸਿਆਸੀ ਕਿਰਦਾਰ ਤੋਂ ਜਾਣੂੰ ਕਰਾਉਂਦਾ ਹੈ।*[1] ਲਗਭਗ ਇਹਨਾਂ ਹੀ ਲੀਹਾਂ ਤੇ ਬਾਅਦ ਵਿਚ 'ਇਪਟਾ' ਹੋਂਦ ਵਿਚ ਆਉਂਦੀ ਹੈ। ਇਪਟਾ ਦੇ ਸਥਾਪਤ ਹੋਣ ਜਾਂ ਹਿੰਦ ਕਮਿਊਨਿਸਟ ਪਾਰਟੀ ਦੇ ਬਣਨ ਤੋਂ ਪਹਿਲਾਂ ਹੀ ਮਾਰਕਸਵਾਦੀ ਵਿਚਾਰਧਾਰਾ ਨਾਲ ਪੰਜਾਬ ਦਾ ਬੁਧੀਜੀਵੀ ਵਰਗ ਸੰਪਰਕ ਵਿਚ ਆ ਗਿਆ ਸੀ।[2] ਰਾਸ਼ਟਰੀ ਡਰਾਮੈਟਿਕ ਕਲੱਬ ਨਾਲ ਸੰਬੰਧਿਤ ਵਿਅਕਤੀ ਰਾਜਸੀ ਤੌਰ ਉਤੇ ਚੇਤੰਨ ਅਤੇ ਤੀਸਰੇ ਦਹਾਕੇ ਵਿਚ ਮਾਰਕਸਵਾਦੀ ਵਿਚਾਰਧਾਰਾ ਦੇ ਪ੍ਰਭਾਵਅਧੀਨ ਭਾਰਤ ਵਿਚ ਹਥਿਆਰਬੰਦ ਇਨਕਲਾਬ ਲਿਆਉਣ ਲਈ ਯਤਨਸ਼ੀਲ ਸਨ। ਉਹ ਕੇਵਲ ਆਪਣੀਆਂ ਸਿਆਸੀ ਸਰਗਰਮੀਆਂ ਰਾਹੀਂ ਇਨਕਲਾਬੀ ਵਿਚਾਰਧਾਰਾ ਨੂੰ ਲੋਕਾਂ ਤੇ ਠੋਸਣ ਦੇ ਇੱਛਕ ਨਹੀਂ ਸਨ, ਸਗੋਂ ਸਭਿਆਚਾਰਕ ਤੌਰ 'ਤੇ ਲੋਕਾਂ ਨੂੰ ਚੇਤੰਨ ਕਰਨਾ ਚਾਹੁੰਦੇ ਸਨ।

ਹਿੰਦ ਕਮਿਊਨਿਸਟ ਪਾਰਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਇਸ ਵਿਚਾਰਧਾਰਾ

*ਹਵਾਲੇ ਲੇਖ ਦੇ ਅੰਤ ਵਿਚ ਪੜ੍ਹੋ — ਸੰਪਾਦਕ

ਨਾਲ ਸੰਬੰਧਤ ਹੋਰ ਖੇਤਰਾਂ ਵਿਚ ਕੰਮ ਕਰ ਰਹੇ ਕਾਮਿਆਂ ਨੇ ਵੀ ਜੱਥੇਬੰਦੀਆਂ ਬਣਾਈਆਂ। ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਹੋਂਦ ਵਿਚ ਆਈ। ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਫੁਲਤ ਕਰਨ ਤੇ ਲੋਕਾਂ ਵਿਚ ਇਸ ਦਾ ਪ੍ਰਚਾਰ ਕਰਨ ਹਿਤ 'ਇਪਟਾ' ਸਭਿਆਚਾਰਕ ਫ਼ਰੰਟ ਦੇ ਰੂਪ ਵਿਚ ਸਾਹਮਣੇ ਆਈ। ਸੀ.ਪੀ.ਆਈ, ਦੀ ਪਹਿਲੀ ਕਾਨਫ਼ਰੰਸ (1943, ਬੰਬਈ) ਵਿਚ 'ਇਪਟਾ' ਦੀ ਸਥਾਪਨਾ ਕੀਤੀ ਗਈ। ਨਾਟਕ ਤੇ ਨ੍ਰਿਤ ਦੇ ਫ਼ਿਰਤੂ-ਟੋਲੇ ਕਾਇਮ ਕੀਤੇ ਗਏ, ਜਿਨ੍ਹਾਂ ਦਾ ਕੰਮ ਪਿੰਡਾਂ ਤੇ ਸ਼ਹਿਰਾਂ ਵਿਚ ਕੌਮੀ ਤੇ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸੀ। 1947 ਤਕ ਇਪਟਾ ਆਪਣੇ ਪੂਰੇ ਜੋਬਨ ਉਤੇ ਆ ਚੁਕੀ ਸੀ। ਇਹਦੀਆਂ 44 ਸ਼ਾਖ਼ਾਵਾਂ ਬਣ ਗਈਆਂ ਸਨ ਤੇ ਉਹਨਾਂ ਵੱਖ ਵੱਖ ਬੋਲੀਆਂ ਵਿਚ 52 ਪ੍ਰੋਗਰਾਮ ਪੇਸ਼ ਕੀਤੇ ਸਨ। 800 ਨਵੇਂ ਗੀਤ ਤਿਆਰ ਕੀਤੇ ਸਨ ਤੇ ਲਗਪਗ 5 ਲੱਖ ਤੋਂ ਵਧੇਰੇ ਲੋਕਾਂ ਨੂੰ ਇਪਟਾ ਦੇ ਪ੍ਰੋਗਰਾਮ ਵਿਖਾਏ ਸਨ।[3]

ਇਸ ਸਮੇਂ ਤਕ ਇਹਦੀ ਪੰਜਾਬ ਸ਼ਾਖ਼ਾ ਵੀ ਹੋਂਦ ਵਿਚ ਆ ਚੁਕੀ ਸੀ। ਪੰਜਾਬੀ ਰੰਗਮੰਚ ਨੂੰ ਮਕਬੂਲ ਬਨਾਉਣ ਵਿਚ ਇਪਟਾ ਦਾ ਵਿਸ਼ੇਸ਼ ਹੱਥ ਹੈ। ਵੰਡ ਤੋਂ ਬਾਅਦ ਇਪਟਾ ਪੂਰੀ ਸਰਗਰਮ ਹੋ ਗਈ। ਇਸ ਉਪਰ ਆਇਰਲੈਂਡ ਦੀ ਲੋਕ-ਨਾਟ ਲਹਿਰ ਦਾ ਡੂੰਘਾ ਪ੍ਰਭਾਵ ਸੀ। ਇਪਟਾ ਦੇ ਅਸਰ ਥੱਲੇ ਨਾਟਕਕਾਰਾਂ ਨੇ ਲੋਕਾਂ ਦੀਆਂ ਪ੍ਰਚਲਤ ਸਮੱਸਿਆਵਾਂ ਦੇ ਵਿਸ਼ਿਆਂ ਬਾਰੇ ਨਾਟਕ ਲਿਖੇ। ਖੁਲ੍ਹੇ ਮੰਚ ਉਤੇ ਬਿਨਾਂ ਪਰਦਿਆਂ ਜਾਂ ਨਾਟ ਸਮੱਗਰੀ ਦੇ ਬੜੀ ਸਾਦਗੀ ਨਾਲ ਨਾਟਕ ਪੇਸ਼ ਕਰਨ ਦਾ ਰਿਵਾਜ ਚਾਲੂ ਕੀਤਾ। ਬਲਰਾਜ ਸਾਹਨੀ ਦਾ ਲਿਖਿਆ ਨਾਟਕ 'ਕੁਰਸੀ' ਇਪਟਾ ਦੇ ਇਸ ਗਰੁਪ ਨੇ ਸ਼ਿਮਲੇ ਤੇ ਹੋਰ ਸ਼ਹਿਰਾਂ ਵਿਚ ਪੇਸ਼ ਕੀਤਾ। ਬਠਿੰਡਾ ਇਸ ਲਹਿਰ ਦਾ ਗੜ੍ਹ ਬਣਿਆ। ਬਲਵੰਤ ਗਾਰਗੀ ਵੀ ਇਪਟਾ ਦੀ ਦਿਲੀ ਸ਼ਾਖ਼ ਨਾਲ ਸੰਬੰਧਤ ਰਿਹਾ। ਉਹਨੇ ਆਪਣੇ ਪਹਿਲੇ ਨਾਟਕ 'ਬਿਸਵੇਦਾਰ', 'ਦਸੰਵੰਧ', 'ਬੰਬਕੇਸ' ਆਦਿ ਲਿਖੇ ਜੋ ਬੜੀ ਸਫਲਤਾ ਨਾਲ ਖੇਡੇ ਗਏ। ਇਸ ਦੇ ਅਸਰ ਹੇਠ ਪੰਜਾਬੀ ਗੀਤ ਨਾਟ ਪਰੰਪਰਾ ਬੜੀ ਪ੍ਰਫੁਲਤ ਹੋਈ। ਸ਼ੀਲਾ ਭਾਟੀਆ, ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲੇ ਤੇ ਨਰਿੰਦਰ ਦੁਸਾਂਝ ਨੇ ਗੀਤ ਨਾਟ ਪਰੰਪਰਾ ਦੇ ਵਿਕਾਸ ਵਿਚ ਬਹੁਤ ਯੋਗਦਾਨ ਪਾਇਆ। ਚੰਨ ਦਾ ਲਿਖਿਆ 'ਅਮਰ ਪੰਜਾਬ', ਬਾਹਰਲੇ ਦਾ 'ਵਣਜਾਰਾ' ਤੇ ਸ਼ੀਲਾ ਭਾਟੀਆ ਦੇ ਓਪੇਰੇ ਇਸੇ ਲਹਿਰ ਦੀ ਹੀ ਉਪਜ ਹਨ।

ਅਮਲ ਲਹਿਰ ਨੇ ਵੀ ਪੰਜਾਬੀ ਰੰਗਮੰਚ ਦੇ ਵਿਕਾਸ ਵਿਚ ਹਿੱਸਾ ਪਾਇਆ। ਇਪਟਾ 1960 ਦੇ ਨੇੜੇ ਤੇੜੇ ਆ ਕੇ ਆਪਣਾ ਪ੍ਰਭਾਵ ਕਾਇਮ ਨਾ ਰਖ ਸਕੀ। ਕਮਿਊਨਿਸਟ ਪਾਰਟੀ ਲੋਕਾਂ ਨੂੰ ਸਭਿਆਚਾਰ ਤੇ ਸਿਆਸੀ, ਸੂਝ ਦੇਣ ਲਈ ਇਪਟਾ ਵਰਗੀ ਜੱਥੇਬੰਦੀ ਨੂੰ ਕਾਇਮ ਕਿਉਂ ਨਾ ਰਖ ਸਕੀ — ਇਹ ਬਹੁਤ ਗੰਭੀਰ ਸਵਾਲ ਹੈ। ਇਸ ਦੇ ਕਈ ਕਾਰਣ ਸਨ। 1953 ਵਿਚ ਪਾਰਟੀ ਕਾਨਫ਼ਰੰਸ ਵਿਚ ਇਪਟਾ ਦਾ ਵਿਚਾਰਧਾਰਾ ਬਾਰੇ ਇਹ ਸਪਸ਼ਟੀਕਰਣ ਦਿਤਾ ਗਿਆ: 'ਮੋਟੇ ਤੌਰ 'ਤੇ ਸਾਨੂੰ ਉਹਨਾਂ ਵਿਅਕਤੀਆਂ ਨੂੰ ਵਡਿਆਉਣਾ ਚਾਹੀਦਾ ਹੈ, ਜਿਹੜੇ ਸਮਾਜਕ ਪ੍ਰਗਤੀ ਦੇ ਹਾਮੀ ਹਨ ਤੇ ਪ੍ਰਗਤੀ ਨੂੰ ਰੋਕਣ ਵਾਲਿਆਂ ਦੀ ਨਿਖੇਧੀ ਕਰਨੀ ਚਾਹੀਦੀ ਹੈ।'[4]

1957 ਵਿਚ ਨੀਊ ਏਜ ਵਿਚ ਇਪਟਾ ਬਾਰੇ ਕਿਹਾ ਗਿਆ, "ਇਹ ਹਿੰਦ ਕਮਿਊਨਿਸਟ ਪਾਰਟੀ ਦੀ ਸ਼ਾਖ਼ਾ ਨਹੀਂ, ਸਗੋਂ ਇਹਦਾ ਇਕੋ-ਇਕ ਮੰਤਵ ਲੋਕ-ਸਭਿਆਚਾਰ ਦੇ ਸਾਂਝੇ ਹਿੱਤਾਂ ਦੀ ਸੇਵਾ ਕਰਨਾ ਹੈ। ਸੋ ਵਖ ਵਖ ਵਿਚਾਰਧਾਰਾ ਰਖਣ ਵਾਲੇ ਲੋਕ ਇਸ ਵਿਚ ਸ਼ਾਮਿਲ ਹੋ ਸਕਦੇ ਹਨ।[5]

ਕਮਿਊਨਿਸਟ ਪਾਰਟੀ ਨੇ ਪਾਰਟੀ ਡਰਾਮਾ ਸਕੁਏਡ ਬਣਾਏ। ਪਰ ਇਹ ਇਪਟਾ ਵਾਲਾ ਪ੍ਰਭਾਵ ਨਾ ਬਣਾ ਸਕੇ। ਪਾਰਟੀ ਨੇ ਇਹਨਾਂ ਵਿਚ ਕੰਮ ਕਰਦੇ ਕਲਾਕਾਰਾਂ ਨੂੰ ਸਿਆਸੀ ਚੇਤੰਨਤਾ ਦੇਣ ਦੀ ਥਾਵੇਂ 'ਭਾੜੇ ਦੇ ਟੱਟੂਆਂ' ਵਾਲਾ ਸਲੂਕ ਹੀ ਕੀਤਾ। ਇਹਨਾਂ ਦਾ ਕੰਮ

ਕਿਸੇ ਕਾਨਫ਼ਰੰਸ ਜਾਂ ਪਿੰਡ ਵਿਚ ਲੋਕਾਂ ਨੂੰ ਇਕੱਠੇ ਕਰਨ ਤਕ ਹੀ ਸੀਮਤ ਹੋ ਗਿਆ। ਪਾਰਟੀ ਇਹ ਭੁਲ ਗਈ ਕਿ ਸਿਆਸੀ ਚੇਤਨਾ ਨੂੰ ਲੋਕ ਚੇਤਨਾ ਦਾ ਅੰਗ ਬਨਾਉਣ ਲਈ ਸਭਿਆਚਾਰਕ ਚੇਤਨਾ ਬਹੁਤ ਸਹਾਈ ਹੁੰਦੀ ਹੈ। ਤੇ ਸਭਿਆਚਾਰਕ ਚੇਤਨਾ ਦੇਣ ਲਈ ਰੰਗਮੰਚ ਬਹੁਤ ਵਡਾ ਹਥਿਆਰ ਹੈ। ਇਸ ਬਾਰੇ ਹਰਜ਼ਨ ਅਲੈਗਜ਼ੈਂਡਰ ਲਿਖਦਾ ਹੈ: "ਰੰਗਮੰਚ ਉਹ ਸਿਆਸੀ ਪਾਰਲੀਮੈਂਟ ਹੁੰਦਾ ਹੈ, ਜਿਥੇ ਯੁਗ ਦੇ ਸਾਰੇ ਵੱਡੇ ਮਸਲਿਆਂ ਬਾਰੇ ਵਿਚਾਰ-ਚਰਚਾਂ ਕੀਤੀ ਜਾਂਦੀ ਹੈ।"[6] ਇਸੇ ਸੰਬੰਧ ਵਿਚ ਮਾਓ ਲਿਖਦਾ ਹੈ: "ਇਨਕਲਾਬੀ ਸਾਹਿਤ ਤੇ ਕਲਾ ਸਮੁੱਚੇ ਇਨਕਲਾਬੀ ਆਦਰਸ਼ ਦਾ ਅੰਗ ਹੁੰਦੇ ਹਨ:[7] ਪਰ ਕਮਿਊਨਿਸਟ ਪਾਰਟੀ ਇਸ ਤੱਥ ਤੋਂ ਅਵੇਸਲੀ ਰਹੀ। 1952 ਵਿਚ ਹੀ ਇਪਟਾ ਦੇ ਨਾਲ ਸੰਬੰਧਤ ਕਲਾਕਾਰ ਇਪਟਾ ਤੋਂ ਵੱਖ ਹੋਣੇ ਸ਼ੁਰੂ ਹੋ ਗਏ ਸਨ। 'ਬਹੁਰੂਪੀ' ਤੇ 'ਐਲ.ਟੀ.ਜੀ.' ਵਰਗੀਆਂ ਸਭਿਆਚਾਰਕ ਸੰਸਥਾਵਾਂ ਹੋਂਦ ਵਿਚ ਆ ਰਹੀਆਂ ਸਨ। ਇਹਨਾਂ ਦੀ ਸਫਲਤਾ ਨੇ ਇਪਟਾ ਦੇ ਵਕਾਰ ਤੇ ਸੱਟ ਮਾਰੀ। ਇਪਟਾ ਦੇ ਅੰਦਰੂਨੀ ਵਿਰੋਧ ਬਾਰੇ ਇਸ ਦੇ ਜਨਰਲ ਸਕੱਤਰ ਚਾਰੂ ਪ੍ਰਕਾਸ਼ ਘੋਸ਼ ਲਿਖਦੇ ਹਨ: "ਇਪਟਾ ਵਿਚ ਦੋ ਵਿਰੋਧੀ ਵਿਚਾਰਧਾਰਾਵਾਂ ਪਨਪ ਰਹੀਆਂ ਸਨ। ਇਕ ਗਰੁਪ ਸ਼ੰਭੂ ਮਿੱਤਰ, ਬਿਜੋਨ ਭੱਟਾਚਾਰੀਆ ਆਦਿ ਕਾਮਰੇਡਾਂ ਦਾ ਸੀ ਅਤੇ ਦੂਸਰਾ ਕਾਮਰੇਡ ਸੁਧੀ ਪ੍ਰਧਾਨ ਦਾ। ਪਹਿਲੇ ਗਰੁਪ ਦਾ ਖ਼ਿਆਲ ਸੀ ਕਿ ਪ੍ਰਤੀਗਾਮੀ ਸਾਹਿਤ ਅਤੇ ਕਲਾ ਵਿਚ ਬਨਾਉਟੀਪਨ ਲਿਆ ਰਹੇ ਹਨ। ਉਹ ਆਪ ਪ੍ਰਗਤੀਵਾਦੀ ਲੋਕ-ਕਲਾ ਦੇ ਹੱਕ ਵਿਚ ਸਨ। ਉਹਨਾਂ ਦਾ ਖ਼ਿਆਲ ਸੀ ਕਿ ਕਲਾਕਾਰਾਂ ਨੂੰ ਪੂਰੀ ਖੁਲ੍ਹ ਦੇਣੀ ਚਾਹੀਦੀ ਹੈ, ਤਾਂ ਜੁ ਉਹ ਆਪਣੀ ਕਲਾ ਨੂੰ ਵਿਕਸਤ ਕਰ ਸਕਣ। ਦੂਸਰਾ ਉਹਨਾਂ ਰੂਪ ਉਤੇ ਜ਼ੋਰ ਦੇਣਾ ਸ਼ੁਰੂ ਕਰ ਦਿਤਾ। ਤੀਸਰਾ ਉਹ ਪਾਰਟੀ ਲਾਈਨ ਦੇ ਅਧੀਨ ਰਹਿ ਕੇ ਕੰਮ ਕਰਨਾ ਕਲਾ ਦੇ ਵਿਰੁਧ ਸਮਝਦੇ ਸਨ। ਦੂਸਰੇ ਗਰੁਪ ਦਾ ਖ਼ਿਆਲ ਸੀ ਕਿ ਇਪਟਾ ਨੂੰ ਲੋਕ ਸਭਿਆਚਾਰਕ ਲਹਿਰ ਦੇ ਰੂਪ ਵਿਚ ਕਾਰਜ-ਸ਼ੀਲ ਰਹਿਣਾ ਚਾਹੀਦਾ ਹੈ। ਉਹ ਕਲਾ ਦੇ ਰੂਪ ਨੂੰ ਵਧੇਰੇ ਮਹੱਤਾ ਨਹੀਂ ਦਿੰਦੇ ਸਨ। ਉਹ ਰੂਪ ਉਤੇ ਵਧੇਰੇ ਬਲ ਦੇਣ ਵਾਲੀ ਸੋਚਣੀ ਨੂੰ 'ਬੁਰਯਵਾ ਵਿਚਾਰ' ਕਹਿੰਦੇ ਸਨ।"[8] ਵੰਡ ਤੋਂ ਪਿਛੋਂ ਇਹ ਵਿਰੋਧ ਸਪਸ਼ਟ ਰੂਪ ਵਿਚ ਸਾਹਮਣੇ ਆ ਗਿਆ। 1947 ਤੋਂ ਬਾਅਦ ਭਾਰਤੀ ਪੂੰਜੀ-ਵਾਦੀ ਜਮਾਤ ਮੁਲਕ ਉਤੇ ਕਾਬਜ਼ ਹੋ ਗਈ। ਇਸ ਦੇ ਫਲਸਰੂਪ ਬੁਰਯਵਾ ਵਰਗ ਦੇ ਬੁਧੀਜੀਵੀਆਂ ਵਲੋਂ ਵਿਵਸਥਾ ਦਾ ਵਿਰੋਧ ਲਗਪਗ ਖ਼ਤਮ ਹੋ ਗਿਆ: ਸਰਕਾਰ ਵਲੋਂ ਮਾਨਤਾ ਮਿਲਣ ਤੇ ਭਾਰੀ ਗਿਣਤੀ ਵਿਚ ਬੁਧੀਜੀਵੀ ਵਰਗ ਵਿਵਸਥਾ ਦਾ ਪਿਛਲੱਗ ਬਣ ਕੇ ਰਹਿ ਗਿਆ।

ਹਿੰਦ ਕਮਿਊਨਿਸਟ ਪਾਰਟੀ ਨਾ ਤਾਂ ਭਾਰਤੀ ਇਨਕਲਾਬ ਦੀ ਅਵਸਥਾ ਨੂੰ ਸਮਝ ਸਕੀ ਅਤੇ ਨਾ ਹੀ ਸਮਾਜ ਦੀਆਂ ਪੇਚੀਦਗੀਆਂ ਤੇ ਅੰਤਰ-ਵਿਰੋਧਾਂ ਨੂੰ ਸਮਝ ਕੇ ਸਮਾਜਕ ਤੋਰ ਨੂੰ ਸਹੀ ਦਿਸ਼ਾ ਦੇ ਸਕੀ। ਸਿਆਸੀ ਦਿਸ਼ਾਹੀਣਤਾ ਦੀ ਇਸ ਅਵਸਥਾ ਨੇ ਜਿਥੇ ਪਾਰਟੀ ਵਿਚ ਫੁਟ ਦੇ ਬੀਜ ਬੀਜੇ, ਉਥੇ ਸਭਿਆਚਾਰਕ ਸਰਗਰਮੀਆਂ ਨੂੰ ਵੀ ਢਾਹ ਲਾਈ। ਸਿਆਸੀ ਦਿਸ਼ਾ-ਹੀਣਤਾ ਦਾ ਅੰਦਾਜ਼ਾ ਅਜੈਘੋਸ਼ ਦੇ ਇਸ ਬਿਆਨ ਤੋਂ ਲਾਇਆ ਜਾ ਸਕਦਾ ਹੈ: "ਜੋ ਕੁਝ ਵੀ ਪ੍ਰਤਿਗਾਮੀ ਨਹੀਂ ਹੁੰਦਾ, ਉਹ ਪ੍ਰਗਤੀਸ਼ੀਲ ਹੁੰਦਾ ਹੈ।"[9]

ਹਿੰਦ-ਚੀਨ ਲੜਾਈ ਦਾ ਹੋਰ ਵੀ ਬੁਰਾ ਪ੍ਰਭਾਵ ਪਾਇਆ। ਮਾਰਕਸਵਾਦੀ ਵਿਚਾਰ-ਧਾਰਾ ਨਾਲ ਪੂਰੀ ਤਰ੍ਹਾਂ ਸਜੱਗ ਨਾ ਹੋਣ ਕਾਰਣ ਹਿੰਦ ਕਮਿਊਨਿਸਟ ਪਾਰਟੀ ਇਸ ਅੰਤਰ-ਰਾਸ਼ਟਰੀ ਸਥਿਤੀ ਤੇ ਭਾਰਤ-ਚੀਨ ਲੜਾਈ ਪਿਛੇ ਕਾਰਜਸ਼ੀਲ ਤੱਥਾਂ ਦਾ ਸਹੀ ਵਿਵੇਚਨ ਨਾ ਕਰ ਸਕੀ – ਤੇ ਨਾ ਹੀ ਕੋਈ ਨਿਰਣਾ ਲੈ ਸਕੀ। ਕੌਮੀ ਸ਼ਾਵਨਵਾਦ ਦੀ ਭਾਵੁਕਤਾ ਨੇ ਬੁਧੀਜੀਵੀਆਂ ਦੇ ਵੱਡੇ ਭਾਗ ਨੂੰ ਕਮਿਊਨਿਸਟਾਂ ਦਾ ਵਿਰੋਧੀ ਬਣਾ ਦਿਤਾ। ਕੁਝ ਸਮੇਂ ਬਾਅਦ ਮਾਰਕਸਵਾਦੀ ਕਮਿਊਨਿਸਟ ਪਾਰਟੀ ਲੋਕ ਜਮਹੂਰੀ ਇਨਕਲਾਬ ਦਾ ਪਰੋਗਰਾਮ ਲੈ ਕੇ ਹੋਂਦ ਵਿਚ ਆਈ। ਇਹਨੇ ਵੀ ਇਪਟਾ ਨੂੰ ਮੁੜ ਚਲਾਉਣ ਦਾ ਯਤਨ ਕੀਤਾ। 1967 ਵਿਚ ਇਪਟਾ ਨੂੰ ਮੁੜ ਪੱਕੇ

ਪੈਰੀਂ ਕਰਨ ਲਈ ਕਾਨਫ਼ਰੰਸ ਵੀ ਬੁਲਾਈ ਗਈ ।

ਇਸ ਤਰ੍ਹਾਂ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਪੈਦਾ ਹੋਏ ਸਿਆਸੀ ਰੰਗ-ਮੰਚ ਦੀਆਂ ਤਿੰਨ ਅਵਸਥਾਵਾਂ ਵੇਖਣ ਵਿਚ ਆਉਂਦੀਆਂ ਹਨ ।

1. 1940 ਤੋਂ 1950 ਤਕ : ਜਦ ਇਪਟਾ ਹੋਂਦ ਵਿਚ ਆਈ । ਇਸ ਦੀਆਂ ਨਵੀਆਂ ਸ਼ਾਖ਼ਾਵਾਂ ਕਾਇਮ ਹੋਈਆਂ ਤੇ ਆਪਣੇ ਸਭਿਆਚਾਰਕ ਪ੍ਰੋਗਰਾਮਾਂ ਰਾਹੀਂ ਇਹ ਲੋਕਾਂ ਵਿਚ ਸਭਿਆਚਾਰ ਤੇ ਸਿਆਸੀ ਸੂਝ ਲਿਆਉਣ ਲਈ ਕੰਮ ਕਰਦੀਆਂ ਰਹੀਆਂ ।

2. 1950 ਤੋਂ 1960 : ਵਿਚਾਰਧਾਰਾਕ ਵਿਰੋਧ ਸਾਹਮਣੇ ਆਏ । ਕੁਝ ਸੁਤੰਤਰ ਨਾਟਕ ਟੋਲੇ ਹੋਂਦ ਵਿਚ ਆਏ । ਅਮਨ ਕਾਨਫ਼ਰੰਸਾਂ ਤੇ ਸ਼ਾਨਦਾਰ ਪਰੋਗਰਾਮ ਪੇਸ਼ ਕੀਤੇ ਗਏ, ਪਰ ਸਿਆਸੀ ਚੇਤਨਾ ਘਟ ਹੋਣ ਕਰਕੇ ਇਪਟਾ ਨਿਘਾਰ ਵਲ ਜਾਣੀ ਸ਼ੁਰੂ ਹੋ ਗਈ ।

3. 1960 ਤੋਂ ਬਾਅਦ : ਕੁਝ ਸੁਤੰਤਰ ਟੋਲੇ ਮਾਰਕਸਵਾਦੀ ਵਿਚਾਰਧਾਰਾ ਅਪਣਾ ਕੇ ਲੋਕਾਂ ਨੂੰ ਸਿਆਸੀ ਤੌਰ ਤੇ ਜਾਗਰੂਕ ਕਰਨ ਲਈ ਜੱਥੇਬੰਦ ਹੋਏ । ਇਹ ਨਾਟਕੀ ਟੋਲੇ ਸਿੱਧੇ ਰੂਪ ਵਿਚ ਕਿਸੇ ਸਿਆਸੀ ਪਾਰਟੀ ਦੀ ਅਗਵਾਈ ਹੇਠ ਨਹੀਂ ਸਨ – ਪਰ ਮੂਲ ਰੂਪ ਵਿਚ ਇਹ ਸਭਿਆਚਾਰਕ ਫ਼ਰੰਟ ਤੇ ਉਹੀ ਕੰਮ ਕਰ ਰਹੇ ਹਨ, ਜੋ ਕਿਸੇ ਰਾਜਨੀਤਕ ਪਾਰਟੀ ਦੇ ਫ਼ਰੰਟ ਨੂੰ ਕਰਨਾ ਲੋੜੀਂਦਾ ਹੈ ।

ਇਕ ਹੋਰ ਦਿਲਚਸਪ ਤੱਥ ਸਾਹਮਣੇ ਆਉਂਦਾ ਹੈ ਕਿ ਕੌਮੀ ਪੱਧਰ ਉਤੇ ਜੋ ਹਸ਼ਰ ਸਿਆਸੀ ਰੰਗ-ਮੰਚ ਦਾ ਹੋਇਆ ਹੈ, ਐਨ ਉਹੀ ਕੁਝ ਪੰਜਾਬ ਵਿਚ ਵਾਪਰਿਆ । ਭਾਵੇਂ ਪੰਜਾਬੀ ਰੰਗ-ਮੰਚ ਨੂੰ ਸਾਡੇ ਰੰਗ ਕਰਮੀ ਤੇ ਬੁੱਧੀਜੀਵੀ ਬਹੁਤ ਪਛੜਿਆ ਹੋਇਆ ਮੰਨਦੇ ਹਨ । 1960 ਤਕ ਪੰਜਾਬ ਵਿਚ ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲਾ, ਨਰਿੰਦਰ ਦੁਸਾਂਝ ਤੇ ਹੋਰ ਰੰਗ-ਕਰਮੀ ਪੂਰੀ ਤਰ੍ਹਾਂ ਸਰਗਰਮ ਸਨ ਤੇ ਉਹਨਾਂ ਦੀਆਂ ਪੇਸ਼ਕਾਰੀਆਂ ਵੀ ਪੂਰੇ ਜੋਬਨ ਤੇ ਸਨ । ਇਸ ਤੋਂ ਬਾਅਦ ਇਹਨਾਂ ਦਾ ਕੰਮ ਲਗਭਗ ਠੱਪ ਹੋ ਗਿਆ । ਕਮਿਊਨਿਸਟ ਪਾਰਟੀ ਦਾ ਡਰਾਮਾ ਸੁਕਐਡ ਸਰਕਾਰੀ ਪਬਲਿਕ ਰੀਲੇਸ਼ਨਜ਼ ਵਿਭਾਗ ਵਰਗਾ ਡਰਾਮਾ ਗਰੁੱਪ ਬਣ ਗਿਆ ।

ਮਾਰਕਸਵਾਦੀ ਵਿਚਾਰਧਾਰਾ ਨੂੰ ਅਪਣਾ ਕੇ ਸੁਤੰਤਰ ਰੂਪ ਵਿਚ ਕੰਮ ਕਰ ਰਹੇ ਰੰਗ-ਕਰਮੀਆਂ ਅਗੇ ਇਕ ਹੋਰ ਮੁਸ਼ਕਿਲ ਪੇਸ਼ ਆਈ । ਉਹਨਾਂ ਨਾਲ ਨਾਟਕਕਾਰ ਨਾ ਜੁੜੇ ਰਹੇ । ਨਾਟਕਕਾਰ ਸਮੇਂ ਦੀ ਨਬਜ਼ ਨੂੰ ਪਛਾਣ – ਸਮਕਾਲੀ ਸਮੱਸਿਆਵਾਂ ਨੂੰ ਨਾਟਕਾਂ ਵਿਚ ਪੇਸ਼ ਕਰਨੋਂ ਅਸਮਰਥ ਸਨ, ਕਿਉਂਕਿ ਸਾਡੀ ਸਮੁੱਚੀ ਸਿਆਸੀ ਸੂਝ ਵਿਚ ਹੀ ਰੋਲ-ਘਚੋਲਾ ਪੈ ਗਿਆ ਸੀ । ਅਜਿਹੇ ਸਮੇਂ ਰੰਗ-ਮੰਚ ਦੇ ਕਲਾਕਾਰਾਂ ਤੇ ਨਿਰਦੇਸ਼ਕਾਂ ਨੇ ਵਿਦੇਸ਼ੀ ਨਾਟਕਾਂ ਦੇ ਅਨੁਵਾਦ ਤੇ ਉਹਨਾਂ ਤੇ ਆਧਾਰਿਤ ਨਾਟਕਾਂ ਨੂੰ ਅਪਣਾਇਆ । ਅਜਿਹੇ ਨਾਟਕ ਫੇਰ ਪੈਟੀ-ਬੁਰਯਵਾ ਵਰਗ ਤੇ ਸਾਡੇ ਬੁਧੀਜੀਵੀ ਵਰਗ ਨੂੰ ਜ਼ਿਹਨੀ-ਸੁਆਦ ਤਾਂ ਬਖ਼ਸ਼ਦੇ ਸਨ, ਪਰ ਸਿਆਸੀ ਰੰਗ-ਮੰਚ ਜਿਸ ਸੂਝ ਤੇ ਦਿਸ਼ਾ ਦੀ ਮੰਗ ਕਰਦਾ ਹੈ – ਉਹ ਪ੍ਰਦਾਨ ਕਰਨੋਂ ਅਸਮਰਥ ਸਨ । ਮੇਰਾ ਭਾਵ ਕਦਾਚਿਤ ਇਹ ਨਹੀਂ ਕਿ ਅਸੀਂ ਇਪਟਾ ਜਾਂ ਉਸ ਦੇ ਪ੍ਰਭਾਵ ਅਧੀਨ ਕਾਰਜਸ਼ੀਲ ਰੰਗਕਰਮੀਆਂ ਦੀ ਦੇਣ ਨੂੰ ਘਟਾ ਕੇ ਵੇਖਣਾ ਹੈ । ਸਾਡਾ ਮੰਤਵ ਤਾਂ ਉਹਨਾਂ ਕਾਰਣਾਂ ਨੂੰ ਲੱਭਣਾ ਹੈ, ਜੋ ਸਾਡੇ ਸਿਆਸੀ ਤੌਰ ਤੇ ਸਿਆਸੀ ਰੰਗ-ਮੰਚ ਦੇ ਵਿਕਾਸ ਨੂੰ ਕੋਈ ਸਹੀ ਦਿਸ਼ਾ ਨਹੀਂ ਦੇ ਸਕੇ ।

# ਅਮ੍ਰਿਤਸਰ ਨਾਟਕ ਕਲਾ ਕੇਂਦਰ

1960 ਤੋਂ ਪੰਜਾਬੀ ਰੰਗ-ਮੰਚ ਨਵੇਂ ਭਾਵ-ਬੋਧ ਦੇ ਸਨਮੁਖ ਹੁੰਦਾ ਹੈ। ਕਾਲਜਾਂ ਵਿਚ ਨਾਟਕ ਕਲੱਬਾ ਹੋਂਦ ਵਿਚ ਆਈਆਂ। ਕੁਝ ਅ-ਰਾਜਸੀ ਰੰਗ-ਮੰਚ ਟੋਲੇ ਹੋਂਦ ਵਿਚ ਆਏ। ਸਰਕਾਰੂ ਨਾਟਕ ਟੋਲੀਆਂ ਬਣੀਆਂ। ਕਮਿਊਨਿਸਟ ਪਾਰਟੀਆਂ ਨਾਲ ਸੰਬੰਧਤ ਨਾਟਕ ਟੋਲੇ ਵੀ 'ਨਿਕਸੁੱਕ' ਇਕੱਠਾ ਕਰਦੇ ਰਹੇ। ਪਰ ਇਹ ਸਭ ਕੁਝ ਇਪਟਾ ਵਾਂਗ ਸੰਗਠਿਤ ਰੂਪ ਵਿਚ ਸਿਆਸੀ ਰੰਗ-ਮੰਚ ਦਾ ਰੂਪ ਧਾਰਨ ਨਾ ਕਰ ਸਕੇ। ਇਹਨਾਂ ਹਾਲਾਤਾਂ ਵਿਚ 1963-64 ਵਿਚ ਅਮ੍ਰਿਤਸਰ ਨਾਟਕ ਕਲਾ ਕੇਂਦਰ ਨਾਮ ਦੀ ਸੰਸਥਾ ਹੋਂਦ ਵਿਚ ਆਈ, ਜਿਸ ਨੇ ਸ਼ੁਰੂ ਵਿਚ ਤਾਂ ਰੰਗ-ਮੰਚ ਨੂੰ ਸਾਹਿਤਕ ਨਾਟ-ਪਰੰਪਰਾ ਦੇ ਪ੍ਰਸੰਗ ਵਿਚ ਹੀ ਲਿਆ, ਪਰ ਬਾਅਦ ਵਿਚ ਗੁਰਸ਼ਰਨ ਸਿੰਘ ਦੀ ਅਗਵਾਈ ਹੇਠ ਇਹ ਪੰਜਾਬੀ ਰੰਗ-ਮੰਚ ਨੂੰ ਪੰਜਾਬ ਤੇ ਪੰਜਾਬ ਤੋਂ ਬਾਹਰ ਪ੍ਰਫੁਲਤ ਕਰਨ ਤੇ ਉਸ ਨੂੰ ਸਿਆਸੀ ਦਿਸ਼ਾ ਵਿਚ ਵਿਕਸਤ ਕਰਨ ਵਿਚ ਕਾਮਯਾਬ ਹੋ ਸਕੀ। ਇਸ ਨਾਟਕ-ਕੇਂਦਰ ਦੇ ਹੋਂਦ ਵਿਚ ਆਉਣ ਤੇ ਵਿਕਾਸ ਕਰਨ ਦੇ ਪਿਛੇ ਸੁਯੋਗ ਸਿਆਸੀ ਚੇਤੰਨ ਸ਼ਖ਼ਸੀਅਤ ਗੁਰਸ਼ਰਨ ਸਿੰਘ ਸੀ। ਉਹ ਕਿੱਤੇ ਵਜੋਂ ਵਿਗਿਆਨਕ ਹਨ ਤੇ ਵਿਦਿਆਰਥੀ ਜੀਵਨ ਤੋਂ ਸਰਗਰਮ ਸਿਆਸੀ ਵਰਕਰ ਰਹੇ ਹਨ। ਨਾਟਕ ਤੇ ਸਾਹਿਤ ਨਾਲ ਵੀ ਉਹਨਾਂ ਦਾ ਸੰਬੰਧ ਵਿਦਿਆਰਥੀ ਜੀਵਨ ਤੋਂ ਰਿਹਾ ਹੈ। ਭਾਖੜਾ ਨੰਗਲ ਪ੍ਰਾਜੈਕਟ ਵਿਚ ਕੰਮ ਕਰਦਿਆਂ ਉਹਨਾਂ ਸਟਾਫ਼ ਕਲੱਬ ਦੀ ਸਥਾਪਨਾ ਕੀਤੀ। 1957 ਵਿਚ ਇਸ ਮੰਡਲੀ ਨੇ ਪਹਿਲਾਂ ਨਾਟਕ ਖੇਡਿਆ – ਇਹ ਨਾਟਕ ਸੀ 'ਦੀਵਾ ਬੁਝ ਗਿਆ' ਕੁਝ ਚਿਰ ਪਿਛੋਂ ਨੰਗਲ ਦੇ ਮਜ਼ਦੂਰਾਂ ਦੀ ਹੋਈ ਹੜਤਾਲ ਬਾਰੇ ਉਹਨਾਂ ਇਕ ਨਾਟਕ 'ਹੜਤਾਲਾਂ' ਲਿਖਿਆ ਤੇ ਬਹੁਤ ਕਾਮਯਾਬੀ ਨਾਲ ਖੇਡਿਆ। 1962 ਵਿਚ ਅਮ੍ਰਿਤਸਰ ਆਉਣ ਉਪਰੰਤ ਉਹਨਾਂ ਨਾਟਕਕਾਰ ਗੁਰਦਿਆਲ ਸਿੰਘ ਫੁੱਲ ਅਤੇ ਹੋਰ ਨਾਟਕ ਪ੍ਰੇਮੀਆਂ ਨਾਲ ਮਿਲ ਕੇ ਅਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਸਥਾਪਨਾ ਕੀਤੀ। ਇਸ ਸਮੇਂ ਇਸ ਕੇਂਦਰ ਦਾ ਮੂਲ ਮੰਤਵ ਅਮ੍ਰਿਤਸਰ ਦੇ ਲੋਕਾਂ ਦਾ ਮਨੋਰੰਜਨ ਕਰਨਾ ਤੇ ਪੈਟੀ-ਬੁਰਯਵਾ ਸੁਹਜ-ਸੁਆਦ ਦੀਆਂ ਕੀਮਤਾਂ ਨੂੰ ਜੀਉਂਦਾ ਕਰਨਾ ਸੀ। ਗੁਰਸ਼ਰਨ ਸਿੰਘ ਹੁਰਾਂ ਦੇ ਨਾਲ ਉਹਨਾਂ ਦੀ ਪਤਨੀ ਕੈਲਾਸ਼ ਕੌਰ ਵੀ ਸਰਗਰਮ ਸੀ। ਠਾਕੁਰ ਸਿੰਘ ਆਰਟ ਸਕੂਲ ਦੇ ਸਿਖਿਆਰਥੀ ਸੁਰੇਸ਼ ਪੰਡਿਤ, ਬੁਧ ਸਿੰਘ, ਜਗਦੀਸ਼, ਹਰਭਜਨ ਜੱਬਲ ਤੇ ਜਤਿੰਦਰ, ਦਲਜੀਤ ਦੇ ਕਲਾ ਕੇਂਦਰ ਵਿਚ ਆਉਣ ਨਾਲ ਇਹ ਕੇਂਦਰ ਆਪਣੇ ਪੱਕੇ ਪੈਰੀਂ ਹੋ ਗਿਆ। ਪਰ ਇਸ ਸਮੇਂ ਤਕ ਇਹ ਨਾਟਕ ਕੇਂਦਰ ਨਾਟਕ ਖੇਡਣ ਨੂੰ ਕਿਸੇ ਮਕਸਦ ਨਾਲ ਜੋੜਨ ਦੇ ਸਮਰੱਥ ਨਹੀਂ ਸੀ ਹੋ ਸਕਿਆ। 1965-66 ਵਿਚ ਅਮ੍ਰਿਤਸਰ ਨਾਟਕ-ਕਲਾ ਕੇਂਦਰ ਬਲਰਾਜ ਸਾਹਨੀ ਦੇ ਸੰਪਰਕ ਵਿਚ ਆ ਕੇ ਪੰਜਾਬੋਂ ਬਾਹਰ ਬੰਬਈ ਤੇ ਦਿੱਲੀ ਵਿਖੇ ਵੀ ਨਾਟਕ ਪੇਸ਼ ਕਰ ਸਕਿਆ। ਅਗਲਾ ਦੌਰ ਵਿਦੇਸੀ ਤੇ ਦੇਸੀ ਅਨੁਵਾਦਤ ਨਾਟਕਾਂ ਦਾ ਸੀ।

ਪਰ ਇਹ ਸਭ ਕੁਝ ਮਹੱਤਵ ਪੂਰਨ ਹੁੰਦਾ ਹੋਇਆ ਵੀ ਸਿਖਲਾਈ ਦਾ ਦੌਰ ਹੀ ਸੀ। ਇਸ ਕਲਾ ਕੇਂਦਰ ਦਾ ਅਗਲਾ ਦੌਰ ਪੰਜਾਬ ਦੇ ਪਿੰਡ ਵਿਚ ਨਾਟਕ ਖੇਡਣ ਨਾਲ ਆਰੰਭ ਹੁੰਦਾ ਹੈ। 1969 ਵਿਚ ਗੁਰੂ ਨਾਨਕ ਜਨਮ ਸ਼ਤਾਬਦੀ ਸਮੇਂ ਕਲਾ ਕੇਂਦਰ ਨੇ ਗੁਰਦਿਆਲ ਸਿੰਘ ਫੁੱਲ ਦਾ ਨਾਟਕ 'ਜਿਨ ਸਚ ਪਲੈ ਹੋਇ' ਪਿੰਡ ਵਿਚ ਖੇਡਣਾ ਸ਼ੁਰੂ ਕੀਤਾ। ਧਾਰਮਿਕ ਸੰਸਥਾਵਾਂ, ਨੌਜਵਾਨ ਸਭਾਵਾਂ, ਵਿਦਿਆਰਥੀਆਂ ਅਤੇ ਹੋਰ ਜਥੇਬੰਦੀਆਂ ਵਲੋਂ ਨਾਟਕਾਂ ਦੇ ਸੱਦੇ ਆਉਣੇ ਸ਼ੁਰੂ ਹੋਏ। ਧਾਰਮਿਕ ਨਾਟਕ ਸਮੇਂ ਦੀ ਲੋੜ ਅਨੁਸਾਰ ਧਾਰਮਿਕ ਵਲਗਣ ਵਿਚੋਂ

ਨਿਕਲ ਕੇ ਅਜ ਦੇ ਸਮੇਂ ਦੀ ਸਮੱਸਿਆਵਾਂ ਨੂੰ ਆਪਣੇ ਕਲੇਵਰ ਵਿਚ ਲੈ ਕੇ ਪੇਸ਼ ਕਰਨ ਲਗ ਪਿਆ। ਇਹ ਨਾਟਕ ਧਾਰਮਿਕ ਪੁਨਰ-ਸੁਰਜੀਤੀ ਦੇ ਵਿਸ਼ਵਾਸ ਨੂੰ ਲੈ ਕੇ ਲਿਖਿਆ ਗਿਆ ਸੀ, ਪਰ ਜਿਸ ਕਾਮਯਾਬੀ ਨਾਲ ਹਰ ਯੁਗ ਵਿਚ ਪੇਸ਼ ਨੇਕੀ ਤੇ ਬਦੀ ਦੀ ਟੱਕਰ ਨੂੰ ਇਸ ਨਾਟਕ ਨੇ ਪੇਸ਼ ਕੀਤਾ। ਉਹ ਪੰਜਾਬੀ ਰੰਗ-ਮੰਚ ਦੀ ਪ੍ਰਾਪਤੀ ਹੈ।

## ਨਵਾਂ ਸੰਕਟ

ਪਰ ਜਿਉਂ ਹੀ ਆਪਣੇ ਤਰਜਬੇ ਤੇ ਤਲਖ਼ ਸਮਾਜਕ ਤੇ ਸਿਆਸੀ ਹਕੀਕਤ ਨਾਲ ਇਕ ਸੁਰ ਹੋ ਕੇ ਇਹ ਰੰਗਮੰਚ ਅੱਗੇ ਤੁਰਿਆ — ਇਸ ਦੇ ਸਾਹਵੇਂ ਨਵਾਂ ਸੰਕਟ ਆ ਗਿਆ। ਇਸਦਾ ਕਾਰਣ ਵੀ ਕਮਿਊਨਿਸਟ ਪਾਰਟੀ ਵਾਲਾ ਹੀ ਸੀ। ਇਥੇ ਵੀ ਗੁਰਸ਼ਰਨ ਸਿੰਘ ਜਾਂ ਇਕ ਅੱਧਾ ਹੋਰ ਕਲਾਕਾਰ ਹੀ ਮਾਰਕਸਵਾਦੀ ਵਿਚਾਰਧਾਰਾ ਨਾਲ ਪ੍ਰਤੀਬੱਧ ਸੀ ਤੇ ਨਾਟਕ ਨੂੰ ਲੋਕਾਂ ਦੀ ਸਿਆਸੀ ਸੂਝ ਨੂੰ ਪ੍ਰਚੰਡ ਕਰਨ ਲਈ ਲਾਹੇਵੰਦ ਹਥਿਆਰ ਵਜੋਂ ਵਰਤਣਾ ਚਾਹੁੰਦੇ ਸਨ; ਜਦੋਂ ਕਿ ਬਾਕੀ ਦੇ ਬਹੁਤੇ ਕਲਾਕਾਰ ਤੇ ਕਲਾ ਕੇਂਦਰ ਦੇ ਨਾਮਧਰੀਕ ਪੈਟਰਨ ਕਿਸੇ ਸਿਆਸੀ ਚੇਤਨਾ ਤੋਂ ਕੋਰੇ ਸਨ। ਇਹ ਅਜਿਹਾ ਸਮਾਂ ਸੀ, ਜਦੋਂ ਪੰਜਾਬ ਦਾ ਸਿਆਸੀ ਰੰਗਮੰਚ ਕੋਈ ਅਹਿਮ ਰੋਲ ਅਦਾ ਕਰਨ ਲਈ ਤਿਆਰ ਸੀ। ਬਸ ਉਦੋਂ ਹੀ ਕਲਾਕਾਰ ਅਲੱਗ ਹੋਕੇ ਰਹਿ ਗਏ ਤੇ ਸਰਪ੍ਰਸਤ ਗੁਰਸ਼ਰਨ ਸਿੰਘ ਦੇ ਵਿਰੋਧ ਵਿਚ ਖੜ੍ਹ ਗਏ। ਕਿਉਂਕਿ ਲੋਕ ਤਿਆਰ ਸਨ, ਤੇ ਗੁਰਸ਼ਰਨ ਸਿੰਘ ਰੰਗਮੰਚ ਦਾ ਸਰਗਰਮ ਸਿਆਸੀ ਕਾਮਾ ਬਣ ਕੇ ਉਭਰਿਆ ਸੀ — ਇਸ ਲਈ ਪੰਜਾਬ ਦੇ ਲੋਕਾਂ ਵਲੋਂ ਉਸ ਨੂੰ ਭਰਪੂਰ ਹੁੰਗਾਰਾ ਮਿਲਿਆ 1972 ਤੋਂ ਉਹ ਮਹੀਨੇ ਵਿਚੋਂ ਘਟੋ ਘਟ 20 ਦਿਨ ਪਿੰਡਾਂ ਵਿਚ, ਵਿਚ, ਕਾਲਜਾਂ ਵਿਚ, ਨਾਟਕ ਖੇਡਦਾ ਰਿਹਾ। 1975 ਵਿਚ ਐਮਰਜੈਂਸੀ ਦੌਰਾਨ ਉਹਨਾਂ ਦੀ ਗ੍ਰਿਫ਼ਤਾਰੀ ਕਾਰਣ ਇਹ ਸਰਗਰਮੀ ਰੁਕ ਗਈ। ਪਰ ਉਸ ਤੋਂ ਬਾਅਦ ਉਹ ਪੂਰੀ ਤਰ੍ਹਾਂ ਲੋਕ-ਪੱਖੀ ਰੰਗਮੰਚ ਨਾਲ ਜੁੜ ਗਏ ਹਨ ਤੇ ਅਜਕਲ ਪੂਰੀ ਤਰ੍ਹਾਂ ਸਰਗਰਮ ਹਨ।

ਇਸ ਇਤਿਹਾਸਕ ਵੇਰਵੇ ਤੋਂ ਬਾਅਦ ਗੁਰਸ਼ਰਨ ਸਿੰਘ ਵਲੋਂ ਅੱਜ-ਕਲ੍ਹ ਕੀਤੇ ਜਾ ਰਹੇ ਨਾਟਕਾਂ ਬਾਰੇ ਕੁਝ ਗੱਲਾਂ ਕਰਨੀਆਂ ਜ਼ਰੂਰੀ ਹਨ। ਪਹਿਲਾ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਗੁਰਸ਼ਰਨ ਸਿੰਘ ਦੇ ਰੰਗਮੰਚ ਨੂੰ ਸਿਆਸੀ ਰੰਗਮੰਚ ਕਹਿ ਸਕਦੇ ਹਾਂ, ? ਇਕ ਬਹਿਸ ਵਿਚ ਸਿਆਸੀ ਰੰਗਮੰਚ ਬਾਰੇ ਵਿਚਾਰ ਵਟਾਂਦਰਾ ਕਰਦੇ ਹੋਏ ਗੁਰਸ਼ਰਨ ਸਿੰਘਹੁਰਾਂ ਕਿਹਾ ਸੀ : ਸਿਆਸੀ ਥੀਏਟਰ ਦੋ ਕਿਸਮ ਦਾ ਹੁੰਦਾ ਹੈ। ਇਕ-ਤਾਂ ਉਹ ਕਿ ਸਿਆਸੀ ਕਾਨਫ਼ਰੰਸ ਹੋ ਰਹੀ ਹੈ ਤੁਸੀਂ ਉਥੇ ਕਲਚਰਲ ਪਰੋਗਰਾਮ ਦੇਣਾ ਹੈ। ਦੂਸਰਾ ਸਿਆਸੀ ਰੰਗਮੰਚ ਵਿਚਾਰਾਂ ਦਾ ਹੈ। ਇਕ ਸਿਆਸੀ ਪਾਰਟੀ ਦਾ ਰੰਗਮੰਚ ਹੈ ਦੂਸਰਾ ਸਿਆਸੀ ਰੰਗਮੰਚ – ਜਿਥੋਂ ਤਕ ਸਿਆਸੀ ਰੰਗਮੰਚ ਦਾ ਸਵਾਲ ਹੈ ਰੰਗਕਰਮੀਆਂ ਦਾ ਪਹਿਲਾ ਧਰਮ ਲੋਕਾਂ ਨੂੰ ਸੋਚਣ 'ਤੇ ਮਜਬੂਰ ਕਰਨਾ ਹੈ ਉਹਨਾਂ ਨੂੰ ਇਸ ਗੱਲ ਬਾਰੇ ਚੇਤੰਨ ਕਰਨਾ ਹੈ ਕਿ ਜਿਹੜੀ ਜ਼ਿੰਦਗੀ ਅਸੀਂ ਜੀਅ ਰਹੇ ਹਾਂ ਉਹ ਜੀਊਣ ਦੇ ਕਾਬਲ ਨਹੀਂ। ਇਸ ਨੂੰ ਕਿਸ ਤਰ੍ਹਾਂ ਬਦਲਣ ? ਇਸ ਬਾਰੇ ਸੋਚਣ। ਬਾਕੀ ਇਨਕਲਾਬ ਤਾਂ ਕਿਸੇ ਸਿਆਸੀ ਜੱਥੇਬੰਦੀ ਨੇ ਹੀ ਲਿਆਉਣਾ ਹੈ। ਲੋਕ ਜੱਥੇਬੰਦ ਹੋ ਕੇ ਹੀ ਇਨਕਲਾਬ ਲਿਆ ਸਕਦੇ ਹਨ।"

ਇਸੇ ਬਹਿਸ ਵਿਚ ਸਿਆਸੀ ਰੰਗਮੰਚ ਦੇ ਰੋਲ ਨੂੰ ਸਪਸ਼ਟ ਕਰਦਿਆਂ ਬੰਸੀ ਕੌਲ ਇਕ ਮਹੱਤਵਪੂਰਨ ਤੱਥ ਵੱਲ ਇਸ਼ਾਰਾ ਕਰਦਾ ਹੈ : "ਇਨਕਲਾਬ ਵਿਚ ਸਮਾਜ ਦੇ ਹਰ ਹਿੱਸੇ ਨੇ ਆਪਣਾ ਰੋਲ ਅਦਾ ਕਰਨਾ ਹੈ। ਰੰਗਮੰਚ ਵਾਲਿਆਂ ਦਾ ਆਪਣਾ ਰੋਲ ਹੈ, ਬੰਦੂਕਾਂ ਬਣਾਉਣ ਵਾਲਿਆਂ ਦਾ ਆਪਣਾ। ਇਸ ਲਈ ਸਿਆਸੀ ਰੰਗਮੰਚ ਜਾਂ ਸਿਆਸੀ ਪਾਰਟੀ ਦੇ ਰੰਗਮੰਚ ਵਿਚ

ਕੋਈ ਵਸਤਮੁਖੀ ਨਹੀਂ ਹੋ ਸਕਦਾ। ਪਾਰਟੀਆਂ ਦੇ ਕਿੰਨੇ ਗਰੁੱਪ ਹਨ; ਪਰ ਵਿਚਾਰਧਾਰਾ ਇਕ ਹੈ। ਇਹਨਾਂ ਹਾਲਤਾਂ ਵਿਚ ਸਿਆਸੀ ਚੇਤੰਨ ਰੰਗਕਰਮੀਆਂ ਨੂੰ ਕਿਸੇ ਪਾਰਟੀ ਨਾਲ ਜੁੜਨਾ ਕਠਿਨ ਹੈ। ਇਕ ਤਰੀਕਾ ਹੈ ਕਿ ਰੰਗਕਰਮੀ ਵਿਸ਼ਲੇਸ਼ਣੀ ਢੰਗ ਨਾਲ ਉਹਨਾਂ ਦੀ ਨੁਕਤਾਚੀਨੀ ਵੀ ਕਰਨ ਤੇ ਦਰਸ਼ਕ ਨੂੰ ਸੂਝ ਵੀ ਪ੍ਰਦਾਨ ਕਰਨ।"[11]

ਉਪਰੋਕਤ ਵਿਚਾਰਾਂ ਨੂੰ ਮੱਦੇ ਨਜ਼ਰ ਰੱਖਕੇ ਗੁਰਸ਼ਰਨ ਸਿੰਘ ਵਲੋਂ ਅਜ ਕੱਲ੍ਹ ਪਿੰਡਾਂ ਵਿਚ ਖੇਡੇ ਜਾਂਦੇ ਨਾਟਕਾਂ ਨੂੰ ਵੇਖੀਏ, ਤਾਂ ਪ੍ਰਤੀਤ ਹੁੰਦਾ ਹੈ ਕਿ ਉਹ ਲੋਕਾਂ ਨੂੰ ਸਿਆਸੀ ਚੇਤਨਤਾ ਦੇਣ ਵਿਚ ਆਂਸ਼ਿਕ ਰੂਪ ਵਿਚ ਹੀ ਸਫਲ ਹੁੰਦੇ ਹਨ। ਸਰਗਰਮ ਸਿਆਸੀ ਰੰਗਮੰਚ ਨਾਲ ਉਹ ਵੀ ਨਹੀਂ ਜੁੜ ਸਕੇ। ਇਸਦਾ ਵੱਡਾ ਕਾਰਣ ਤਾਂ ਗੁਰਸ਼ਰਨ ਸਿੰਘ ਦੀ ਭਾਰਤੀ ਸਿਆਸਤ ਤੇ ਸਾਡੀ ਸਮਾਜਕ ਜਟਿਲ ਪ੍ਰਕਿਰਿਆ ਪ੍ਰਤੀ ਪਹੁੰਚ ਦਾ ਰੋਮਾਂਟਿਕ ਹੋਣਾ ਹੈ। ਉਹ ਨਾਟਕ ਰਾਹੀਂ ਅਜੇ ਵੀ ਲੋਕਾਂ ਦਾ ਕਥਾਰਸਿਸ ਹੀ ਕਰਦੇ ਹਨ, ਉਹਨਾਂ ਨੂੰ ਹਾਲਾਤ ਪ੍ਰਤੀ ਚੇਤੰਨ ਨਹੀਂ ਕਰਦੇ।

ਗੁਰਸ਼ਰਨ ਸਿੰਘ ਹੁਰੀਂ ਆਪਣੀ ਨਾਟ-ਲੇਖਣੀ ਤੇ ਪੇਸ਼ਕਾਰੀ ਵਿਚ ਅਮੂਰਤ ਸੰਕਲਪਾਂ ਨੂੰ ਆਪਣੇ ਵਿਸ਼ੇ ਬਣਾਉਂਦੇ ਹਨ। ਇਹ ਸੰਕਲਪ ਹਨ ਸੱਚ, ਝੂਠ, ਨਿਆਂ, ਅਨਿਆਂ। ਇਹਨਾਂ ਵਿਕਲਪਾਂ ਨੂੰ ਠੋਸ ਸ਼ਕਲ ਨਹੀਂ ਦਿੰਦੇ। ਕਿਉਂਕਿ ਉਹ ਇਹਨਾਂ ਸੰਕਲਪਾਂ ਨੂੰ ਹੀ ਆਪਣਾ ਉਦੇਸ਼ ਸਮਝਦੇ ਹਨ।[12]

ਆਪਣੀਆਂ ਨਾਟਕੀ ਕਿਰਤਾਂ ਵਿਚ ਉਹ ਸਮਕਾਲੀ ਪੰਜਾਬੀ ਜੀਵਨ ਤੇ ਰਾਜਨੀਤੀ ਤੇ ਵਿਅੰਗ ਪੇਸ਼ ਕਰਦੇ ਹਨ। ਬਹੁਤੀ ਵੇਰਾਂ ਉਹ ਸਿੱਖ ਇਤਿਹਾਸ ਵਿਚ ਵਾਪਰੀ ਕਿਸੇ ਘਟਨਾ ਜਾਂ ਸਾਖੀ ਨੂੰ ਆਧਾਰ ਬਣਾ ਕੇ ਅਜ ਦੇ ਪ੍ਰਸੰਗ ਵਿਚ ਆਪਣੀ ਗੱਲ ਕਹਿੰਦੇ ਹਨ। ਪਰ ਸਾਡੀ ਮੱਧ-ਵਰਗੀ ਕਿਰਸਾਨੀ ਜਮਾਤ ਦਾ ਸਿਖ ਧਰਮ ਨਾਲ ਭਾਵੁਕ ਮੋਹ ਹੋਣ ਕਾਰਣ ਉਹਨਾਂ ਦੇ ਨਾਟਕਾਂ ਦਾ ਪ੍ਰਭਾਵ ਮਾਰਕਸਵਾਦੀ ਘਟ ਤੇ ਸਿੱਖੀ ਸਿਦਕ ਪ੍ਰਤੀ ਸ਼ੋਰਪਵਾਨਾਂ ਵਾਲਾ ਵਧੇਰੇ ਪੈਂਦਾ ਹੈ। ਸਮੁੱਚੇ ਰੂਪ ਵਿਚ ਉਹ ਰੂਮਾਨੀ ਜੁਝਾਰਵਾਦ ਦੀ ਗੱਲ ਬਣ ਕੇ ਰਹਿ ਜਾਂਦੀ ਹੈ। ਇਸ ਰੂਮਾਨੀ ਬਿਰਤੀ ਦੇ ਅਸਰ ਹੇਠ ਉਹ ਰੰਗਮੰਚ ਦੀਆਂ ਲੋੜਾਂ ਨੂੰ ਵੀ ਨਜ਼ਰ-ਅੰਦਾਜ਼ ਕਰ ਦੇਂਦੇ ਹਨ।

ਪਰ ਇਹ ਘਾਟ ਗੁਰਸ਼ਰਨ ਸਿੰਘ ਦੀ ਵਿਅਕਤੀਗਤ ਸੋਚ ਨਾਲ ਹੀ ਬੰਧੰਧਤ ਨਹੀਂ। ਪੰਜਾਬ ਦਾ ਸਮੁਚੀ ਇਨਕਲਾਬੀ ਬੁੱਧਜੀਵੀ ਵਰਗ ਵੀ ਅਜੇ ਇਸੇ ਸੋਚ ਦੇ ਨੇੜੇ-ਤੇੜੇ ਭਟਕ ਰਿਹਾ ਹੈ। ਸਾਡੀਆਂ ਕਮਿਊਨਿਸਟ ਪਾਰਟੀਆਂ ਵੀ ਸਾਡੀ ਸਮਾਜਕ ਤੇ ਰਾਜਨੀਤਕ ਵਿਵਸਥਾ ਵਿਚਲੇ ਅੰਤਰ-ਵਿਰੋਧਾਂ ਅਤੇ ਸਮਾਜੀ ਸੰਬੰਧਾਂ ਵਿਚਲੀ ਜਟਿਲ ਪ੍ਰਕਿਰਿਆ ਨੂੰ ਸਮਝਣ ਤੇ ਸਮਾਜੀ ਤੋਰ ਦੀ ਗਤੀ ਨੂੰ ਸਹੀ ਦਿਸ਼ਾ ਪ੍ਰਦਾਨ ਕਰਨੋਂ ਅਸਮਰਥ ਰਹੀਆਂ ਹਨ। ਇਹੀ ਕਾਰਣ ਹੈ ਕਿ ਮਾਨਵੀ ਜੀਵਨ ਦੇ ਸਾਰੇ ਪੱਖਾਂ ਨਾਲ ਸੰਬੰਧਤ ਕੀ ਕਾਮੇ ਤੇ ਕੀ ਕਲਾਕਾਰ ਸਾਰੇ ਹੀ ਇਸ ਸਿਆਸੀ ਚੇਤਨਾ ਦੀ ਅਧੋਗਤੀ ਦਾ ਸ਼ਿਕਾਰ ਹੋਏ ਹਨ।

ਗੁਰਸ਼ਰਨ ਸਿੰਘ ਰੰਗਮੰਚ ਦੇ ਪ੍ਰਭਾਵ ਅਧੀਨ ਪੰਜਾਬ ਵਿਚ ਹੋਰ ਵੀ ਨਾਟਕ ਟੋਲੇ ਹੋਂਦ ਵਿਚ ਆਏ ਹਨ। ਨੌਜਵਾਨ ਸਭਾਵਾਂ, ਸਾਹਿਤ ਸਭਾਵਾਂ, ਵਿਦਿਆਰਥੀ ਜੱਥੇਬੰਦੀਆਂ ਨੇ ਵੀ ਰੰਗਮੰਚ ਦੇ ਉਸਾਰੂ ਰੋਲ ਨੂੰ ਜਾਣ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਇਸ ਨੂੰ ਮਾਧਿਅਮ ਵਜੋਂ ਅਪਣਾਉਣ ਦੇ ਯਤਨ ਆਰੰਭੇ ਹਨ। ਦੁਆਬੇ ਵਿਚ ਮੰਗੂਵਾਲ ਕਲਾ ਕੇਂਦਰ ਤੇ ਲੋਹੀਆਂ ਕਲਾ ਕੇਂਦਰ, ਦਸੂਹਾ ਕਲਾ ਕੇਂਦਰ ਮਾਲਵਾ ਪੇਂਡੂ ਨਾਟਕ ਮੰਡਲੀ, ਬਠਿੰਡਾ ਜਗਰਾਉਂ, ਸਮਰਾਲਾ (ਬਰਵਾਲੀ) ਲਹਿਰਾਗਾਗਾ ਆਦਿ ਟੋਲੇ ਪਿੰਡਾਂ ਵਿਚ ਸਿਆਸੀ ਚੇਤਨਾ ਦੇਣ ਲਈ ਨਾਟਕ ਖੇਡਦੇ ਹਨ। ਮਾਲਵੇ ਵਿਚ ਅਜਮੇਰ ਸਿੰਘ ਔਲਖ ਨੇ ਪਿਛਲੇ ਦੋ ਕੁ ਵਰਿਆਂ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ। ਉਸਦੇ ਨਾਟਕ ਸਮਕਾਲੀ ਜੀਵਨ ਤੇ ਤਿੱਖੇ ਵਿਅੰਗ ਤਾਂ ਕਰਦੇ ਹਨ ਪਰ ਸਮਾਜਕ

ਕੀਮਤਾਂ ਨੂੰ ਜਾਣ ਕੇ ਵਿਅੰਗ ਰਾਹੀਂ ਕੇਵਲ ਉਹਨਾਂ ਦੀ ਅਸਲੀਅਤ ਨੂੰ ਜਾਣਿਆਂ ਹੀ ਜਾ ਸਕਦਾ ਹੈ — ਬਦਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਅਮ੍ਰਿਤਸਰ ਵਿਚ ਆਤਮਜੀਤ ਨੇ ਸ਼ਹਿਰੀ ਜੀਵਨ ਦੀਆਂ ਪੈਟੀ-ਬੁਰਜਵਾ ਵਰਗ ਦੀਆਂ ਸਮੱਸਿਆਵਾਂ ਨੂੰ ਚੇਤਨ ਰੂਪ ਵਿਚ ਆਪਣੇ ਰੰਗਮੰਚ ਦਾ ਖ਼ੇਤਰ ਬਣਾਇਆ ਹੈ।

ਪੰਜਾਬ ਵਿਚ ਇਸ ਦੇ ਸਮਾਨੰਤਰ ਕੁਝ ਹੋਰ ਕਲਾ ਕੇਂਦਰ ਵੀ ਕਾਰਜਸ਼ੀਲ ਰਹੇ ਹਨ। ਉਹ ਆਪਣੀ ਕਲਾ ਰਾਹੀਂ ਬੁਰਜਵਾ ਸਭਿਆਚਾਰ ਦੀ ਚਮਕ-ਦਮਕ ਨੂੰ ਕਾਇਮ ਰਖਣ ਦਾ ਯਤਨ ਕਰ ਰਹੇ ਹਨ। ਉਹਨਾਂ ਵਿਚ ਬੰਬਈ ਦੀਆਂ ਨਾਟਕ ਟੋਲੀਆਂ, ਪੰਜਾਬ ਕਲਾ ਮੰਚ ਤੇ ਸ਼ਹਿਰਾਂ ਵਿਚ ਕੰਮ ਕਰਦੇ ਨਿੱਕੇ ਨਿੱਕੇ ਨਾਟ ਟੋਲੇ ਜਾਂ ਯੂਨੀਵਰਸਿਟੀਆਂ ਦੇ ਨਾਟਕ ਵਿਭਾਗ ਆਦਿ ਵਰਨਣਯੋਗ ਹਨ। ਇਹਨਾਂ ਦਾ ਸਿਆਸੀ ਰੰਗਮੰਚ ਦੇ ਵਿਰੋਧ ਵਿਚ ਪੈਦਾ ਹੋਣਾ ਸਾਰਥਿਕ ਵੀ ਹੈ ਤੇ ਲਾਹੇਵੰਦਾ ਵੀ। ਅਜੇ ਤਕ ਆਪਣੀਆਂ ਸੀਮਾਵਾਂ ਤੇ ਘਾਟਾਂ ਦੇ ਬਾਵਜੂਦ ਪੰਜਾਬ ਨੂੰ ਰੰਗਮੰਚ ਤੇ ਰੰਗਮੰਚ ਨੂੰ ਸਿਆਸੀ ਚੇਤਨਾ ਦੇਣ ਵਾਲਾ ਰੰਗਕਰਮੀ ਗੁਰਸ਼ਰਨ ਸਿੰਘ ਤੇ ਉਹਨਾਂ ਦਾ ਥੀਏਟਰ ਸਭ ਤੋਂ ਮੋਹਰੀ ਹੈ।

ਪੰਜਾਬ ਵਿਚ ਸਿਆਸੀ ਰੰਗਮੰਚ ਦੇ ਪ੍ਰਫੁਲਤ ਹੋਣ ਲਈ ਹਾਲਾਤ ਸਾਜ਼ਗਾਰ ਹਨ। ਇਹੀ ਕਾਰਣ ਹੈ ਕਿ ਭਾਰਤ ਦੇ ਪ੍ਰਤਿਸ਼ਠਤ ਰੰਗਕਰਮੀ ਤੇ ਨਾਟ-ਨਿਰਦੇਸ਼ਕ ਇਸ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਨਾਉਣ ਦੇ ਚਾਹਵਾਨ ਹਨ। ਇਹਨਾਂ ਵਿਚ ਰਾਮ ਗੋਪਾਲ ਬਜਾਜ, ਬੀ.ਵੀ. ਕਾਰੰਤ, ਐਮ.ਕੇ. ਰੈਣਾ, ਬੰਤੀਕੌਲ ਪੰਜਾਬ ਵਿਚ ਥੀਏਟਰ ਕਰਨ ਲਈ ਉਤਸੁਕ ਹਨ।

ਕੁਲ ਮਿਲਾ ਕੇ ਅੱਜ ਪੰਜਾਬ ਦਾ ਸਿਆਸੀ ਰੰਗਮੰਚ ਵੰਗਾਰਾਂ ਦੇ ਸਾਹਮਣੇ ਖੜਾ ਹੈ। ਉਹ ਇਹਨਾਂ ਵੰਗਾਰਾਂ ਨੂੰ ਕਿਵੇਂ ਕਬੂਲ ਕਰਦਾ ਹੈ – ਆਉਣ ਵਾਲਾ ਸਮਾਂ ਦੱਸੇਗਾ। □

## ਹਵਾਲੇ


1. 'ਭੁਲਦਾ ਜਾਂਦਾ ਅਤੀਤ'. ਪ੍ਰਿੰ: ਛਬੀਲ ਦਾਸ ਨਾਲ ਮੁਲਾਕਾਤ, 'ਲਕੀਰ' ਅਪਰੈਲ-ਮਈ 1978
2. ਓਹੀ
3. Communism In India by Overstreet & Windmiller, Page 360.
4. ਓਹੀ, ਸਫ਼ਾ 365
5. ਓਹੀ, ਸਫ਼ਾ 366
6. People's Theatre: From The Box Office to the Stage by Mike Davidow; Progress Publishers Moscow, Page 15.
7. On Art & Literature by Mao Tse Tung.
8. Angshutosh Khan & others "Left Cultural Movement in West Bengal", 'Social Scientist', No. 66-67.
9. ਓਹੀ
10. ਪੰਜਾਬੀ ਥੀਏਟਰ (ਸੈਮੀਨਾਰ) 'ਲਕੀਰ' ਅਗਸਤ-ਸਤੰਬਰ — 1978.
11. ਓਹੀ
12. ਸਾਬਿਦਰਜੀਤ ਸਾਗਰ, ਲੋਕ-ਪੱਖੀ ਨਾਟਕਕਾਰ, ਗੁਰਸ਼ਰਨ ਸਿੰਘ ਦਾ ਮੁਲੰਕਣ, 'ਲਕੀਰ' ਅਪਰਰੈਲ-ਮਈ, 1978.

# ਛੇ ਵੱਡੀਆਂ ਸਮੱਸਿਆਵਾਂ

ਜਸਵੰਤ ਖਟਕੜ

ਦੋਆਬਾ ਕਲਾ ਮੰਚ ਮੰਗੂਵਾਲ ਦੀ ਨੀਂਹ 20 ਅਗਸਤ 1974 ਨੂੰ ਗੁਰਸ਼ਰਨ ਸਿੰਘ ਹੁਰਾਂ ਦੀ ਪ੍ਰੇਰਣਾ ਨਾਲ ਪਿੰਡਾਂ ਦੇ ਮਿਹਨਤ-ਕਸ਼ ਲੋਕਾਂ ਤਾਂਈਂ ਪ੍ਰਗਤੀਸ਼ੀਲ ਨਵਾਂ-ਨਰੋਆ ਸਭਿਆਚਾਰ ਪ੍ਰਦਾਨ ਕਰਨ ਦੇ ਮੰਤਵ ਨਾਲ ਰਖੀ ਗਈ ਸੀ । ਮੰਚ ਨੇ ਅਗਸਤ 1974 ਤੋਂ ਲੈ ਕੇ ਜੂਨ 1975 (ਐਮਰਜੈਂਸੀ ਲੱਗਣ ਦੇ ਸਮੇਂ) ਤਕ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਨਾਟਕ ਖੇਡੇ । ਇਸੇ ਸਮੇਂ ਵਿਚ ਹੀ ਅਕਤੂਬਰ 1974 ਵਿਚ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਆਯੋਜਿਤ ਨਾਟਕ ਮੇਲੇ ਵਿਚ ਹਿੱਸਾ ਲਿਆ ਤੇ ਆਪਣੇ ਦੋ ਪ੍ਰਸਿੱਧ ਇਕਾਂਗੀ 'ਚੰਨ ਚੜ੍ਹਿਆ' ਤੇ 'ਡਾਇਰ ਨਹੀਂ ਮੋਇਆ' ਸਟੇਜ ਕਰਕੇ ਰੰਗ-ਮੰਚ ਦੇ ਖੇਤਰ ਵਿਚ ਆਪਣਾ ਨਾਂ ਬਣਾ ਲਿਆ ।

ਐਮਰਜੈਂਸੀ ਦੀ ਮਾਰ ਤੋਂ ਮੰਚ ਦੇ ਸਰਗਰਮ ਮੈਂਬਰ ਵੀ ਨਾ ਬਚ ਸਕੇ, ਕਿਉਂਕਿ ਦੋਆਬਾ ਕਲਾ-ਮੰਚ ਪੰਜਾਬ ਵਿਚ ਇਨਕਲਾਬੀਆਂ ਦੀ ਪ੍ਰਤੀਬੱਧ ਟੀਮ ਵਜੋਂ ਜਾਣਿਆ ਜਾਂਦਾ ਸੀ । ਇਸੇ ਦੌਰਾਨ ਮੈਂ ਗ੍ਰਿਫ਼ਤਾਰ ਹੋ ਗਿਆ ਤੇ ਮੰਚ ਪੂਰੀ ਤਰ੍ਹਾਂ ਗ਼ੈਰ-ਸਰਗਰਮ ਹੋ ਗਿਆ ।

ਅਪ੍ਰੈਲ 1977 ਨੂੰ ਮੰਚ ਨੂੰ ਮੁੜ ਸੁਰਜੀਤ ਕੀਤਾ ਗਿਆ । ਪਹਿਲਾਂ ਜਿਥੇ ਪਿੰਡ ਮੰਗੂਵਾਲ ਦੇ ਹੀ ਕਲਾਕਾਰ ਕੰਮ ਕਰਦੇ ਸਨ, ਓਥੇ ਹੁਣ ਗੁਆਂਢ ਪਿੰਡਾਂ ਤੋਂ ਹੋਰ ਕਲਾਕਾਰ ਵੀ ਸ਼ਾਮਿਲ ਕੀਤੇ ਗਏ ਤੇ ਮੰਚ ਨੇ ਪਹਿਲੀ ਮਈ ਨੂੰ ਆਪਣਾ ਸਟੇਜ ਜੀਵਨ ਮੁੜ ਆਰੰਭ ਕੀਤਾ ਤੇ ਸ਼ਹੀਦਾਂ ਦੀ ਯਾਦ ਵਿਚ ਪਿੰਡ ਮੰਗੂਵਾਲ ਵਿਚ ਆਪਣੇ ਨਾਟਕ ਖੇਡੇ ।

ਮੰਚ ਦੀ ਸ਼ੁਰੂ ਤੋਂ ਹੀ ਨਾਟਕ ਵਿਚ ਇਸਤ੍ਰੀ ਕਲਾਕਾਰਾਂ ਦੀ ਸਮੱਸਿਆ ਬਣੀ ਹੋਈ ਸੀ, ਜਿਹੜੀ ਮੈਨੂੰ ਆਪਣੇ ਪਿਆਰ-ਵਿਆਹ ਤੋਂ ਬਾਅਦ ਤਕਰੀਬਨ ਹੱਲ ਹੋ ਗਈ ਲਗਦੀ ਸੀ । ਇਹ ਪਹਿਲੀ ਵਾਰ ਸੀ, ਜਦੋਂ ਮੰਚ ਵਲੋਂ ਆਯੋਜਿਤ ਨਾਟਕ ਸ਼ੋਅ ਵਿਚ ਮੇਰੀ ਪਤਨੀ ਨਰਿੰਦਰਜੀਤ ਨੇ ਸਟੇਜ ਜੀਵਨ ਆਰੰਭ ਕੀਤਾ । ਮੰਚ ਨੇ ਪੰਜਾਬੀ ਦੇ ਦੋ ਪ੍ਰਸਿੱਧ ਇਕਾਂਗੀ 'ਇਤਿਹਾਸ ਜੁਆਬ ਮੰਗਦਾ ਹੈ' (ਹਰਚਰਨ ਸਿੰਘ) ਅਤੇ 'ਜਦੋਂ ਰੋਸ਼ਨੀ ਹੁੰਦੀ ਹੈ' (ਗੁਰਸ਼ਰਨ ਸਿੰਘ) ਪੂਰੀ ਸਫਲਤਾ ਨਾਲ ਸਟੇਜ ਕੀਤੇ ।

ਇਸ ਪ੍ਰੋਗਰਾਮ ਤੋਂ ਉਤਸ਼ਾਹ ਮਿਲਣ ਨਾਲ ਅਸੀਂ ਤਿੰਨ-ਰੋਜ਼ਾ ਨਾਟਕ ਪ੍ਰੋਗਰਾਮ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਹਾਲ ਵਿਚ ਕੀਤਾ । ਬਲਵੰਤ ਗਾਰਗੀ ਦਾ ਨਾਟਕ ਲੋਹਾ ਕੁੱਟ ਦੇ ਤਿੰਨ ਸਫਲ ਸ਼ੋਅ ਕੀਤੇ । ਹੁਣ ਸਾਡੀ ਇਸਤ੍ਰੀ ਕਲਾਕਾਰ ਦੀ ਸਮੱਸਿਆ ਹੋਰ ਵੀ ਹੱਲ ਹੋ ਗਈ । ਕਿਉਂਕਿ ਮੇਰੀ ਪਤਨੀ ਤੋਂ ਉਤਸ਼ਾਹ ਲੈ ਕੇ ਸਾਡੇ ਪਿੰਡ ਦੀਆਂ ਦੋ ਕੁੜੀਆਂ ਤੇ ਪੰਜਾਬੀ ਕਹਾਣੀ-ਕਾਰ ਬੀਬਾ ਕੁਲਵੰਤ ਨੇ ਵੀ ਨਾਟਕ 'ਲੋਹਾ ਕੁੱਟ' ਵਿਚ ਹਿੱਸਾ ਲਿਆ ।

ਮੰਚ ਹੁਣ ਤੱਕ ਪਿੰਡਾਂ ਤੇ ਸ਼ਹਿਰਾਂ ਵਿਚ ਪੰਜਾਬ ਤੇ ਪੰਜਾਬ ਤੋਂ ਬਾਹਰ ਕੋਈ 350 ਥਾਂ ਆਪਣੇ ਨਾਟਕ ਸਟੇਜ ਕਰ ਚੁਕਾ ਹੈ । ਮੰਚ ਵਿਚ ਚਾਰ ਲੜਕੀਆਂ ਤੇ ਛੇ ਨੌਜਵਾਨ ਕਲਾਕਾਰ ਕੰਮ ਕਰ ਰਹੇ ਹਨ । ਮੈਨੂੰ ਇਹ ਗੱਲ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਅਮ੍ਰਿਤਸਰ ਨਾਟਕ ਕਲਾ ਕੇਂਦਰ ਤੋਂ ਬਾਅਦ ਖ਼ਾਸ ਕਰਕੇ ਪਿੰਡਾਂ ਵਿਚ ਕਿੰਨੀਆਂ ਰਾਤਾਂ ਗੁਜ਼ਾਰਨ ਵਿਚ ਸਾਡੇ ਮੰਚ ਦਾ ਨੰਬਰ ਆਉਂਦਾ ਹੈ ।

ਜੇ ਅਸੀਂ ਕੋਈ ਵੱਡਾ ਨਾਟਕ ਸਟੇਜ ਕਰਨਾ ਹੋਵੇ, ਤਾਂ ਉਸ ਨਾਟਕ ਦੀ ਲੋੜ ਨੂੰ ਮੁੱਖ ਰੱਖਦਿਆਂ ਤੇ ਨਾਟਕ ਸਮੱਗਰੀ ਨੂੰ ਪੂਰਿਆਂ ਕਰਨ ਲਈ ਸਾਨੂੰ ਕਾਫ਼ੀ ਪੈਸਾ ਚਾਹੀਦਾ ਹੁੰਦਾ ਹੈ । ਨਾਟਕ ਦੇ ਸਟੇਜ ਹੋਣ ਤੋਂ ਪਿਛੋਂ ਪਿੰਡਾਂ ਵਰਗੇ ਸ਼ਹਿਰਾਂ ਵਿਚੋਂ ਉਸ ਨਾਟਕ ਉਤੇ ਹੋਇਆ ਖ਼ਰਚ

ਕੱਢਣਾ ਅਸੰਭਵ ਹੈ, ਕਿਉਂਕਿ ਟਿਕਟਾਂ ਖ਼ਰੀਦ ਕੇ ਡਰਾਮਾ ਦੇਖਣਾ ਪੰਜਾਬ ਦੇ ਲੋਕਾਂ ਦੀ ਵੱਸ ਦੀ ਗੱਲ ਨਹੀਂ। ਤੇ ਇਸੇ ਕਾਰਣ ਖ਼ਾਸ ਕਰਕੇ ਪੇਂਡੂ ਨਾਟ ਮੰਡਲੀਆਂ ਮੁੜ ਕੇ ਇਹੋ ਜਿਹਾ ਨਾਟ-ਸ਼ੋਅ ਕਰਨ ਦਾ ਹੀਆ ਨਹੀਂ ਕਰਦੀਆਂ। ਪੰਜਾਬ ਸਰਕਾਰ ਨੇ ਭਾਵੇਂ ਪੰਜਾਬ ਦੇ ਰੰਗ-ਕਰਮੀਆਂ ਦੀ ਕੁਝ ਆਰਥਿਕ ਮਦਦ ਕੀਤੀ ਹੈ, ਪਰ ਇਹ ਪੰਜਾਬੀ ਰੰਗਮੰਚ ਨੂੰ ਅੱਗੇ ਲਿਜਾਣ ਲਈ ਕਾਫ਼ੀ ਨਹੀਂ।

ਪੰਜਾਬ ਦੀਆਂ ਬਹੁਤੀਆਂ ਪੇਂਡੂ ਨਾਟ-ਮੰਡਲੀਆਂ ਸਾਡੇ ਵਾਂਗ ਹਾਲਾਂ ਤੱਕ ਪੁਰਾਣੇ ਨਾਟਕਾਂ ਤੋਂ ਪਿੱਛਾ ਨਹੀਂ ਛੁੜਾ ਸਕੀਆਂ। ਇਹ ਕਈ ਵਰ੍ਹਿਆਂ ਤੋਂ ਗੁਰਸ਼ਰਨ ਸਿੰਘ ਹੁਰਾਂ ਦੇ ਨਾਟਕਾਂ ਹੇਠਾਂ ਹੀ ਦੱਬੀਆਂ ਆ ਰਹੀਆਂ ਹਨ। ਨਵੇਂ ਨਾਟਕ ਨਾ ਹੋਣ ਕਾਰਣ ਜਿਥੇ ਨਾਟ-ਮੰਡਲੀਆਂ ਦਾ ਆਪਣਾ ਵਿਕਾਸ ਨਹੀਂ ਹੋ ਰਿਹਾ, ਉਥੇ ਰੰਗ-ਮੰਚ ਦੇ ਖੇਤਰ ਵਿਚ ਵੀ ਖੜੋਤ ਆ ਰਹੀ ਹੈ। ਪੇਂਡੂ ਨਾਟ-ਮੰਡਲੀਆਂ ਦੇ ਸਿਖਾਂਦਰੂ ਹੋਣ ਕਾਰਣ ਨਵੇਂ ਨਾਟਕ ਲਿਖੇ ਨਹੀਂ ਜਾ ਰਹੇ।

ਅਸੀਂ ਬੜੇ ਚਿਰ ਤੋਂ ਤਕਨੀਕੀ ਜਾਣਕਾਰੀ ਦੀ ਘਾਟ ਨੂੰ ਬੜੀ ਗੰਭੀਰਤਾ ਨਾਲ ਮਹਿਸੂਸ ਕਰਦੇ ਆ ਰਹੇ ਹਾਂ। ਇਸ ਘਾਟ ਨੂੰ ਪੂਰਿਆਂ ਕਰਨ ਲਈ ਪਰਾਈ ਕੁੱਖ ਦੇ ਨਿਰਦੇਸ਼ਕ ਐਮ. ਕੇ. ਰੈਣਾ ਨਾਲ ਪ੍ਰੋਗਰਾਮ ਉਲੀਕਿਆ ਹੈ, ਜਿਸ ਅਨੁਸਾਰ 1 ਅਪ੍ਰੈਲ ਤੋਂ 15 ਅਪ੍ਰੈਲ ਤੱਕ ਮੰਗੂਵਾਲ ਵਿਚ ਥੀਏਟਰ ਵਰਕਸ਼ਾਪ ਲਾਈ ਜਾਵੇਗੀ, ਜਿਸ ਵਿਚ ਪੰਜਾਬ ਦੀਆਂ ਸਾਰੀਆਂ ਨਾਟਕ-ਮੰਡਲੀਆਂ ਦੇ ਦੋ-ਦੋ ਕਲਾਕਾਰਾਂ ਨੂੰ ਸੱਦਿਆ ਜਾਵੇਗਾ ਤੇ ਵੱਡੇ ਨਾਟਕ ਦੀ ਤਿਆਰੀ ਹੋਵੇਗੀ।

ਜੇ ਕਿਤੇ ਅਸੀਂ ਭੁੱਲ-ਭੁਲੇਖੇ ਕੋਈ ਵੱਡਾ ਨਾਟਕ ਕਰਨ ਦੀ ਰੂਪਰੇਖਾ ਤਿਆਰ ਕਰ ਹੀ ਲਈਏ, ਤਾਂ ਸਾਨੂੰ ਉਸ ਦੀ ਯੋਗ ਸਟੇਜ ਹੀ ਨਹੀਂ ਮਿਲਦੀ ਜੇ ਮਿਲਦੀ ਹੈ, ਤਾਂ ਇਹ ਕਾਲਜ-ਸਕੂਲਾਂ ਦੇ ਹਾਲ ਹੁੰਦੇ ਹਨ, ਜਿਨ੍ਹਾਂ ਉੱਤੇ ਇਲਾਕੇ ਦੇ ਘੜੰਮ-ਚੌਧਰੀਆਂ ਦਾ ਕਬਜ਼ਾ ਹੁੰਦਾ ਹੈ। ਸਾਡੀਆਂ ਨਾਟ-ਮੰਡਲੀਆਂ ਵਿਚੋਂ ਉਨ੍ਹਾਂ ਨੂੰ ਸਿਆਸੀ-ਬੂ ਆਉਣ ਲੱਗ ਪੈਂਦੀ ਹੈ, ਇਸ ਕਰਕੇ ਉਹ ਦੂਜੀ ਵਾਰ ਹਾਲ ਦੇਣ ਦਾ ਹੀਆ ਹੀ ਨਹੀਂ ਕਰਦੇ। ਖੁਲ੍ਹੇ ਰੰਗ-ਮੰਚ ਭਾਵੇਂ ਪੰਜਾਬ ਵਿਚ ਜ਼ਿਲ੍ਹਾ ਹੈਡਕੁਆਟਰਾਂ ਵਿਚ ਮੌਜੂਦ ਹਨ, ਪਰ ਪੇਂਡੂ ਨਾਟ-ਮੰਡਲੀਆਂ ਦੇ ਇਹ ਵੱਸ ਦਾ ਰੋਗ ਨਹੀਂ। ਜੇ ਕਿਤੇ ਸਰਕਾਰ ਦਾ ਧਿਆਨ ਘੱਟੋ ਘੱਟ ਤਹਿਸੀਲ ਹੈਡਕੁਆਟਰਾਂ ਤੱਕ ਪਹੁੰਚਾ ਦਿੱਤਾ ਜਾਵੇ, ਤਾਂ ਚੰਗਾ ਹੋਵੇ।

ਰੰਗਮੰਚ ਦੇ ਖੇਤਰ ਵਿਚ ਅਸੀਂ ਕੋਈ ਸੰਗਠਨ ਹਾਲਾਂ ਤੱਕ ਬਣਾ ਨਹੀਂ ਸਕੇ, ਜਿਹੜਾ ਰੰਗਮੰਚ ਸੰਬੰਧੀ ਸਾਰੀਆਂ ਸਮੱਸਿਆਵਾਂ ਬਾਰੇ ਖੁਲ੍ਹ ਕੇ ਵਿਚਾਰ-ਵਟਾਂਦਰਾ ਕਰ ਸਕੇ ਤੇ ਇਨਾਂ ਸਮੱਸਿਆਂ ਨੂੰ ਹਲ ਕਰ ਲਈ ਕੋਈ ਸਾਂਝਾ ਹਲ ਲੱਭ ਸਕੇ। ਮੇਰਾ ਖ਼ਿਆਲ ਹੈ ਜੇ ਵੱਡੀਆਂ ਨਾਟ-ਮੰਡਲੀਆਂ ਇਸ ਸੰਗਠਨ ਵਿਚ ਨਾ ਵੀ ਸ਼ਾਮਿਲ ਹੋਣ, ਤਾਂ ਵੀ ਘੱਟੋ-ਘੱਟ ਸਾਨੂੰ ਪੇਂਡੂ ਨਾਟ ਮੰਡਲੀਆ ਨੂੰ ਜ਼ਰੂਰ ਆਪਣਾ ਕੋਈ ਸੰਗਠਨ ਬਣਾ ਲੈਣਾ ਚਾਹੀਦਾ ਹੈ। ਬਹੁਤ ਸਾਰੀਆਂ ਸਮੱਸਿਆਵਾਂ ਅਸੀਂ ਇਸ ਸੰਗਠਨ ਨਾਲ ਵੀ ਹੱਲ ਕਰ ਸਕਦੇ ਹਾਂ। □

## 'ਜ਼ਫ਼ਰਨਾਮੇ' ਤੋਂ ਲੈ ਕੇ 'ਮੁਰਗ਼ੀਖ਼ਾਨੇ' ਤਕ

**ਸੁਭਾਸ਼ ਚੰਦਰ ਸ਼ਰਮਾ**

'ਲੋਹੀਆਂ ਨਾਟਕ ਕਲਾ ਕੇਂਦਰ' ਪੰਜ ਸਾਲ ਪਹਿਲਾਂ ਕਾਇਮ ਹੋਇਆ ਸੀ ਤੇ ਹੁਣ ਤਕ ਅਸੀਂ 200 ਵਾਰ ਤੋਂ ਵਧ ਨਾਟਕ ਖੇਡ ਚੁਕੇ ਹਾਂ। ਸਾਡੇ ਨਾਟਕਾਂ ਦਾ ਖੇਤਰ ਅਮੀਰ ਵਿਰਸੇ ਤੋਂ ਲੈ ਕੇ ਮਾਹੌਲ ਮੌਜੂਦਾ ਤਕ ਦਾ ਹੈ। ਜਿਵੇਂ 'ਜਿਨ ਸਚੁ ਪਲੇ ਹੋਇ' ਤੋਂ ਲੈਕੇ 'ਮੁਰਗ਼ੀ-ਖ਼ਾਨਾ' ਤਕ ਨਾਟਕ ਅਸੀਂ ਖੇਡਦੇ ਹਾਂ। ਅਸੀਂ ਪਿੰਡਾਂ ਵਿਚ ਗੱਡੇ ਜੋੜ ਕੇ ਬਣਾਏ ਮੰਚਾਂ ਤੋਂ ਲੈ ਕੇ ਟੈਗੋਰ ਥੀਏਟਰ ਚੰਡੀਗੜ੍ਹ ਤਕ ਨਾਟਕ ਖੇਡਣ ਦਾ ਸੁਭਾਗ ਪ੍ਰਾਪਤ ਕਰ ਚੁੱਕੇ ਹਾਂ। ਸਾਡੇ ਕਲਾ ਕੇਂਦਰ ਦਾ ਮੁੱਖ ਉਦੇਸ਼ ਲੱਚਰ ਸਾਹਿਤ ਦੇ ਬਦਲ ਵਿਚ ਉਸਾਰੂ ਤੇ ਸਿਹਤਮੰਦ ਸਾਹਿਤ ਨਾਟਕਾਂ, ਗੀਤਾਂ ਰਾਹੀਂ ਲੋਕਾਂ ਤਕ ਪਹੁੰਚਾਣਾ ਹੈ।

ਮੁੱਖ ਤੌਰ 'ਤੇ ਅਸੀਂ ਤਿੰਨ ਸਿਆਸੀ ਨਾਟਕ ਖੇਡੇ ਹਨ : (1) 'ਗੱਲ ਕੁਰਸੀ ਦੀ ਗੱਲ ਰੋਟੀ ਦੀ' (2) 'ਹਵਾਈ ਗੋਲੇ' (3) 'ਮੁਰਗੀਖ਼ਾਨਾ'। ਉਂਜ ਸਾਡੀ ਕੋਸ਼ਿਸ਼ ਇਹੀ ਹੁੰਦੀ ਹੈ ਕਿ ਇਤਿਹਾਸਕ ਨਾਟਕਾਂ ਨੂੰ ਮੌਜੂਦਾ ਸਿਆਸਤ ਨਾਲ ਜੋੜਿਆ ਜਾਵੇ। ਸਾਰੇ ਇਤਿਹਾਸਕ ਨਾਟਕ ਲਗਭਗ ਗੁਰਸ਼ਰਨ ਸਿੰਘ ਹੁਰਾਂ ਦੇ ਲਿਖੇ ਹੋਏ ਹਨ ਤੇ ਉਹ ਸਾਨੂੰ ਹਰ ਤਰ੍ਹਾਂ ਦਾ ਮਿਲਵਰਤਣ ਦਿੰਦੇ ਹਨ।

ਨਾਟਕਾਂ ਦੀ ਪੇਸ਼ਕਾਰੀ ਵਿਚ ਸਾਨੂੰ ਤਕਨੀਕੀ ਤੇ ਸਿਆਸੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਸਾਡੀ ਸਭ ਤੋਂ ਵੱਡੀ ਸਮੱਸਿਆ ਇਸਤ੍ਰੀ ਕਲਾਕਾਰ ਦੀ ਹੈ। ਇਸ ਕਰਕੇ ਸਾਨੂੰ ਉਹੀ ਨਾਟਕ ਕਰਨੇ ਪੈਂਦੇ ਹਨ, ਜਿਨ੍ਹਾਂ ਵਿਚ ਕੋਈ ਇਸਤ੍ਰੀ ਪਾਤਰ ਨਹੀਂ ਹੁੰਦੀ। ਜਾਂ ਅਸੀਂ ਆਪ ਨਾਟਕ ਵਿਚ ਫੇਰ ਬਦਲ ਕਰ ਲੈਂਦੇ ਹਾਂ। ਤਕਨੀਕ ਦਾ ਜਿੱਥੋਂ ਤਕ ਸੰਬੰਧ ਹੈ, ਕੁਝ ਵੱਡੀਆਂ ਜਾਂ ਬੁਧੀਜੀਵੀਆਂ ਦੀਆਂ ਸਟੇਜਾਂ ਉਤੇ ਤਾਂ ਥੋੜ੍ਹੀ-ਬਾਹਲੀ ਆਲੋਚਨਾ ਹੋ ਸਕਦੀ ਹੈ, ਪਰ ਪਿੰਡਾਂ ਵਿਚ ਅਸੀਂ ਜੋ ਵੀ ਕਰ ਦਈਏ, ਠੀਕ ਹੁੰਦਾ ਹੈ। ਪਰ ਅਸੀਂ ਉਸਾਰੂ ਆਲੋਚਨਾ ਨੂੰ ਈਮਾਨਦਾਰੀ ਨਾਲ ਜੀਉ-ਆਇਆਂ ਆਖਦੇ ਹਾਂ। ਹਾਲੇ ਤਕ ਦਰਸ਼ਕਾਂ ਨੇ ਸਾਡੇ ਨਾਟਕਾਂ ਦੇ ਭਰਵੇਂ ਹੁੰਗਾਰੇ ਭਰੇ ਹਨ। ਸ਼ੁਰੂ-ਸ਼ੁਰੂ ਵਿਚ ਸਾਨੂੰ ਇਕ ਨਾਟਕ ਖੇਡਣ ਤੋਂ ਬਾਅਦ ਦੂਜੇ ਨਾਟਕ ਲਈ ਕਾਫ਼ੀ ਸਮਾਂ ਲੱਗਦਾ ਸੀ, ਜਿਸ ਨਾਲ ਵੇਲੇ-ਕੁਵੇਲੇ ਗੀਤਕਾਰਾਂ ਜਾਂ ਬੁਲਾਰਿਆਂ ਦੀ ਘਾਟ ਕਾਰਣ ਦਰਸ਼ਕ ਕਦੇ-ਕਦੇ ਬੋਰ ਹੁੰਦੇ ਸਨ। ਪਰ ਹੁਣ ਹਰ ਕਲਾਕਾਰ ਆਪਣਾ, ਮੇਕ-ਅੱਪ ਆਪ ਕਰ ਲੈਂਦਾ ਹੈ। ਪ੍ਰਗਤੀਸ਼ੀਲ ਨਾਟਕਾਂ ਦੀ ਘਾਟ ਰੜਕਦੀ ਹੈ, ਕਿਉਂਕਿ ਗਿਣਤੀ ਦੇ ਦੋ-ਚਾਰ ਨਾਟਕ ਖੇਡ-ਖੇਡ ਇਕ ਤਾਂ ਸਾਡੇ ਕਲਾਕਾਰ ਹੀ ਬੋਰ ਹੋ ਜਾਂਦੇ ਹਨ, ਕਈ ਵਾਰ ਇਕੋ ਪਿੰਡ ਜਾਂ ਸ਼ਹਿਰ ਵਿਚ ਓਹੀ ਨਾਟਕ ਦਰਸ਼ਕਾਂ ਨੂੰ ਮੁੜ-ਘਿੜ ਦੇਖਣੇ ਪੈਂਦੇ ਹਨ। ਸਿਆਸੀ ਮੁਸ਼ਕਲਾਂ ਵੀ ਦਰਪੇਸ਼ ਹੁੰਦੀਆਂ ਹਨ, ਪਰ ਅਸੀਂ ਆਪਣੀ ਪਹੁੰਚ-ਵਿਧੀ ਜਮਹੂਰੀ (ਡੈਮੋਕਰੇਟਿਕ) ਹੀ ਰਖੀ ਹੈ। ਅਸੀਂ ਆਪਣੇ ਕੇਂਦਰ ਉਤੇ ਕਿਸੇ ਇਨਕਲਾਬੀ ਧੜੇ ਦਾ ਫ਼ੱਟਾ ਨਹੀਂ ਲਵਾਉਣਾ ਚਾਹੁੰਦੇ। ਅਸੀਂ ਤਜਰਬੇ ਤੋਂ ਸਿਖਿਆ ਹੈ ਕਿ ਜੇ ਅਸੀਂ ਕੋਈ ਫੱਟਾ ਲਵਾ ਲਿਆ, ਤਾਂ ਅਸੀਂ ਤੰਗ ਦਾਇਰੇ ਵਿਚ ਰਹਿ ਜਾਵਾਂਗੇ। □

## ਮੁਸ਼ਕਿਲਾਂ ਦੇ ਬਾਵਜੂਦ

ਸੁਖਬੀਰ ਸਿੰਘ ਨਾਗਰਾ

ਇਨਕਲਾਬੀ ਤਾਕਤਾਂ ਦੀ ਲੋੜ ਹੈ ਕਿ ਉਹ ਲੋਕਾਂ ਦੀ ਸੋਚ ਉਸਾਰੂ ਤੇ ਸਿਹਤਮੰਦ ਬਣਾਉਣ ਤੇ ਲੋਕਾਂ ਨਾਲ ਘਿਉ-ਖਿਚੜੀ ਹੋਣ। ਇਹ ਲੋੜ ਪੂਰੀ ਕਰਨ ਲਈ ਰੰਗਮੰਚ ਹੀ ਸਭ ਤੋਂ ਚੰਗਾ ਸਾਧਨ ਹੈ। ਇਸ ਗੱਲ ਨੂੰ ਧਿਆਨ ਵਿਚ ਰਖਦਿਆਂ 'ਲੋਕ ਨਾਟਕ ਕਲਾ ਕੇਂਦਰ ਦਸੂਹਾ' ਬਣਾਇਆ ਹੈ। 'ਮੰਡਲੀ' ਨਾਂ ਸਾਨੂੰ ਪਸੰਦ ਨਹੀਂ। ਹੁਣ ਤਕ ਅਸੀਂ 6 ਨਾਟਕ ਚੰਗੀ ਤਰ੍ਹਾਂ ਖੇਡ ਚੁਕੇ ਹਾਂ। ਇਨ੍ਹਾਂ ਵਿਚ 'ਇਨਕਲਾਬ ਜ਼ਿੰਦਾਬਾਦ', 'ਅਸੀਂ ਸ਼ਹੀਦ ਹੋਵਾਂਗੇ......' 'ਇਹ ਲਹੂ ਕਿਸਦਾ ਹੈ' ਆਦਿ ਨਾਟਕ ਸ਼ਾਮਲ ਹਨ। ਮੈਂ ਸਮਝਦਾ ਹਾਂ ਕਿ ਇਹ ਨਾਟਕ ਸਾਡੇ ਵਿਰਸੇ ਤੇ ਸਾਡੇ ਰਾਹ ਨਾਲ ਮੇਲ ਖਾਂਦੇ ਹਨ।

ਸਾਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ ਇਹ ਹਨ : ਸਟੇਜ ਦਾ ਠੀਕ ਨਾ ਹੋਣਾ, ਘੱਟ ਹੋਣਾ, ਰੋਸ਼ਨੀ ਤੇ ਆਵਾਜ਼ ਦਾ ਨਾਕਸ ਪ੍ਰਬੰਧ, ਦਰਸ਼ਕਾਂ ਦੇ ਬੈਠਣ ਲਈ ਬਾਕਾਇਦਾ ਥਾਂ ਨਾ ਹੋਣੀ, ਪੈਸੇ ਦੀ ਘਾਟ, ਆਉਣ-ਜਾਣ ਦਾ ਇੰਤਜ਼ਾਮ ਠੀਕ ਨਾ ਹੋਣਾ, ਸਰੋਤਿਆਂ ਦੀ ਸੂਝ ਦੀ ਪੱਧਰ ਉੱਚੀ ਨਾ ਹੋਣੀ, ਵਿਰੋਧੀ ਸਿਆਸੀ ਪਾਰਟੀਆਂ ਦਾ ਪਰੋਗਰਾਮ ਫ਼ੇਲ੍ਹ ਕਰਨ ਦੀਆਂ ਕਾਰਵਾਈਆਂ ਅਤੇ ਰਾਤ ਨੂੰ ਕਲਾਕਾਰਾਂ ਦੀ ਰਿਹਾਇਸ਼ ਦਾ ਠੀਕ ਪ੍ਰਬੰਧ ਨਾ ਹੋਣਾ। ਇਹਨਾਂ ਸਮੱਸਿਆਵਾਂ ਦੇ ਬਾਵਜੂਦ ਸਾਡੇ ਕਲਾਕਾਰ ਸਾਥੀ ਬੜੇ ਉਤਸ਼ਾਹ ਨਾਲ ਦਿਨ-ਰਾਤ ਕੰਮ ਕਰ ਰਹੇ ਹਨ। □

ਕਿਤਾਬਾਂ ਕਿਸੇ ਨੂੰ ਚੰਗਾ ਲੇਖਕ ਨਹੀਂ ਬਣਾਉਂਦੀਆਂ। ਮਨੁਖ ਦੀ ਜ਼ਿੰਦਗੀ ਦਾ ਗਿਆਨ ਤੇ ਅਨੁਭਵ ਕਿਸੇ ਨੂੰ ਚੰਗਾ ਲੇਖਕ ਬਣਾਉਂਦਾ ਹੈ। ਸਾਨੂੰ ਲੋਕਾਂ ਦੇ ਜੀਵਨ ਦੀ ਡੂੰਘੀ ਤੇ ਵਿਸ਼ਾਲ ਜਾਣਕਾਰੀ ਹੋਣੀ ਚਾਹੀਦੀ ਹੈ; ਉਨ੍ਹਾਂ ਵਰਗੀ ਜ਼ਿੰਦਗੀ ਬਿਤਾਉਣੀ ਚਾਹੀਦੀ ਹੈ। ਉਹਨਾਂ ਵਿਚ ਰਹਿ ਕੇ ਹੀ ਲੇਖਕ ਮਨੁੱਖੀ ਜੀਵਨ ਦਾ ਅੰਦਰੂਨੀ-ਅਨੁਭਵ ਹਾਸਲ ਕਰਦਾ ਹੈ; ਮਨੁੱਖੀ ਸੁਭਾਅ ਦੇ ਵਖ-ਵਖ ਰੂਪਾਂ ਤੇ ਮਾਨਸਿਕ ਗੁੰਝਲਾਂ ਦਾ ਸੱਚਾ ਗਿਆਨ ਪ੍ਰਾਪਤ ਕਰਦਾ ਹੈ। ਇਸ ਗਿਆਨ ਤੇ ਅਨੁਭਵ ਤੋਂ ਬਿਨਾਂ ਅਜ ਤਕ ਕੋਈ ਵੀ ਵੱਡਾ ਲੇਖਕ ਨਹੀਂ ਬਣਿਆ ਤੇ ਨਾ ਹੀ ਬਣ ਸਕਦਾ ਹੈ।

– ਉਤਪਲ ਦੱਤ (ਬੰਗਾਲੀ ਨਾਟਕਕਾਰ)

ਸਿਆਹੀ ਨਾਲ ਲਿਖੇ ਝੂਠ ਲਹੂ ਨਾਲ ਲਿਖੀਆਂ ਸੱਚਾਈਆਂ ਨੂੰ ਲੁਕੋ ਨਹੀਂ ਸਕਦੇ।

– ਲੂ ਸ਼ੁਨ (ਚੀਨੀ ਲੇਖਕ)

ਮੈਨੂੰ ਉਹਨਾਂ ਲੋਕਾਂ ਲਈ ਲਿਖਣਾ ਸਭ ਤੋਂ ਵਧ ਪਸੰਦ ਹੈ, ਜਿਨ੍ਹਾਂ ਨੇ ਕਦੇ ਕਵਿਤਾ ਨੂੰ ਛੁਹਿਆ ਤਕ ਨਹੀਂ। ਮਸਲਿਨ, ਉਹਨਾਂ ਲਈ ਜਿਹੜੇ ਇਹ ਵੀ ਨਹੀਂ ਜਾਣਦੇ ਕਿ ਕਵਿਤਾ ਉਹਨਾਂ ਲਈ ਵੀ ਹੋਣੀ ਚਾਹੀਦੀ ਹੈ। ਮੈਂ ਚਾਹੁੰਦਾ ਹਾਂ ਕਿ ਉਹ ਕਵਿਤਾਵਾਂ ਇਸ ਤਰ੍ਹਾਂ ਪੜ੍ਹਨ; ਜਿਵੇਂ ਉਹ ਅਖ਼ਬਾਰ ਪੜ੍ਹਦੇ ਹਨ ਜਾਂ ਫ਼ੁਟਬਾਲ ਦਾ ਮੈਚ ਦੇਖਣ ਜਾਂਦੇ ਹਨ — ਕਿ ਉਹ ਕਵਿਤਾ ਨੂੰ ਅਖ਼ਬਾਰ ਪੜ੍ਹਨ ਜਾਂ ਫ਼ੁਟਬਾਲ ਦਾ ਮੈਚ ਦੇਖਣ ਨਾਲੋਂ ਵਧ ਔਖੀ ਜਾਂ ਨਖਰੈਲ ਜਾਂ ਵਡਿਆਈ ਯੋਗ ਚੀਜ਼ ਨਾ ਸਮਝਣ।

– ਮਿਰੋਸਲਵ ਹੋਲੁਬ (ਚੈੱਕ ਕਵੀ)

---

ਕਾਰਟੂਨਕਾਰ : ਮੌਰਗਨ,

ਫ਼ਾਰ ਈਸਟਰਨ ਇਕੋਨੋਮਿਕ ਰੀਵੀਊ (ਹਾਂਗ-ਕਾਂਗ)

ਦੇ ਧੰਨਵਾਦ ਸਹਿਤ




**MASOCHISTIC FANTASIES**

ਹਿੰਦੀ ਕਵਿਤਾਵਾਂ

ਮੰਗਲੇਸ਼ ਡਬਰਾਲ

---

## ਅਵਾਜ਼ਾਂ

ਕੁਝ ਦੇਰ ਬਾਅਦ ਸ਼ੁਰੂ ਹੋਣਗੀਆਂ ਆਵਾਜ਼ਾਂ
ਪਹਿਲਾਂ ਇਕ ਕੁੱਤਾ ਭੌਂਕੇਗਾ ਲਾਗਿਓਂ
ਕੁਝ ਦੂਰ ਤੋਂ ਹਿਣਹਿਣਾਏਗਾ ਘੋੜਾ
ਬਸਤੀ ਦੇ ਪਾਰ ਗਿੱਦੜ ਬੋਲਣਗੇ
ਵਿਚਕਾਰੇ ਕਿਤੇ ਹੋਏਗਾ ਬੀਂਡੇ ਦਾ ਬੋਲ
ਪੱਤਿਆਂ ਦਾ ਹਿਲਣਾ
ਵਿਚਕਾਰੇ ਕਿਤੇ ਹੋਏਗਾ
ਰਾਹ ਵਿਚ ਕਿਸੇ ਇਕੱਲੇ ਦਾ ਤੁਰਨਾ
ਇਨ੍ਹਾਂ ਸਾਰਿਆਂ ਤੋਂ ਬਾਹਰ
ਸ਼ੇਰ ਦੇ ਤੁਰਨ ਦੀ ਆਵਾਜ਼ ਹੋਏਗੀ ਮੇਰੇ ਪਿੰਡ ਵਿਚ ।

□

ਅਸਦ ਜ਼ੈਦੀ

## ਫੇਰ ਕਲਕੱਤਾ

ਮੇਜ਼ ਉੱਤੇ ਰੱਖੇ ਖਾਮੋਸ਼ ਫੁੱਲ ਹਿਲ ਰਹੇ ਸਨ ਜਦ
ਬਿਜੋਨ ਭੱਟਾਚਾਰੀਆ ਬੋਲ ਰਹੇ ਸਨ

ਕੰਬਦੀ ਆਵਾਜ਼ 35 ਫ਼ੀਰੋਜ਼ਸ਼ਾਹ ਰੋਡ ਦੀ ਦੂਸਰੀ
ਮੰਜ਼ਿਲ ਦੇ ਕਮਰਿਆਂ ਵਿਚ ਘੁੰਮਦੀ ਸੀ
ਫੜਫੜਾਉਂਦੀ ਸੀ ਇਕ ਗੋਲ ਗੁੰਬਦ ਵਿਚ
ਹਿੱਲਦੇ ਪਰਦਿਆਂ ਵਿਚ ਫਸ ਗਏ ਅਨੇਕਾਂ ਖੰਭ
ਉਪਰ ਪੱਖੇ ਝੂਲ ਰਹੇ ਸਨ ਬਿਜੋਨ ਭੱਟਾਚਾਰੀਆ
ਬੋਲ ਰਹੇ ਸਨ : ਮੈਂ ਇਨ੍ਹਾਂ ਸੈਮੀਨਾਰਾਂ ਲਈ
ਨਹੀਂ ਬਣਿਆ ਹੋਇਆ...ਕੀ ਹੈ ਦਿੱਲੀ ਕੀ ਹੈ ਯੂਨੀਵਰਸਿਟੀ
ਬੋਲੋ ਇਹ ਕੀ ਹੈ ਖੇਡ ?

ਬਿਜੋਨ ਕਹਿੰਦੇ ਸਨ ਮੈਂ ਭੱਦਰ ਲੋਕ ਦਾ ਬੁੱਢੜਾ
ਜਾ ਰਲਿਆ ਹਾਂ ਹੇਠਲੇ ਲੋਕਾਂ ਨਾਲ ਬੰਗਾਲ ਦੇ ਕਲਕੱਤੇ ਵਿਚ

ਮੈਂ ਹੁਣੇ ਜਾਣਾ ਚਾਹੁੰਦਾ ਹਾਂ ਆਪਣੇ ਸਾਮਰਾਜ ਨੂੰ ਵਾਪਸ
ਜਲਦੀ ਮੇਰਾ ਟਿਕਟ ਬੁੱਕ ਕਰਾਓ

ਮੈਨੂੰ ਰਿਤਵਿਕ ਘਟਕ ਦੀ ਤਰ੍ਹਾਂ ਸਵਰਗ ਨਹੀਂ ਸਿਰਫ਼ ਕਲਕੱਤੇ ਤਾਈਂ ਜਾਣਾ ਹੈ

---

ਬਿਜੋਨ ਭੱਟਾਚਾਰੀਆ ਬੰਗਾਲੀ ਲੋਕ ਰੰਗਮੰਚ ਦੀ ਬਹੁਤ ਵੱਡੀ ਹਸਤੀ ਸਨ । ਮਹਾਸ਼ਵੇਤਾ ਦੇਵੀ ਇਨ੍ਹਾਂ ਦੀ ਵਿਧਵਾ ਹੈ । —ਸੰ:

ਪ੍ਰੇਮ ਪ੍ਰਕਾਸ਼

# 'ਕੱਚਕੜੇ' : ਫ਼ੈਸਲਾ ਦੂਜਿਆਂ ਦੇ ਹੱਥ

ਮੇਰੀਆਂ ਕਹਾਣੀਆਂ ਦੀ ਪਹਿਲੀ ਕਿਤਾਬ 'ਕੱਚਕੜੇ' 1966 ਵਿਚ ਛਪੀ ਸੀ, ਮੈਂ ਲਿਖਣਾ 1954 ਤੋਂ ਸ਼ੁਰੂ ਕੀਤਾ ਕਿਤਾਬ ਗਿਆਰਾਂ ਸਾਲ ਪਿੱਛੋਂ ਛਪੀ। ਦੂਜੀ ਕਿਤਾਬ 'ਨਮਾਜ਼ੀ' ਇਸ ਤੋਂ ਪੰਜ ਵਰ੍ਹੇ ਬਾਅਦ 1971 ਵਿਚ ਛਪੀ। ਪਹਿਲੀ ਕਿਤਾਬ ਦੇ ਦੇਰ ਨਾਲ ਛਪਣ ਦਾ ਵੱਡਾ ਕਾਰਣ ਇਹ ਸੀ ਕਿ ਕੋਈ ਪ੍ਰਕਾਸ਼ਕ ਛਾਪਣ ਲਈ ਤਿਆਰ ਨਹੀਂ ਸੀ ਹੁੰਦਾ, ਜਦ ਇਕ ਪ੍ਰਕਾਸ਼ਕ ਤਿਆਰ ਹੋਇਆ, ਤਾਂ ਉਹਨੇ ਸ਼ਰਤ ਇਹ ਰਖ ਦਿੱਤੀ ਕਿ ਖਰੜਾ ਦੇ ਜਾਓ। ਓਹ ਕਿਸੇ ਵਿਦਵਾਨ ਨੂੰ ਦਿਖਾਵੇਗਾ ਪਸੰਦ ਆ'ਇਆ, ਤਾਂ ਛਾਪ ਲਏਗਾ, ਨਹੀਂ ਤਾਂ ਵਾਪਸ ਕਰ ਦਏਗਾ। ਮੈਨੂੰ ਪਤਾ ਲੱਗਾ ਕਿ ਉਹਦਾ ਮਾਹਰ ਵਿਦਵਾਨ ਪਿਆਰਾ ਸਿੰਘ ਭੋਗਲ ਹੈ, ਜਿਹੜਾ ਗਿਆਨੀ-ਗਾਈਡਾਂ ਲਿਖਦਾ ਹੈ। ਹੁਣ ਮੈਨੂੰ ਸ਼ਰਮ ਮਾਰ ਗਈ ਕਿ ਖਰੜਾ ਵਿਦਵਾਨ ਨੂੰ ਪਸੰਦ ਆ ਗਿਆ ਤਾਂ ਵੀ ਮੇਰੇ ਲਈ ਸ਼ਰਮਨਾਕ ਗੱਲ ਹੈ, ਜੇ ਨਾ ਆਇਆ ਤਾਂ ਵੀ ਸ਼ਰਮਨਾਕ ਹੈ। ਮੈਂ ਖਰੜਾ ਨਾ ਦਿੱਤਾ। ਮੇਰੀ ਥਾਂ ਜਸਵੰਤ ਸਿੰਘ ਵਿਰਦੀ ਦੇ ਆਇਆ ਤੇ ਉਹਦੀ ਕਿਤਾਬ ਛਪ ਗਈ।

ਫੇਰ ਕਈ ਸਾਲ ਬਾਅਦ ਕੁਲਵੰਤ ਸਿੰਘ ਵਿਰਕ ਨੇ ਮੈਨੂੰ ਰੁਪਏ ਭੇਜੇ ਤੇ ਕਿਹਾ ਕਿ ਕਿਸੇ ਗਧੇ ਪ੍ਰਕਾਸ਼ਕ ਕੋਲੋਂ ਆਪਣੀ ਕਿਤਾਬ ਛਪਵਾ ਲੈ। ਜਦ ਪਰੋਫ਼ੈਸਰ ਮੋਹਨ ਸਿੰਘ ਹੁਰੀਂ ਨਾ ਛਾਪ ਸਕੇ, ਤਾਂ ਰੂਪ ਲਾਲ ਉਡਾਰੂ ਨੇ ਛਾਪ ਦਿੱਤੀ।

ਮੈਂ ਕਹਾਣੀ ਲਿਖ ਕੇ ਉਹਦੇ ਛਪਣ 'ਤੇ ਸਿਰਫ਼ ਇਕ ਵਾਰ ਪੜ੍ਹ ਕੇ ਉਹਦੀ ਮਾੜੀ-ਮੋਟੀ ਗ਼ਲਤੀ ਠੀਕ ਕਰ ਕੇ ਰਖ ਲੈਂਦਾ ਹਾਂ, ਪਰ ਮੁੜ ਕੇ ਨਹੀਂ ਪੜ੍ਹਦਾ ਇਸ ਤਰ੍ਹਾਂ ਦੋਹਵਾਂ ਕਿਤਾਬਾਂ ਦੀਆਂ ਕਹਾਣੀਆਂ ਦੀਆਂ ਬਹੁਤ ਸਾਰੀਆਂ ਗੱਲਾਂ ਮੈਨੂੰ ਭੁਲ ਗਈਆਂ ਨੇ। ਕਹਾਣੀਆਂ ਦੇ ਨਾਂ ਤਾਂ ਮੈਂ ਕੁਝ ਮਹੀਨਿਆਂ ਬਾਅਦ ਹੀ ਭੁੱਲ ਜਾਂਦਾ ਹਾਂ।

ਸਾਲ ਕੁ ਹੋਇਆ ਮੈਂ ਆਪਣੇ ਪ੍ਰਕਾਸ਼ਕ ਤੋਂ 'ਕੱਚਕੜੇ' ਦੀਆਂ ਕੁਝ ਕਾਪੀਆਂ ਲਿਆ-ਇਆ। ਵਿਹਲਾ ਸੀ, ਫੋਲਾਫਾਲੀ ਕਰਦਾ ਰਿਹਾ। ਓਦੋਂ ਮੈਨੂੰ ਕਈ ਗੱਲਾਂ ਦਾ ਇਨਕਸ਼ਾਫ਼ ਹੋਇਆ ਕਿ ਮੈਂ ਓਦੋਂ ਕਿਵੇਂ ਸੋਚਦਾ ਸੀ ਤੇ ਹੁਣ ਕੀ ਫ਼ਰਕ ਪੈ ਗਿਆ ਹੈ।

ਮੈਂ 'ਕੱਚਕੜੇ' ਦੇ ਮੁੱਖਬੰਦ ਵਿਚ ਲਿਖਿਆ ਹੈ ਸ਼ਾਇਦ ਕਿ ਮੈਂ ਅਗਾਂਹਵਧੂ ਲਹਿਰ ਦੀ ਰਹਿੰਦ-ਖੂੰਹਦ ਵਿਚੋਂ ਹਾਂ। ਪਰ ਉਸ ਲਹਿਰ ਨੇ ਸਮੁੱਚੇ ਤੌਰ ਉੱਤੇ ਭਾਰਤੀ ਸਾਹਿਤ ਨੇ ਜੋ ਦਿੱਤਾ ਹੈ, ਉਸ ਉੱਤੇ ਸਾਨੂੰ ਮਾਣ ਹੈ ਤੇ ਮੈਂ ਦੇਣਦਾਰ ਹਾਂ। 'ਕੱਚਕੜੇ' ਦੀਆਂ ਕਹਾਣੀਆਂ ਫੋਲਦਿਆਂ ਮੈਨੂੰ ਲੱਗਾ ਕਿ ਕਈ ਪਾਤਰ ਸਹਿਜ-ਸੁਭਾ ਇਹੋ ਜਿਹੀਆਂ ਹਰਕਤਾਂ ਤੇ ਗੱਲਾਂ ਕਰ ਗਏ ਨੇ, ਜਿਹੜੀਆਂ ਉਸ ਲਹਿਰ ਦੇ ਨੇਤਾ ਲੇਖਕਾਂ ਦੇ ਬੰਨ੍ਹੇ ਫ਼ਾਰਮੂਲਿਆਂ ਦੇ ਨਾਲ ਕਿਸੇ ਹੱਦ ਤਕ ਜੁੜੀਆਂ ਨੇ। ਉਂਜ ਇਹ ਕਿਤਾਬ ਛਪਣ ਤੋਂ ਪਹਿਲਾਂ ਹੀ ਮੈਂ ਲਹਿਰ ਦੇ ਨੇਤਾ ਲੇਖਕਾਂ, ਜਿਨ੍ਹਾਂ ਵਿਚ ਸੇਖੋਂ, ਮੋਹਨ, ਸੁਜਾਨ ਅਦਿ ਸਨ, ਦਾ ਵਿਰੋਧੀ ਹੋ ਗਿਆ ਸੀ, ਇਸੇ ਲਈ ਮੇਰੀ ਇਸ ਕਿਤਾਬ ਦੇ ਪਾਤਰ ਉਸ ਲਹਿਰ ਦੇ ਪਾਤਰਾਂ ਵਾਂਗ ਭਾਸ਼ਣ ਨਹੀਂ ਕਰਦੇ ਜਾਂ ਕਮਿਊਨ ਵਿਚ ਖਲੋਤੇ ਬੋਲਦੇ ਨਹੀਂ। ਉਨ੍ਹਾਂ ਦਿਨਾਂ ਵਿਚ ਮੈਂ ਸੁਜਾਨ ਸਿੰਘ ਦੀਆਂ ਕਹਾਣੀਆਂ ਨੂੰ ਫ਼ਜ਼ੂਲ ਤੇ

ਗੋਰਕੀ ਦੇ ਨਾਵਲ 'ਮਾਂ' ਨੂੰ ਹੌਲਾ ਸਮਝਣ ਲਗ ਪਿਆ ਸੀ। ਸ਼ਾਇਦ ਇਸ ਲਈ ਵੀ ਕਿ ਮੇਰੇ ਆਲੇ-ਦੁਆਲੇ ਦੇ ਹਾਲਤ ਅਨੁਸਾਰ ਉਹ ਗ਼ੈਰ-ਹਕੀਕੀ ਜਿਹਾ ਲਗਦਾ ਸੀ। ਇਸ ਦੇ ਬਾਵਜੂਦ ਮੈਨੂੰ ਆਪਣੀ ਪਹਿਲੀ ਕਿਤਾਬ ਦਾ ਜਿਥੇ ਫ਼ਖ਼ਰ ਹੈ, ਓਥੇ ਇਸ ਵਿਚ ਬਹੁਤ ਸਾਰੀਆਂ ਕੋਤਾਹੀਆਂ ਵੀ ਲਭਦੀਆਂ ਨੇ।

ਸਭ ਤੋਂ ਵੱਡੀ ਬੁਰਾਈ ਇਹ ਕਿ ਮੈਂ ਉਰਦੂ ਅਦਬ ਪੜ੍ਹਦਾ-ਪੜ੍ਹਦਾ ਪੰਜਾਬੀ ਲਿਖਣ ਲੱਗਾ ਸੀ। ਤੇ ਉਰਦੂ ਦਰਬਾਰਾਂ ਤੇ ਉਮਰਾ (ਅਮੀਰਾਂ) ਦੀ ਭਾਸ਼ਾ ਹੋਣ ਕਰ ਕੇ ਖ਼ਾਸੀ ਬਣਾਵਟੀ ਹੈ। ਉਹਦੇ ਵਿਚ ਹਰ ਵਿਸ਼ੇਸ਼ਣ ਦੇ ਦੋ ਸ਼ਬਦ ਇਕੱਠੇ ਲਿਖੇ ਜਾਂਦੇ ਨੇ, ਜਿਵੇਂ ਹੁਸਨ-ਓ-ਜਮਾਲ, ਇਸ਼ਕ-ਓ-ਮੁਹੱਬਤ। ਇਹ ਬੁਰਾਈ ਮੇਰੀ ਪੰਜਾਬੀ ਲਿਖਤ ਵਿਚ ਆਈ ਤੇ ਨਾਲ ਹੀ ਉਹ ਤਸ਼ਬੀਹਾਂ ਤੇ ਇਸਤਆਰੇ ਲਿਆਈ, ਜਿਨ੍ਹਾਂ ਨਾਲ ਗੱਲ ਸਮਝਾਉਣ ਵਿਚ ਸਹਾਇਤਾ ਤਾਂ ਮਿਲਦੀ ਹੈ, ਪਰ ਜੇ ਜ਼ੋਰ ਇਸੇ ਗੱਲ ਉੱਤੇ ਪੈ ਜਾਵੇ. ਤਾਂ ਵਿਚਾਰ ਵਿਚ ਡੂੰਘਾਈ ਨਹੀਂ ਰਹਿੰਦੀ। ਹੁਣ ਮੈਂ ਇਸ ਰੋਗ ਤੋਂ ਮੁਕਤ ਹੋ ਚੁੱਕਾ ਹਾਂ। ਪਰ ਹੈਰਾਨੀ ਦੀ ਗੱਲ ਹੈ ਕਿ ਪੰਜਾਬੀ ਕਵਿਤਾ ਦੀ ਬੁਨਿਆਦ ਇਸ ਤੋਂ ਘਟ ਹੀ ਉੱਤੇ ਉੱਠੀ ਹੈ।

'ਕੱਚਕੜੇ' ਪੜ੍ਹ ਕੇ ਦੂਜੀ ਗੱਲ ਮੇਰੇ ਜ਼ਿਹਨ ਵਿਚ ਇਹ ਆਉਂਦੀ ਹੈ ਕਿ ਲੇਖਕ ਆਪਣੀ ਉਮਰ ਤੇ ਉਸ ਉਮਰ ਦੇ ਸੁਭਾਅ ਅਨੁਸਾਰ ਆਪਣੇ ਵਿਚਾਰ ਬਣਾਉਂਦਾ ਤੇ ਵਿਅਕਤ ਕਰਦਾ ਹੈ। 'ਕੱਚਕੜੇ' ਵੇਲੇ ਮੈਂ ਅੰਤਾਂ ਦਾ ਅੱਖੜ, ਹਰ ਵੇਲੇ ਲੜਨ ਨੂੰ ਤਿਆਰ ਤੇ ਖ਼ੁਸ਼ੀ ਤੇ ਗ਼ਮ ਦੇ ਅੰਤ ਨੂੰ ਦੇਖਣ ਦਾ ਚਾਹਵਾਨ ਸੀ। ਮੇਰੀਆਂ ਓਦੋਂ ਦੀਆਂ ਸਾਰੀਆਂ ਕਹਾਣੀਆਂ ਦੇ ਪਾਤਰ ਇਸ ਮਾਨਸਕ ਕਲੇਸ਼ ਵਿਚ ਫਸੇ ਹੋਏ ਨੇ। ਇਹਦਾ ਇਕ ਕਾਰਣ ਰਾਜਨੀਤੀ ਵੀ ਸੀ। ਓਦੋਂ ਹਿੰਦ ਕਮਿਊਨਿਸਟ ਪਾਰਟੀ ਨੂੰ ਇਨਕਲਾਬ ਦੀ ਗੂੰਜ ਸੁਣਨੋਂ ਹਟ ਚਲੀ ਸੀ ਤੇ ਸਿਥਲਤਾ ਆ ਰਹੀ ਸੀ। ਹਾਲੇ ਕੋਈ ਨਵਾਂ ਰਾਹ ਨਹੀਂ ਸੀ ਲਭ ਰਿਹਾ, ਸ਼ਾਇਦ ਇਸੇ ਲਈ ਮੇਰੇ ਪਾਤਰ ਦਿਮਾਗ਼ੀ ਤੌਰ 'ਤੇ ਇਨਕਲਾਬੀ ਨੇ। ਉਹ ਕੁਝ ਤੋੜਨਾ, ਭੰਨਣਾ, ਬਦਲਣਾ ਚਾਹੁੰਦੇ ਨੇ, ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਕੀ ਹੋਣਾ ਜਾਂ ਕਰਨਾ ਚਾਹੀਦਾ ਹੈ। ਉਹ ਪੁਰਾਣੀਆਂ ਅਖ਼ਲਾਕੀ ਕਦਰਾਂ ਨੂੰ ਤੋੜ ਕੇ ਵੀ ਉਨ੍ਹਾਂ ਵਿਚ ਬੱਝੇ ਹੋਏ ਨੇ।

ਰਾਜਨੀਤੀ ਦੇ ਨਾਲ-ਨਾਲ ਲੇਖਕ ਦੇ ਆਪਣੇ ਨਿੱਜੀ ਹਾਲਾਤ ਵੀ ਉਹਨੂੰ ਭਟਕਾਉਂਦੇ ਤੇ ਰਾਹ ਉੱਤੇ ਲਿਆਉਂਦੇ ਨੇ। ਉਹਨੀਂ ਦਿਨੀਂ ਮੈਂ ਦੋ ਗੱਲਾਂ ਤੋਂ ਔਖਾ ਸੀ, ਇਕ ਕਮਿਊਨਿਸਟ ਕੁਲਵਕਤੀ ਵਰਕਰਾਂ ਵਿਚ ਭਗਤਾਂ ਵਰਗੀ ਸ਼ਰਧਾ ਤੇ ਉਨ੍ਹਾਂ ਦਾ ਹਕ਼ੀਕਤ ਨੂੰ ਸਮਝਣੋਂ ਇਨਕਾਰੀ ਹੋਣਾ। ਤੇ ਦੂਜੇ ਮੇਰੀ ਕਮਜ਼ੋਰੀ ਇਹ ਸੀ ਕਿ ਮੈਂ ਕਾਮ ਨੂੰ ਜ਼ਿੰਦਗੀ ਦਾ ਬਹੁਤ ਹੀ ਵੱਡਾ ਹਿੱਸਾ ਸਮਝਦਾ ਸੀ ਤੇ ਜਦ ਕਾਮਰੇਡ ਇਸ ਤੋਂ ਬਿਦਕਦੇ ਸਨ ਤਾਂ ਮੈਂ ਹੋਰ ਦੂਜੇ ਪਾਸੇ ਚਲਾ ਜਾਂਦਾ ਸੀ।

ਮੈਂ ਉਹ ਕਹਾਣੀਆਂ ਦੁਬਾਰਾ ਨਹੀਂ ਪੜ੍ਹੀਆਂ। ਜੇ ਪੜ੍ਹਾਂ ਤਾਂ ਸ਼ਾਇਦ ਹੋਰ ਵੀ ਬਹੁਤ ਸਾਰੀਆਂ ਬੁਰਾਈਆਂ ਲਭਣ। ਪਰ ਹਾਲੇ ਵੀ ਬਥੇਰੇ ਪਾਠਕ ਤੇ ਲੇਖਕ ਨੇ, ਜਿਹੜੇ ਮੈਨੂੰ ਉਨ੍ਹਾਂ ਕਹਾ-ਣੀਆਂ ਕਰ ਕੇ ਹੀ ਜਾਣਦੇ ਨੇ। ਕਈਆਂ ਨੂੰ ਉਨ੍ਹਾਂ ਕਹਾਣੀਆਂ ਦੀ ਤਫ਼ਸੀਲ ਵੀ ਯਾਦ ਹੈ, ਜਿਹੜੀਆਂ ਉਸ ਕਿਤਾਬ ਵਿਚ ਛਪੀਆਂ ਵੀ ਨਹੀਂ ਸਨ! ਓਦੋਂ ਮੈਨੂੰ ਲੱਗਿਆ ਸੀ ਕਿ ਮੈਂ ਬਹੁਤ ਨਵੀਆਂ ਤੇ ਵਧੀਆ ਕਹਾਣੀਆਂ ਲਿਖੀਆਂ ਨੇ। ਜਦ 'ਨਮਾਜ਼ੀ' ਛਪੀ ਤਾਂ ਲੱਗਾ ਕਿ ਮੈਂ ਜ਼ਿੰਦਗੀ ਨੂੰ ਪਹਿਲਾਂ ਨਾਲੋਂ ਕਿਤੇ ਵਧ ਡੂੰਘਾਈ ਨਾਲ ਸਮਝਿਆ ਹੈ। ਹੁਣ ਜਦ ਮੇਰੀ ਤੀਜੀ ਕਿਤਾਬ 'ਮੁਕਤੀ' ਛਪਣ ਦੀ ਤਿਆਰੀ ਹੋ ਰਹੀ ਹੈ। ਤਾਂ ਮਹਿਸੂਸ ਕਰ ਰਿਹਾਂ ਕਿ ਪਹਿਲਾਂ ਮੇਰੇ ਵਿਚ 'ਮੁਕਤੀ ਨੰਬਰ ਇਕ' 'ਨੰਬਰ ਦੋ' ਤੇ 'ਡੈੱਡ ਲਾਈਨ' ਵਰਗੀਆਂ ਕਹਾਣੀਆਂ ਲਿਖਣ ਦੀ ਸਮਰਥਾ ਕਿਥੇ ਸੀ? ਇਹ ਕਹਾਣੀਆਂ ਤਾਂ ਮੈਂ ਓਦੋਂ ਸਮਝ ਵੀ ਨਹੀਂ ਸੀ ਸਕਦਾ। ਪਰ ਦਰਅਸਲ ਮੈਥੋਂ ਲਿਖ ਕੀ ਹੋਇਆ ਹੈ, ਇਹਦਾ ਫ਼ੈਸਲਾ ਦੂਜਿਆਂ ਦੇ ਹੱਥ ਹੈ। □

ਮੈਂ ਜੋ ਅੱਜ ਲਿਖ ਰਿਹਾਂ

ਅਤਰਜੀਤ

# ਅੱਖੀਂ ਵੇਖਿਆ ਨਵਾਂ ਸੱਚ

---

ਮੈਂ ਆਪਣਾ ਪਹਿਲਾ ਨਾਵਲ ਸੋ ਕਿਉਂ ਮੰਦਾ ਆਖੀਐ ਦੁਬਾਰਾ ਲਿਖਣਾ ਸ਼ੁਰੂ ਕੀਤਾ ਹੈ। ਕਾਫ਼ੀ ਲੰਮੀ ਚੁਪ ਤੇ ਦੋ ਚਾਰ ਸਫਲ-ਅਸਫਲ ਕਹਾਣੀਆਂ ਦੀ ਰਚਨਾ ਤੋਂ ਬਾਅਦ ਮੈਂ ਜੋਖੋਂ-ਭਰਿਆ ਕੰਮ ਵਿੱਢ ਬੈਠਾ ਹਾਂ। ਮੈਂ ਪਹਿਲਾਂ ਪੜ੍ਹਿਆ ਸੀ ਕਿ ਮਨੁੱਖ ਔਰਤ ਨੂੰ ਜਾਇਦਾਦ ਸਮਝਦਾ ਹੈ — ਇੰਨੀ ਸ਼ਿੱਦਤ ਨਾਲ ਅਨੁਭਵ ਨਹੀਂ ਸੀ ਕਰ ਸਕਿਆ ਕਿ ਇਸ ਤੋਂ ਵੀ ਅੱਗੇ ਔਰਤ ਨੂੰ ਤਾਂ ਜਿਨਸ ਸਮਝਿਆ ਜਾਂਦਾ ਹੈ, ਜਿਸ ਨੂੰ ਖ਼ਰੀਦਣ ਤੇ ਵੇਚਣ ਸਮੇਂ ਨਫ਼ੇ-ਨੁਕਸਾਨ ਦਾ ਪੂਰਾ ਖ਼ਿਆਲ ਰਖਿਆ ਜਾਂਦਾ ਹੈ। ਰੂੜ੍ਹੀਵਾਦੀ ਸੰਸਾਰ ਵਿਚ ਔਰਤ ਦਾ ਸਥਾਨ, ਜਗੀਰੂ ਬਿਰਤੀ ਦੀ ਕੈਦ ਵਿਚ ਗਰੱਸਿਆ ਪਰ ਪੂੰਜੀਦਾਰਾ ਬਿਰਤੀ ਵਲ ਬੁਰੀ ਤਰ੍ਹਾਂ ਉਲਰਿਆ ਪੇਂਡੂ ਮਨੁੱਖੀ ਮਨ ਆਦਿ ਸਮੱਸਿਆਵਾਂ ਕੁਝ ਚਿਰ ਤੋਂ ਮੇਰੇ ਜ਼ਿਹਨ ਉਤੇ ਸਵਾਰ ਰਹੀਆਂ ਹਨ, ਜਿਸ ਕਰਕੇ ਪੰਜਾਬੀ ਮੁਹਾਵਰਾ "ਜੋੜੀਆਂ ਜੱਗ ਥੋੜੀਆਂ, ਸਿਰ-ਨਰੜ ਬਥੇਰੇ" ਚਰਖੜੀ ਵਾਂਗ ਮੇਰੇ ਸਾਹਮਣੇ ਘੁੰਮਦਾ ਰਿਹਾ ਹੈ। ਸਿਰ ਨਰੜ ਵੀ ਜਿਸ ਨਰਕੀ ਢੰਗ ਨਾਲ ਹੁੰਦੇ ਤੱਕੇ ਹਨ, ਜਿਥੇ ਸਭ ਮਨੁੱਖੀ ਕਦਰਾਂ ਕੀਮਤਾਂ ਮਾਤ ਖਾ ਜਾਂਦੀਆਂ ਹਨ — ਉਹਨਾਂ ਦਾ ਜੀਅ ਮਤਲਾਉਂਦਾ ਹੈ।

ਬਾਪ ਦੀ ਬੇਟੀ ਚੁੱਲ੍ਹੇ ਮੂਹਰੇ ਬੈਠੀ ਰੋਟੀਆਂ ਸੇਕ ਰਹੀ ਹੈ, ਜਾਂ ਪਸ਼ੂਆਂ ਦੇ ਵਾੜੇ ਵਿਚ ਗੋਹਾ-ਕੂੜਾ ਕਰ ਰਹੀ ਹੈ – ਉਸ ਦੇ ਮਾਂ-ਬਾਪ ਨੂੰ ਧੀ ਦੇ ਕੋਠੇ ਜਿੱਡੀ ਹੁੰਦੇ ਜਾਣ ਦੀ ਚਿੰਤਾ ਵੱਢ ਵੱਢ ਖਾਂਦੀ ਹੈ। ਬਾਪ ਧੀ ਵਾਸਤੇ ਢੁੱਕਵਾਂ ਵਰ ਲੱਭਣ ਲਈ ਅੱਕੀਂ-ਪਲਾਹੀਂ ਹੱਥ ਪਾਉਂਦਾ ਫਿਰਦਾ ਹੈ – ਧੀਆਂ ਦਾ ਮਾਮਲਾ ਹੈ।

ਮੈਂ ਵੇਖਦਾ ਹਾਂ ਕਿ ਇਕ ਕੁੜੀ ਦਾ ਵਿਅਕਤਵ – ਉਸ ਦੀ ਸ਼ਖ਼ਸੀਅਤ – ਇਕੋ ਕਿਸਮ ਦੀ ਹੈ, ਜੋ ਹੁਣ ਤਕ ਡੌਲੀ ਗਈ ਹੈ; ਪਰ ਮਾਪੇ ਅਤੇ ਰਿਸ਼ਤੇਦਾਰ ਕਿਸੇ ਹੋਰ ਹੀ ਪੈਮਾਨੇ ਅਧੀਨ ਇਕ ਤੋਂ ਬਾਅਦ ਇਕ ਵਰਾਂ ਦੀ ਪਸੰਦ ਦੀ ਨਿਰੰਤਰ ਦੌੜ ਵਿਚ ਭੱਜੇ ਨੱਠੇ ਫਿਰਦੇ ਹਨ। ਕੁੜੀ ਦਾ ਸੁਭਾਅ, ਉਸ ਦੀਆਂ ਭਾਵਨਾਵਾਂ, ਉਸ ਦੀਆਂ ਮਾਨਸਿਕ-ਸਰੀਰਕ ਤ੍ਰਿਪਤੀਆਂ ਆਦਿ ਨੂੰ ਜੜ੍ਹੋਂ ਵੱਢ ਕੇ ਅਚੇਤ ਰੂਪ ਵਿਚ ਹੀ ਗ਼ੈਰ-ਜ਼ਿੰਮੇਂਵਾਰੀ ਦਾ ਸਬੂਤ ਦਿੱਤਾ ਜਾਂਦਾ ਹੈ। ਮੁੰਡੇ ਵਿਚ ਕਿਹੜੇ ਗੁਣ ਹੋਣੇ ਚਾਹੀਦੇ ਹਨ ਤੇ ਕਿਹੜੇ ਔਗੁਣ ਨਹੀਂ ਹੋਣੇ ਚਾਹੀਦੇ ? ਇਸ ਦੀ ਪੁਣ-ਛਾਣ ਜ਼ਰੂਰੀ ਨਹੀਂ। ਜ਼ਰੂਰੀ ਤਾਂ ਇਹ ਹੈ ਕਿ ਉਸ ਘਰ ਦੀ ਛੱਤ ਹੇਠ ਕਿੰਨੇ ਮੰਜੇ ਡਹਿ ਸਕਦੇ ਹਨ ? ਕਿਤੇ ਉਰਲੀ ਵੱਟ ਤੋਂ ਖੜ ਕੇ ਮਾਰੀ ਹਾਕ ਪਰਲੀ ਵੱਟ ਤੇ ਸੁਣ ਤਾਂ ਨਹੀਂ ਜਾਂਦੀ ? ਧੀ ਦਾ ਵਸੇਬਾ, ਸੁਖ ਦੀ ਰੋਟੀ ਵਿਆਹ ਦੇ ਅਦਾਰੇ ਵਿਚ ਪੇਂਡੂ ਸਭਿਆਚਾਰ ਦਾ ਮੂਲ ਹਨ — ਧੁਰਾ ਹਨ। ਇਹੋ ਗੱਲ ਮੁੰਡੇ ਦੇ ਸੰਬੰਧ ਵਿਚ ਆਖੀ ਜਾ ਸਕਦੀ ਹੈ।

ਕਿਸਾਨੀ ਵਾਸਤੇ ਇਹ ਸਮੱਸਿਆ ਦਿਨ-ਪ੍ਰਤੀ ਦਿਨ ਪੇਚੀਦਗੀ ਹੁੰਦੀ ਜਾ ਰਹੀ ਹੈ।

ਸੁਣਦੇ ਸਾਂ ਕਿ ਮਹਾਜਨ ਲੋਕ ਧੀ ਵਾਲਿਆਂ ਤੋਂ, ਪਹਿਲਾਂ ਨਕਦੀ ਤਹਿ ਕਰਦੇ ਹਨ। ਪਰ ਹੁਣ ਤਾਂ ਖੇਤੀ ਦੇ ਤੇਜ਼ੀ ਨਾਲ ਮਸ਼ੀਨੀਕਰਨ ਹੋਣ ਨਾਲ ਕਿਸਾਨੀ ਦੀ ਬਿਰਤੀ ਵੀ ਬਾਣੀਆ ਬਿਰਤੀ ਨਾਲ ਖਹਿਣ ਲੱਗ ਪਈ ਹੈ। ਜਿੰਨਾ ਵੱਡਾ ਕਿਸਾਨ; ਓਨੀ ਵੱਡੀ ਉਸ ਦੀ ਮੰਗ। ਛੋਟੇ ਕਿਸਾਨ ਦੇ ਮੁੰਡੇ ਨੂੰ ਛੜਾ ਰਹਿ ਜਾਣ ਦਾ ਅਤੇ ਕੁੜੀ ਨੂੰ ਕਦੇ ਵੀ ਸਹੁਰੇ ਘਰੋਂ ਕਢੇ ਜਾਣ ਦਾ ਅੰਦੇਸ਼ਾ – ਕੀਮਤਾਂ ਹੀ ਬਦਲ ਗਈਆਂ – ਪੈਸਾ ਹੀ ਈਮਾਨ ਧਰਮ ! 'ਕੰਨਿਆਂ-ਦਾਨ' ਮੁਹਾਂਦਰਾ ਤਾਂ ਦਮ ਹੀ ਤੋੜ ਗਿਆ। ਦਾਜ ਦੇ ਮਾਲ ਵਿਚੋਂ ਪੁੱਤਾਂ ਵਾਲਿਆਂ ਨੂੰ ਟਰੈਕਟਰ – ਟਿਊਬਵੈਲ ਦੇ ਸੁਪਨੇ ਲੈਂਦਿਆਂ ਵੇਖ ਕੇ ਮੈਂ ਨਾਵਲ ਲਿਖਣ ਲਈ ਪਰੇਰਿਆ ਗਿਆ ਹਾਂ।

ਮਾਪਿਆਂ ਵਲੋਂ ਧੀਆਂ ਨਾਲ ਕੀਤਾ ਜਾਂਦਾ ਵੈਰ ਪਹਿਲੀ ਵਾਰ ਅੱਖੀਂ ਵੇਖਿਆ, ਪਰ ਧੀਆਂ ਨੂੰ ਜਿਸ ਦੀ ਕੋਈ ਸੁਧ ਨਹੀਂ। ਇਸ ਅਦਾਰੇ ਵਿਚ ਧੀਆਂ ਨੂੰ ਸਾਹ ਕੱਢਣ ਦਾ ਹੁਕਮ ਨਹੀਂ। ਮੁੰਡੇ ਦਾ ਵਿਆਹ ਕਰਨ ਸਮੇਂ ਖੇਸ-ਦੋੜੇ ਵਿਛਾ ਲੈਣੇ ਤੇ ਕੁੜੀ ਵਾਰੀ ਹੱਥ ਕੱਛਾਂ ਵਿਚ ਦੇਣ ਦਾ ਕਿਸਾਨੀ ਦਾ ਦਵੰਧ ਅੱਖੀਂ ਵੇਖਿਆ। ਕੁੜੀ ਵਾਲੇ, ਜੇ ਘਰ ਦੀ ਵਰਤੋਂ ਦੇ ਭਾਂਡੇ ਅਤੇ ਜੁੱਲੀਆਂ ਵੀ ਦਾਜ ਵਿਚ ਦੇ ਕੇ ਆਪ ਨੀਲੇ ਅੰਬਰ ਦੀ ਛੱਤਰੀ ਥੱਲੇ ਦਿਨ ਬਸਰ ਕਰਨ ਲੱਗ ਪੈਣ ਤਦ ਵੀ ਥੋੜਾ ਤੇ ਅਗੋਂ ਧੀ ਵਾਲਿਆਂ ਦੀ ਇੱਛਾ ਕਿ ਕਿਵੇਂ ਨਾ ਕਿਵੇਂ ਲਾਲਚ ਵਿਖਾ ਕੇ ਰਿਸ਼ਤਾ ਪੱਕਾ ਕਰ ਦੇਣ, ਮਗਰੋਂ ਉੱਕਾ ਰੜੇ ਰਖ ਕੇ ਜਾਂ ਸੋ ਧੋਖਾ-ਧੜੀ ਕਰਕੇ ਇਕੇਰਾਂ ਕੁੜੀ ਨੂੰ ਬੂਹਿਓਂ ਉਠਾ ਦੇਣ।

ਵਿਆਹ ਕਾਨੂੰਨੀ ਵੇਸਵਾ-ਗਮਨੀ ਹੀ ਨਹੀਂ ਰਿਹਾ, ਸਗੋਂ ਲੁੱਟ-ਚੋਂਘ ਦਾ ਤਕੜਾ ਸਥਾਪਤ ਅਦਾਰਾ ਬਣ ਗਿਆ ਹੈ, ਜਿਥੇ ਮਾਲਕ ਕਿਰਤੀ ਨੂੰ ਨਹੀਂ ਲੁੱਟਦਾ; ਸਗੋਂ ਕਿਰਤੀ, ਕਿਰਤੀ ਨੂੰ – ਰਿਸ਼ਤੇਦਾਰ, ਰਿਸ਼ਤੇਦਾਰ ਨੂੰ ਲੁੱਟਦਾ ਹੈ।

ਇਸੇ ਅਦਾਰੇ ਦਾ ਪਾਜ ਮੈਂ ਆਪਣੇ ਨਾਵਲ ਸੋ ਕਿਉਂ ਮੰਦਾ ਆਖੀਐ ਵਿਚ ਉਘਾੜਨਾ ਚਾਹੁੰਦਾ ਹਾਂ। ਮੇਰੀ ਇੱਛਾ ਹੈ ਕਿ ਮੇਰੀ ਇਹ ਰਚਨਾ ਇਸ ਅਦਾਰੇ ਵਿਚ ਧਮਾਕੇ ਵਾਂਗ ਫਟੇ।

ਪੰਜ-ਸੱਤ ਜਮਾਤਾਂ ਪੜ੍ਹੀ ਹੋਈ ਪੱਚੀ-ਚੱਬੀ ਸਾਲਾ ਕਿਸਾਨ ਕੁੜੀ ਲਈ, ਜੇ ਤੇਰਾਂ-ਚੌਦਾਂ ਸਾਲ ਦਾ ਅਣਪੜ੍ਹ ਜੱਟ ਮੁੰਡਾ ਪਿਉ ਪਸੰਦ ਕਰ ਲੈਂਦਾ ਹੈ, ਤਾਂ ਮਾਮਾ ਨੌਵੀਂ ਦਸਵੀਂ ਵਿਚ ਪੜ੍ਹਦਾ ਦਸ ਘੁਮਾਂ ਦਾ ਮਾਲਕ ਸਕੂਲੀਆ ਪਸੰਦ ਕਰ ਆਉਂਦਾ ਹੈ। ਉਹਨਾਂ ਹੀ ਅੱਖਾਂ ਰਾਹੀਂ ਉਹ ਬੀ.ਏ. ਪਾਸ ਪਰ ਗ਼ਰੀਬ ਕਿਸਾਨ ਦੇ ਮੁੰਡੇ ਨੂੰ ਪਰਵਾਨ ਕਰ ਸਕਦੇ ਹਨ। ਉਸੇ ਕੁੜੀ ਵਾਸਤੇ ਓਵਰਸੀਅਰ, ਅਧਿਆਪਕ ਅਤੇ ਇਸ ਤੋਂ ਅਗੇ ਲੰਘ ਕੇ ਪੈਂਤੀ-ਚਾਲੀ ਸਾਲ ਦਾ ਟਰੈਕਟਰ-ਟਿਊਬਵੈੱਲ ਵਾਲਾ ਜੱਟ, ਜਿਸ ਦੇ ਪਹਿਲਾਂ ਵੀ ਦੋ ਵਿਆਹ ਹਨ, ਪਰ ਔਲਾਦ ਨਹੀਂ ਹੁੰਦੀ, ਵੀ ਪਸੰਦ ਕਰ ਲਿਆ ਜਾਂਦਾ ਹੈ। ਇਸ ਸੋਚ ਮਗਰ ਕੰਮ ਕਰਦੇ ਕਾਰਣਾਂ ਨੂੰ ਮੈਂ ਫੜਨ ਦਾ ਜਤਨ ਕੀਤਾ ਹੈ। ਸ਼ਖ਼ਸੀਅਤਾਂ ਦਾ ਉਲਾਰ-ਉਸਾਰ ਮੇਰੀ ਕਲਾ ਦਾ ਕੇਂਦਰ-ਬਿੰਦੂ ਹੈ। ਮੈਂ ਆਪਣੇ ਸਾਰੇ ਪਾਤਰਾਂ ਨੂੰ, ਉਸ ਖ਼ਾਸ ਸਥਿੱਤੀ ਵਿਚ ਪਿਆਂ ਨੂੰ, ਉਵੇਂ ਹੀ ਸਮਝਣ ਅਤੇ ਉਘਾੜਨ ਦਾ ਜਤਨ ਕੀਤਾ ਹੈ, ਜਿਵੇਂ ਉਹ ਸੋਚਦੇ, ਵਿਚਰਦੇ ਤੇ ਅਮਲ ਕਰਦੇ ਹਨ।

ਮੈਂ ਵੇਖਿਆ ਹੈ ਕਿ ਮੇਰੇ ਪਾਤਰ, ਜਿਸ ਪਲ ਹੱਦ ਦਰਜੇ ਦੇ ਸ਼ਰੀਫ਼ ਹਨ – ਐਨ ਉਸੇ ਪਲ ਉਹ ਓਨੇ ਹੀ ਘਟੀਆ ਕਿਰਦਾਰ ਨਿਭਾਉਂਦੇ ਹਨ। ਜਿਸ ਪਲ ਉਹ ਸੱਚ ਦੇ ਪੁਤਲੇ ਹਨ ਐਨ ਓਸੇ ਪਲ, ਉਹਨਾਂ ਦੇ ਵਿਹਾਰ ਵਿਚੋਂ ਝੂਠ-ਤੂਫ਼ਾਨ ਦੀਆਂ ਕਾਤਰਾਂ ਇਧਰ ਉਧਰ ਖਿਲਰ ਰਹੀਆਂ ਹੋਣਗੀਆਂ। ਅਸਲ ਵਿਚ ਮੇਰੇ ਪਾਤਰ ਨਾ ਤਾਂ ਸੱਚੇ ਹੀ ਹਨ, ਤੇ ਨਾ ਮੈਂ ਇਹਨਾਂ ਨੂੰ ਝੂਠੇ ਹੀ ਕਹਿ ਸਕਦਾ ਹਾਂ।

ਬਹੁ-ਪਰਤੀ ਮਨੁੱਖੀ ਸੁਭਾਅ ਹੀ ਇਹਨਾਂ ਦੇ ਚਰਿੱਤਰ ਦਾ ਉਸਾਰ ਹੈ। ਮੈਂ ਆਪਣੀ ਅੱਖੀਂ ਵੇਖਿਆ ਹੈ ਕਿ ਕਿਵੇਂ ਇਕ ਬਾਪ ਖ਼ਰਚ ਦੇ ਡਰੋਂ, ਆਪਣੀ ਸਤਾਈ ਅਠਾਈ ਸਾਲਾ ਧੀ ਦੀ ਜਵਾਨੀ ਰੋਲ ਰਿਹਾ ਹੈ ਤੇ ਦਾਜ ਦੇ ਲਾਲਚ ਵਿਚ ਆਪਣੇ ਸੋਲਾਂ ਸਾਲਾ ਮੁੰਡੇ ਨੂੰ ਛੱਬੀ

ਸਤਾਈ ਸਾਲ ਦੀ ਕੁੜੀ ਨਾਲ ਵਿਆਹ ਕੇ ਘਰ ਭਰ ਲੈਂਦਾ ਹੈ। ਪਰ ਭੁੱਖ ਪੂਰੀ ਤਰ੍ਹਾਂ ਤ੍ਰਿਪਤ ਨਾ ਹੋਣ ਦੀ ਸੂਰਤ ਵਿਚ ਮਾਨਸਿਕ ਸੰਤੁਲਨ ਗੁਆ ਬੈਠਦਾ ਹੈ।

ਅਖੀਰ ਵਿਚ ਨਵੀਂ ਸੋਚ ਦੀਆਂ ਗੱਲਾਂ ਸੁਣ ਸੁਣ ਕੇ ਆਪ ਵੀ ਨਵੀਂ ਸੋਚ ਦਾ ਧਾਰਨੀ ਬਣਨ ਦਾ ਪਰਪੰਚ ਕਰਕੇ ਤਿਹਾਜੂ ਕਿਸਮ ਦੇ ਚਾਲੀ ਸਾਲ ਦੇ ਜੱਟ ਦੇ ਲੜ ਲਾ ਦਿੰਦਾ ਹੈ – "ਆਪਾਂ ਤਾਂ ਕਾਮਰੇਟਾਂ ਵਾਲਾ ਵਿਆਹ ਕੀਤੈ — ਨਾ ਕੁਛ ਲੈਣਾ ਤੇ ਨਾ ਕੁਛ ਦੇਣਾ!" ਇਹ ਕਾਮਰੇਟੀ ਦੀ ਨਵੀਂ ਸੋਚ ਦਾ ਕਿਸਾਨੀ ਵਲੋਂ ਥਾਂ ਥਾਂ ਮਖ਼ੌਲ ਉਡਦਾ ਮੈਂ ਅੱਖੀਂ ਵੇਖਿਆ ਹੈ। ਪਰ ਅਸਲੀ ਅਰਥਾਂ ਵਿਚ ਨਵੀਂ ਸੋਚ ਨੂੰ ਪਰਣਾਇਆਂ ਕੁੜੀ ਦਾ ਨੌਜਵਾਨ ਭਾਈ, ਰੋਸ ਪਰਗਟ ਕਰਨ ਲਈ ਤਖ਼ਤੇ ਵਿਚ ਟੱਕਰ ਮਾਰ ਕੇ, ਲਹੂ-ਲੁਹਾਣ ਹੋਇਆ, ਡਟਵਾਂ ਵਿਰੋਧ ਕਰਕੇ ਵੀ ਆਪਣੀ ਪੁੱਗਾ ਨਹੀਂ ਸਕਦਾ, ਤਾਂ ਉਸ ਦੇ ਮੱਥੇ ਵਿਚੋਂ ਵਗਿਆ ਖ਼ੂਨ ਤਖ਼ਤੇ ਦੇ ਉਸ ਕਿੱਲ ਉਤੇ ਆਪਣੇ ਨਿਸ਼ਾਨ ਛੱਡ ਜਾਂਦਾ ਹੈ, ਕੰਧਾਂ ਉਤੇ ਛਿੱਟੇ ਪੈ ਜਾਂਦੇ ਹਨ। ਧਰਤੀ ਉਤੇ ਵਗਿਆ ਲਹੂ ਇਸ ਵਿਆਹ ਵਿਚ ਸ਼ਗਨ ਦੀ ਮਹਿੰਦੀ ਨਹੀਂ ਬਣਦਾ।

ਦੋ ਸੋਚਾਂ ਦੇ ਟਕਰਾਅ ਵਿਚੋਂ ਮੇਰਾ ਨਾਵਲ ਜਨਮਿਆਂ ਹੈ।

ਮੈਂ ਇਸ ਨਾਵਲ ਨੂੰ ਬਾਜ਼ੀਗਰ ਦੀ ਸੂਲੀ ਦੀ ਛਾਲ ਨਾ ਬਣਾ ਸਕਿਆ, ਤਾਂ ਪਟੜੀ ਜ਼ਰੂਰ ਬਣਾਉਣੀ ਚਾਹੁੰਦਾ ਹਾਂ। ਮੈਨੂੰ ਬਹੁਤ ਸਾਵਧਾਨੀ ਨਾਲ ਆਪਣੇ ਮੈਟਰ ਤੇ ਇਹਦੇ ਰੂਪਕ ਪੱਖ ਦਾ ਵਜ਼ਨ ਸਾਂਵਾਂ ਰਖ ਕੇ ਹੀ ਛਾਲ ਮਰਵਾਉਣੀ ਚਾਹੀਦੀ ਹੈ। ਬੇਵਕਤ ਜਾਂ ਕਾਹਲਾ ਕਦਮ ਕਿਤੇ ਮੇਰੇ ਉੱਤੇ ਹੀ ਧੋਬੀ ਪਟੜਾ ਨਾ ਬਣ ਜਾਏ! □

---

## ਸਮਾਜ ਤੇ ਕਲਾਕਾਰ

ਜਦ ਜੂਨ 1947 ਵਿਚ ਸਾਰਾ ਪੰਜਾਬ ਹਿੰਦੂ-ਮੁਸਲਿਮ-ਸਿੱਖ ਫ਼ਿਰਕਾ-ਪ੍ਰਸਤ ਫ਼ਸਾਦਾਂ ਦੀ ਅੱਗ ਵਿਚ ਸੜ ਰਿਹਾ ਸੀ, ਤਾਂ ਓਦੋਂ ਲਾਹੌਰੋਂ ਛਪਦੇ 'ਟ੍ਰਿਬਿਊਨ' ਦੇ 6 ਜੂਨ 1947 ਦੇ ਅੰਕ ਵਿਚ ਇਹ ਇਸ਼ਤਿਹਾਰ ਛਪਿਆ ਸੀ :

FINE ART CLASSES
by S. SOBHA SINGH Artist

AT

ANDRETA
(KANGRA VALLEY)
VIA PALAMPUR

STARTING 15 th JUNE 1947

Board & lodging Arranged
for particulars apply sharp.

---

## ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

| | |
|---|---|
| 1094–ਵੇਂ ਦੀ ਮਾਂ (ਬੰਗਲਾ) | ਮਹਾਸ਼ਵੇਤਾ ਦੇਵੀ |
| ਜਦੋਂ ਖੇਤ ਜਾਗੇ (ਉਰਦੂ) | ਕ੍ਰਿਸ਼ਣ ਚੰਦਰ |
| ਪਰਬਤੋਂ ਭਾਰੀ ਮੌਤ (ਮਰਾਠੀ) | ਅਨਿਲ ਬਰਵੇ |
| ਆਹ ਕਿਊ ਦੀ ਸੱਚੀ ਕਹਾਣੀ (ਚੀਨੀ) | ਲੂਸ਼ੁਨ |

ਗੁਰੂ ਖ਼ਾਲਸਾ ਨਿਵਾਸ,
ਡਾਕਖ਼ਾਨਾ ਖ਼ਾਲਸਾ ਕਾਲਜ,
ਅਮ੍ਰਿਤਸਰ – 143002.



ਸ਼ਹੀਦ ਭਗਤ ਸਿੰਘ ਦਾ ਫ਼ਾਂਸੀ ਦੇ ਤਖ਼ਤੇ ਤੋਂ
ਲਿਖਿਆ ਲੇਖ

### ਮੈਂ ਨਾਸਤਕ ਕਿਉਂ ਹਾਂ

(ਇਤਿਹਾਸਕਾਰ ਪ੍ਰੋਫ਼ੈਸਰ ਬਿਪਨ ਚੰਦਰ
ਦੀ ਭੂਮਿਕਾ ਸਮੇਤ)

ਪੰਜਾਬੀ ਵਿਚ ਦੂਜਾ ਸੋਧਿਆ ਐਡੀਸ਼ਨ
ਸਫ਼ੇ 48 ਮੁੱਲ : ਸਿਰਫ਼ ਇਕ ਰੁਪਿਆ
ਸ਼ਹੀਦ ਭਗਤ ਸਿੰਘ ਖੋਜ ਕਮੇਟੀ ਵਲੋਂ ਪ੍ਰਕਾਸ਼ਤ

□

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ



### ਤਿੰਨ ਨਾਟਕ

ਸੀਸ ਤਲੀ ਤੇ
ਗੁਰਸ਼ਰਨ ਸਿੰਘ
ਸਫ਼ੇ 48 ਮੁਲ : 2 ਰੁਪਏ

ਧਮਕ ਨਗਾਰੇ ਦੀ
ਸਫ਼ੇ 64 ਮੁਲ : 2 ਰੁਪਏ

ਇੰਨਾਂ ਦੀ ਆਵਾਜ਼
– ਅਸਗ਼ਰ ਵਜਾਹਤ –
ਸਫ਼ੇ 48 ਮੁਲ : 1,50

□

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

# ਕ੍ਰਿਕਟ : ਮਧ-ਸ਼੍ਰੇਣੀ ਦੀ ਅਫ਼ੀਮ

ਅੰਗਰੇਜ਼ ਸਾਮਰਾਜੀਆਂ ਦੀ ਛੱਡੀ ਹੋਈ ਜੂਠ ਹਾਲੇ ਵੀ ਬਦਸਤੂਰ ਕਾਇਮ ਹੈ। ਛੋਟੀ ਔਕਾਤ ਵਾਲੇ ਸੁਨੀਲ ਗਾਵਸਕਰ ਨੇ ਫ਼ੈਸਲਾ ਕੀਤਾ ਹੈ ਕਿ ਉਹ ਆਪਣੀ ਟੀਮ ਨਾਲ ਵੈਸਟ ਇੰਡੀਜ਼ ਨਹੀਂ ਜਾਏਗਾ, ਉਹਨੇ ਵੈਸਟ ਇੰਡੀਜ਼ ਦੇ ਆਪਣੇ ਪਿਛਲੇ ਦੌਰੇ ਦੇ ਤਜਰਬੇ ਦੇ ਆਧਾਰ ਉਤੇ ਆਖਿਆ ਹੈ ਕਿ ਜਮੀਕੀਏ (ਵੈਸਟ ਇੰਡੀਜ਼ ਦੇ ਕਾਲੇ ਵਸਨੀਕ – ਸੰ:) ਨਿਰੇ ਡੰਗਰ ਹਨ ਤੇ ਉਹਨਾਂ ਨੂੰ ਦਰਖ਼ਤਾਂ ਉਤੇ ਹੀ ਰਹਿਣਾ ਚਾਹੀਦਾ ਹੈ, 'ਇਹੋ ਉਨ੍ਹਾਂ ਦੀ ਜਗ੍ਹਾ ਹੈ।' ਹੁਣ ਇਸ ਭਲੇਮਾਣਸ ਵਿਚ ਉਨ੍ਹਾਂ 'ਬੇਸ਼ਊਰ' ਲੋਕਾਂ ਦੇ ਦੇਸ ਨੂੰ ਮੁੜ ਕੇ ਜਾਣ ਦੀ ਹਿੰਮਤ ਨਹੀਂ ਹੈ।

ਗਾਵਸਕਰ ਦਾ ਇਹ ਰਵੱਈਆ ਉਹਦੀ ਖੇਡ ਦੇ ਅੰਗਰੇਜ਼ ਲਾਰਡਾਂ ਦੇ ਰਵੱਈਏ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਇਕ ਲਿਹਾਜ਼ ਨਾਲ ਕ੍ਰਿਕਟ ਸ਼ੁਧ ਭਾਰਤੀ ਖੇਡ ਹੈ। ਭਾਰਤ ਦਾ ਜ਼ਾਤ-ਪਾਤ ਦਾ ਢਾਂਚਾ ਬਿਲਕੁਲ ਕ੍ਰਿਕਟ ਵਰਗਾ ਹੈ। ਹਾਲੇ ਕੱਲ੍ਹ ਦੀ ਹੀ ਗੱਲ ਹੈ ਕਿ ਇਸ ਖੇਡ ਦੇ "ਸ਼ਰੀਫ਼ਜ਼ਾਦਿਆਂ" ਨੂੰ ਖੇਡ ਦੇ "ਖਿਡਾਰੀਆਂ" ਨਾਲੋਂ ਬੜੀ ਸਖ਼ਤੀ ਨਾਲ ਅੱਡ ਰਖਿਆ ਜਾਂਦਾ ਸੀ। ਜਿਸ ਤੋਂ ਕਈ ਕੱਟੜ ਬ੍ਰਾਹਮਣਾਂ ਨੂੰ ਵੀ ਸ਼ਰਮ ਆਉਂਦੀ ਹੋਏਗੀ। ਇਸੇ ਕਰਕੇ ਫ਼ਰੰਗੀਆਂ ਨੂੰ ਇਸ ਖੇਡ ਦੀ ਕਾਸ਼ਤ ਵਾਸਤੇ ਹਿੰਦੁਸਤਾਨ ਦੀ ਮਿੱਟੀ ਜ਼ਰਖ਼ੇਜ਼ ਲੱਗੀ ਸੀ। ਤੇ ਸ਼ੁਰੂ ਤੋਂ ਹੀ ਅੰਗਰੇਜ਼ ਹਾਕਮਾਂ ਦੇ ਚਹੇਤੇ ਜਗੀਰਦਾਰ-ਬਿਸਵੇਦਾਰ ਇਸ ਖੇਡ ਦੇ ਚੈਂਪੀਅਨ ਬਣੇ ਰਹੇ। ਹੋਰ ਕਈ ਗੱਲਾਂ ਵਾਂਗ ਕ੍ਰਿਕਟ ਵੀ ਹਿੰਦੁਸਤਾਨੀ ਲੋਕਾਂ ਦੇ ਦੁਸ਼ਮਣਾਂ ਨੇ ਪ੍ਰਚਲਿਤ ਕੀਤੀ ਸੀ।

ਭਾਰਤੀ ਲੋਕਾਂ ਦੇ ਦੁਸ਼ਮਣ ਹਾਲੇ ਵੀ ਇਹ ਖੇਡ ਖੇਡੀ ਜਾ ਰਹੇ ਹਨ। ਗਾਵਸਕਰ ਦੇ ਉਪਰਲੇ ਕਥਨ ਤੋਂ ਉਹਨਾਂ ਲੋਕਾਂ ਦੀ ਦਿਮਾਗ਼ੀ ਪੱਧਰ ਦਾ ਪਤਾ ਲੱਗਦਾ ਹੈ, ਜਿਹੜੇ ਇਸ ਖੇਡ ਵਿਚੋਂ ਵਿਹਲੇ ਬੈਠੇ ਪੈਸਿਆਂ ਦੀ ਅੰਨ੍ਹੀ ਕਮਾਈ ਕਰੀ ਜਾਂਦੇ ਹਨ। ਇਹਨਾਂ ਨੂੰ ਲੱਗਦਾ ਹੈ ਕਿ ਇਹ ਲੋਕ ਹਾਲੇ ਵੀ ਪੁਰਾਣੇ ਭਲੇ ਜੌਨ੍ਹ ਬੁੱਲ ਦੀ ਸੰਗਤ ਵਿਚ ਬੈਠੇ ਹਨ। ਇਸੇ ਲਈ ਹੀ ਗਾਵਸਕਰ ਦਾ ਇਸ਼ਟ ਤੇ ਕਾਲਾ ਜਮੀਕੀ ਰੋਹਨ ਕਨਹਾਈ ਦੱਖਣੀ ਅਫ਼ਰੀਕਾ ਦੇ ਨਸਲ-ਪ੍ਰਸਤ ਕ੍ਰਿਕਟ ਖਿਡਾਰੀਆਂ ਨੂੰ ਕੋਚਿੰਗ ਦੇਣ ਗਿਆ ਸੀ, ਗੇਰੀ ਸੋਬਰਜ਼ (ਇਹ ਵੀ ਕਾਲਾ ਜਮੀਕੀ ਹੈ) ਨੇ ਇੰਗਲਿਸਤਾਨ ਦੀ ਮਲਿਕਾ ਤੋਂ 'ਸਰ' ਦਾ ਖ਼ਿਤਾਬ ਲੈ ਲਿਆ ਸੀ, ਤੇ ਭਾਰਤਵਰਸ਼ ਦਾ ਸ਼ਹਿਰੀ ਗਾਵਸਕਰ "ਕਾਲੇ ਹਬਸ਼ੀਆਂ" ਨੂੰ ਡੰਗਰ ਕਹਿਣ ਡਹਿਆ ਹੋਇਆ ਹੈ।

ਸਾਮਰਾਜਵਾਦ ਹੱਥੋਂ ਲੁੱਟੇ ਪੁੱਟੇ ਤੀਜੀ ਦੁਨੀਆਂ ਦੇ ਇਹਨਾਂ ਭਲੇਮਾਣਸਾਂ ਨੇ ਛੋਟੀ ਜਿਹੀ ਚੰਗੀ ਜਿਹੀ ਥਾਂ ਲੱਭ ਲਈ ਹੈ, ਜਿਸ ਪਰੀਸਤਾਨ ਵਿਚ ਇਹਨਾਂ ਨੂੰ ਲੱਗਦਾ ਹੈ ਕਿ ਹਰ ਚੀਜ਼ ਚਿੱਟੀ-ਗੋਰੀ ਹੈ ਤੇ ਹਰ ਕੋਈ ਜੌਨ ਬੁੱਲ ਦੇ ਚਾਚੇ ਦਾ ਪੁੱਤ ਭਰਾ ਹੈ, ਭਾਵੇਂ ਉਹਦਾ ਕੋਈ ਵੀ ਮੁਲਕ ਹੋਵੇ ਤੇ ਚਮੜੀ ਦਾ ਰੰਗ ਵੀ ਭਾਵੇਂ ਕੁਝ ਵੀ ਹੋਵੇ।

ਹਾਕਮ ਜਮਾਤਾਂ ਨੇ ਇਨ੍ਹਾਂ ਦੁੱਕੀ-ਤਿੱਕੀ ਖਿਡਾਰੀਆਂ ਨੂੰ ਬੇਥਵ੍ਹਾ ਖ਼ਰਚ ਕਰ-ਕਰ ਸਿਰੇ ਚੜ੍ਹਾਇਆ ਹੋਇਆ ਹੈ, ਤੇ ਲਾਈਲੱਗ ਮਧ-ਸ਼੍ਰੇਣੀ ਪਾਗ਼ਲਪਨ ਦੀ ਹੱਦ ਤਕ ਨਸ਼ਿਆਈ ਹੋਈ ਹੈ। ਮਦਰਾਸ ਵਿਚ ਭਾਰਤ ਦੀ ਕ੍ਰਿਕਟ ਟੀਮ ਦੀ ਜਿੱਤ ਪਿੱਛੋਂ ਜੋ ਦੰਗਾ-ਫ਼ਸਾਦ ਹੋਇਆ, ਉਹ ਇਸ ਨਸ਼ੇ ਦੀ ਉਘੜਵੀਂ ਮਿਸਾਲ ਸੀ। ਲੋਕਾਂ ਨੂੰ ਕਦੋਂ ਅਕਲ ਆਏਗੀ, ਜਦੋਂ ਉਹ ਇਨ੍ਹਾਂ ਪਰ-ਜੀਵੀਆਂ ਨੂੰ ਉਥੇ ਵਗਾਹ ਮਾਰਨਗੇ, ਜਿਹੜੀ ਇਨ੍ਹਾਂ ਦੀ ਜਗ੍ਹਾ ਹੈ – ਅਜਾਇਬ ਘਰਾਂ ਵਿਚ ਤੂੜੀ ਨਾਲ ਭਰੀਆਂ ਪਈਆਂ ਆਦਿਮ-ਨਸਲ ਦੀਆਂ ਵੰਨਗੀਆਂ ਕੋਲ? □

– ਅਸ਼ੀਸ ਲਾਹਿੜੀ

# ਨਾਨਕ ਸਿੰਘ ਨਾਵਲਿਸਟ ਨਾਲ ਭੂਸ਼ਨ ਦੀ ਤਾਜ਼ਾ ਮੁਲਾਕਾਤ

? ਕੀ ਹਾਲ ਐ ਨਾਨਕ ਸਿੰਘ ਜੀ

— ਚੜ੍ਹਦੀ ਕਲਾ

? ਅੱਜਕਲ ਰਿਹਾਇਸ਼ ਕਿੱਥੇ ਹੈ ਤੇ ਪਾਠਕ ਕੌਣ ਲੋਕ ਹਨ

— ਸਵਰਗ ਤੇ ਉਸ ਦੇ ਵਾਰਿਸ

? ਏਨੀ ਛੇਤੀ ਰਿਹਾਇਸ਼ ਬਦਲਣ ਦਾ ਕੀ ਕਾਰਣ ਹੈ

— ਕਾਲ ਚੱਕਰ

? ਤੁਹਾਨੂੰ ਏਸ ਚੱਕਰ ਦਾ ਪਤਾ ਕਿਵੇਂ ਲੱਗਿਆ

— ਗਗਨ ਦਮਾਮਾ ਬਾਜਿਆ

? ਨਾ ਨਾ ਫੇਰ ਵੀ

— ਸਤਿਗੁਰ ਮਹਿਮਾ

? ਤੁਹਾਡੇ ਆਸ ਪਾਸ ਕਿਹੋ ਜਿਹੇ ਲੋਕ ਰਹਿ ਰਹੇ ਹਨ

— ਸਰਾਪੀਆਂ ਰੂਹਾਂ

? ਸਵਰਗ ਵਿਚ ਤਾਂ ਸਰਾਪੀਆਂ ਰੂਹਾਂ ਨਾਲ ਵਾਹ ਹੈ, ਪਰ ਮਾਤ ਲੋਕ ਤੇ ਕਿਹੜੇ ਸਾਥੀ ਸਨ

— ਆਦਮਖ਼ੋਰ

? ਹੁਣ ਵੀ ਕਦੇ ਉਨ੍ਹਾਂ ਦੀ ਯਾਦ ਆਉਂਦੀ ਹੋਵੇਗੀ

— ਧੁੰਦਲੇ ਪਰਛਾਵੇਂ

? ਤੁਹਾਨੂੰ ਕਿਹੜੀ ਫ਼ਿਲਮ ਸਭ ਤੋਂ ਵੱਧ ਪਸੰਦ ਸੀ

— ਸੰਗਮ

? ਉਸ ਵਿਚ ਕੀ ਹੈ

— ਪਿਆਰ ਦੀ ਦੁਨੀਆਂ

? ਉਹ ਕੀ ਹੁੰਦੀ ਐ

— ਅੱਗ ਦੀ ਖੇਡ

? ਉਹ ਕੀ ਹੁੰਦੀ ਹੈ

— ਗ਼ਰੀਬ ਦੀ ਦੁਨੀਆਂ

? ਉਹ ਕੀ ਹੁੰਦੀ ਹੈ

— ਮੇਰੀ ਦੁਨੀਆਂ

? ਬਹੁਤ ਖ਼ੂਬ ! ਤੁਹਾਡੇ ਸੱਚ ਦੇ ਕੁਰਬਾਨ — ਪਰ ਇਹ ਸੱਚ ਕਿਹੋ ਜਿਹਾ ਹੁੰਦਾ ਹੈ

— ਸੂਲਾਂ ਦੀ ਸੇਜ

? ਸੂਲਾਂ ਦੀ ਅਲਾਣੀ ਸੇਜ ਉਤੇ ਤਾਂ ਸੌਣਾ ਬਹੁਤ ਮੁਸ਼ਕਿਲ ਹੁੰਦਾ ਹੈ। ਵਿਛਾਉਂਦੇ ਕੀ ਹੋ

— ਮਿੱਧੇ ਹੋਏ ਫੁੱਲ

? ਸੇਜ ਦਾ ਕੋਈ ਸਾਥੀ ਵੀ ਹੁੰਦਾ ਹੈ

— ਪੱਤਝੜ ਦੇ ਪੰਛੀ

? ਇਸ ਸੱਚ ਤੋਂ ਹਾਸਿਲ ਕੀ ਹੋਇਆ

— ਅਣਸੀਤੇ ਜ਼ਖ਼ਮ

? ਸੱਚ ਦਾ ਇਹ ਕੈਸਾ ਵਰ ਹੈ

— ਵਰ ਨਹੀਂ ਸਰਾਪ

? ਇਹ ਸਰਾਪ ਵੀ ਕਿੰਨਾ ਮਿੱਠਾ ਹੈ

— ਮਿੱਠਾ ਮਹੁਰਾ

? ਤੁਸੀਂ ਬਹੁਤ ਭਾਵੁਕ ਹੋ ਗਏ ਲੱਗਦੇ ਹੋ। ਟੌਪਿਕ ਬਦਲ ਲੈਂਦੇ ਹਾਂ। ਹੱਛਾ, ਇਹ ਦਸੋ ਕਿ ਅੱਜਕਲ ਤੁਹਾਡਾ ਸ਼ੌਕ ਕੀ ਹੈ

— ਗੰਗਾਜਲੀ ਵਿਚ ਸ਼ਰਾਬ

? ਆਹ ਤੇ ਮਾਹੌਲ ਬੰਨ੍ਹ ਦਿੱਤਾ ਜੇ ਕਿ ! ਬਹੁਤ ਖੂਬ ! ਅਹਿ ਤੁਹਾਡੇ ਪਿੱਛੇ ਕੀ ਹੈ

— ਸੁਫ਼ਨਿਆਂ ਦੀ ਕਬਰ

? ਅੱਗੇ ਕੀ ਹੈ

— ਮੰਝਧਾਰ

? ਮੰਝਧਾਰ ਵਿਚ ਕੀ ਹੈ

— ਕਾਗਤਾਂ ਦੀ ਬੇੜੀ

? ਏਨੇ ਫ਼ਿਕਰਮੰਦ ਕਿਉਂ ਹੋ

— ਦੂਰ ਕਿਨਾਰਾ

? ਏਥੇ ਕੀ ਕਰ ਰਹੇ ਹੋ

— ਪ੍ਰਾਸ਼ਚਿਤ

? ਤੁਸੀਂ ਫਿਰ ਸੀਰੀਅਸ ਹੋ ਗਏ। ਇਹ ਦੱਸੋ ਕਿ ਤੁਸੀਂ ਸ਼ੁਰੂ ਵਿਚ ਤਾਂ ਕਵਿਤਾ ਲਿਖਦੇ ਸੀ, ਕਵਿਤਾ ਛੱਡਣ ਦੇ ਕਾਰਣ ਕਿਹੜੇ ਸਨ

— ਪੱਥਰ ਦੇ ਖੰਭ

? ਪੱਥਰ ਦੇ ਖੰਭਾਂ ਨਾਲ ਉਡਿਆ ਨਹੀਂ ਜਾ ਸਕਦਾ — ਪਰ ਉਹਨਾਂ ਖੰਭਾਂ ਵਿਚ ਵੀ ਕੁਝ ਨਾ ਕੁਝ ਤਾਂ ਹੁੰਦਾ ਹੀ ਹੋਵੇਗਾ

— ਪੱਥਰ ਕਾਂਬਾ

? ਕਮਾਲ ਹੈ — ਪੱਥਰ ਵਿਚ ਵੀ ਹਰਕਤ ਪੈਦਾ ਕਰਨ ਵਾਲੀ ਤੁਹਾਡੀ ਕਲਮ ਕਮਾਲ ਹੈ। ਇਸ ਨੇ ਬਹੁਤ ਕੁਝ ਲਿਖਿਆ — ਹੁਣ ਆਪਣੇ ਕਲਮੀ-ਵਾਰਿਸਾਂ ਬਾਰੇ ਕੁਝ ਦੱਸੋ

— ਚੋਰ ਚਾਨਣ

? ਫੇਰ ਇਹ ਸਭ ਕੁਝ ਹੈ ਕੀ

— ਪਾਪ ਦਾ ਫਲ

? ਉਹ ਤਾਂ ਸਾਰੇ ਰੱਜੇ-ਪੁੱਜੇ ਹਨ — ਇੰਜ ਕਿਉਂ

— ਪਾਪ ਦੀ ਖੱਟੀ

? ਤੁਹਾਡੀ ਇੱਛਿਆ ਕੀ ਹੈ

— ਕੋਈ ਹਰਿਆ ਬੂਟ ਰਹਿਓ ਰੀ

? ਜੇ ਤੁਸੀਂ ਦੁਬਾਰਾ ਜਨਮ ਲਵੋ ਤਾਂ ਕੀ ਕਰੋਗੇ

— ਬੀ.ਏ.ਪਾਸ

? ਹੋਰ

— ਲਵ ਮੈਰਿਜ

? ਕੋਈ ਹੋਰ ਕਿਤਾਬ ਛਪਵਾਉ ਤਾਂ ਉਸ ਦੀ ਕੀ ਵਿਸ਼ੇਸ਼ਤਾ ਹੋਵੇਗੀ

— ਸੁਨਹਿਰੀ ਜਿਲਦ

? ਅੱਜਕਲ ਰਚਨਾ-ਸ਼ਕਤੀ ਦਾ ਕੀ ਹਾਲ ਹੈ

— ਬੰਜਰ
? ਕਲਪਨਾ-ਸ਼ਕਤੀ
— ਛਲਾਵਾ
? ਵਿਚਾਰਧਾਰਾ
— ਕੱਟੀ ਹੋਈ ਪਤੰਗ
? ਤੁਸੀਂ ਪੁਰਾਣੀ ਪੀੜ੍ਹੀ ਨੂੰ ਕੀ ਦਿੱਤਾ
— ਹੰਝੂਆਂ ਦੇ ਹਾਰ
? ਨਵੀਂ ਪੀੜ੍ਹੀ ਨੂੰ
— ਸੱਧਰਾਂ ਦੇ ਹਾਰ
? ਨਾਰੀ-ਮੁਕਤੀ ਲਹਿਰ ਨੂੰ
— ਰਸੋਈ ਸਿਖਿਆ
? ਹੁਣ ਕੁਝ ਸਮਕਾਲੀਆਂ ਬਾਰੇ । ਸੰਤ ਸਿੰਘ ਸੇਖੋਂ ਬਾਰੇ ਕੀ ਖ਼ਿਆਲ ਐ
— ਫ਼ਰਾਂਸ ਦਾ ਡਾਕੂ
? ਜਸਵੰਤ ਸਿੰਘ ਕੰਵਲ
— ਫ਼ੌਲਾਦੀ ਫੁੱਲ
? ਗੁਰਦਿਆਲ ਸਿੰਘ
— ਅੱਧ-ਖਿੜਿਆ ਫੁੱਲ
? ਪਰ ਇਹਨਾਂ ਦੋਹਾਂ ਫੁੱਲਾਂ ਦੀ ਬਣਦੀ ਕਿਉਂ ਨਹੀਂ
— ਇਕ ਮਿਆਨ ਦੋ ਤਲਵਾਰਾਂ
? ਦੁੱਗਲ ਤੇ ਨਰੂਲਾ
— ਆਸਤਕ ਨਾਸਤਕ
? ਅੰਮ੍ਰਿਤਾ ਪ੍ਰੀਤਮ
— ਟੁੱਟੀ ਵੀਣਾ
? ਟੁੱਟੀ ਵੀਣਾ ?— ਪਰ ਇਸ ਦਾ ਅੰਦਾਜ਼ ਤਾਂ...
— ਪ੍ਰੇਮ ਸੰਗੀਤ
? ਪੰਜਾਬੀ ਭਾਸ਼ਾ ਦੇ ਸਰਪ੍ਰਸਤਾਂ ਨੂੰ ਤੁਸੀਂ ਕੀ ਕਹੋਗੇ
— ਮਤਰੇਈ ਮਾਂ
? ਹੁਣ ਕੁਝ ਆਖ਼ਰੀ ਸੁਵਾਲ, ਨਵੀਂ ਪੀੜ੍ਹੀ ਲਈ ਕੋਈ ਅਸ਼ੀਰਵਾਦ
— ਠੰਡੀਆਂ ਛਾਵਾਂ
? ਸਾਨੂੰ ਇਸ ਸੰਕਟਮਈ ਮਾਹੌਲ 'ਚ ਕੀ ਕਰਨਾ ਚਾਹੀਦਾ ਹੈ
— ਜੀਵਨ ਸੰਗਰਾਮ
? ਜੀਵਨ ਸੰਗਰਾਮ ਦੌਰਾਨ ਸਭ ਤੋਂ ਵੱਡਾ ਦੁਸ਼ਮਣ
— ਚਿੱਟਾ ਲਹੂ
? ਚਿੱਟੇ ਲਹੂ ਦੀ ਪਛਾਣ
— ਤਸਵੀਰ ਦੇ ਦੋਵੇਂ ਪਾਸੇ
? ਤੁਸੀਂ ਚੱਲੇ ਹੋ ?— ਕੀ ਗੱਲ ਛਾਤੀ ਦੇ ਖੱਬੇ ਪਾਸੇ ਹੱਥ ਕਿਉਂ ਰਖਿਆ ਹੈ
ਏਥੇ ਕੀ ਹੈ —
— ਨਾਸੂਰ
? ਤ...ਤ...ਤ... ਆਪਣੀ ਇਸ ਮੁਲਾਕਾਤ ਦੇ ਅੰਤ ਵੇਲੇ ਕੀ ਉਚਾਰੀਏ
— ਖ਼ੂਨ ਦੇ ਸੋਹਿਲੇ
? ਇਸ ਮੁਲਾਕਾਤ ਦਾ ਨਾਂ ਕੀ ਰੱਖੀਏ
— ਪਵਿੱਤਰ ਪਾਪੀ
? ਚੰਗਾ ਜੀ, ਬਹੁਤ ਬਹੁਤ ਧੰਨਵਾਦ
— (ਗਾਏ...) ਰਜਨੀ... (ਜਾਂਦਾ ਹੈ)

ਸਿਧਾਰਥ ਦੀ ਨੋਟਬੁੱਕ



ਚੈਖ਼ੋਵ ਦੀ ਕਹਾਣੀ 'ਤੇ ਆਧਾਰਿਤ ਨੁੱਕਰ-ਨਾਟਕ

# ਗਿਰਗਿਟ

[ ਸੂਤਰਧਾਰ ਆਪਣੀ ਮੰਡਲੀ ਨਾਲ ਆਉਂਦਾ ਹੈ, ਦਰਸ਼ਕਾਂ ਦਾ ਧਿਆਨ ਖਿੱਚਣ ਲਈ ਡਫਲੀ ਵਜਾਉਂਦਾ ਹੈ । ]

ਸੂਤਰਧਾਰ : (ਹਜੂਮ ਦਾ ਜਾਇਜ਼ਾ ਲੈ ਕੇ ਮੰਡਲੀ ਨੂੰ) ਹੈਂ, ਹਾਲੇ ਤਾਂ ਬੜੇ ਘਟ ਦਰਸ਼ਕ ਆਏ ਨੇ, ਕੋਈ ਗਾਣਾ ਸ਼ੁਰੂ ਕਰੋ ।

[ ਮੰਡਲੀ ਅਦਾਕਾਰੀ ਨਾਲ ਸਮੂਹ-ਗਾਇਨ ਕਰਦੀ ਹੈ । ]

ਸਮੂਹਗਾਨ : ਗਿਟਮਿਟ ਗਿਟਗਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ
ਝਟਪਟ ਰੰਗ ਬਦਲ ਲਓ ਭਾਈ
ਝਟਪਟ ਰੰਗ ਬਦਲ ਲਓ,
ਗਿਟਮਿਟ ਗਿਟਮਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ

ਇਕ ਰੰਗ ਨਾ' ਤਾਂ ਕੰਮ ਨਹੀਂ ਚਲਦਾ
ਇਕ ਢੰਗ ਨਾ' ਤਾਂ ਕੰਮ ਨਹੀਂ ਚਲਦਾ
ਝਟਪਟ ਰੰਗ ਬਦਲ ਲਓ ਭਾਈ
ਝਟਪਟ ਰੰਗ ਬਦਲ ਲਓ
ਗਿਟਮਿਟ ਗਿਟਮਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ

ਅਫ਼ਸਰ ਮੂਹਰੇ ਸੀਸ ਨਿਵਾਓ
ਚਪੜਾਸੀ 'ਤੇ ਰੋਅਬ ਜਮਾਓ
ਹਰਦਮ ਮਾਲਕ ਦੇ ਗੁਣ ਗਾਓ
ਮਜ਼ਦੂਰਾਂ ਨੂੰ ਹੋਰ ਦਬਾਓ
ਝਟਪਟ ਰੰਗ ਬਦਲ ਲਓ ਭਾਈ
ਝਟਪਟ ਰੰਗ ਬਦਲ ਲਓ
ਗਿਟਮਿਟ ਗਿਟਮਿਟ; ਗਿਰਮਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ

ਹਰਦਮ ਕੁਰਸੀ ਦੇ ਗੁਣ ਗਾਓ
ਮੰਜੇ ਹੇਠ ਲੁਕ ਛਿਪ ਜਾਓ
ਕੰਮ ਨਿਕਲਦਾ ਜਾਪੇ ਜੇਕਰ
ਖੋਤੇ ਨੂੰ ਵੀ ਬਾਪ ਬਣਾਓ

ਝਟਪਟ ਰੰਗ ਬਦਲ ਲਓ ਭਾਈ
ਝਟਪਟ ਰੰਗ ਬਦਲ ਲਓ
ਗਿਟਮਿਟ ਗਿਟਮਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ

ਸੂਤਰਧਾਰ : (ਮੰਡਲੀ ਨੂੰ ਰੋਕਦਿਆਂ) ਬਹੁਤ ਨੇ। ਬਹੁਤ ਨੇ। ਅਜ ਵਾਸਤੇ ਏਨੇ ਹੀ ਦਰਸ਼ਕ ਬਥੇਰੇ ਨੇ। (ਦਰਸ਼ਕਾਂ ਨੂੰ) ਹਾਂ ਤਾਂ ਦਰਸ਼ਕ ਭੈਣੋ ਤੇ ਭਰਾਓ, ਕਾਮਰੇਡੋ ਤੇ ਦੋਸਤੋ, ਹੁਣ ਨਾਟਕ ਸ਼ੁਰੂ ਹੁੰਦਾ ਹੈ। ਇਸ ਨਾਟਕ ਦਾ ਨਾਂ ਹੈ – ਗਿਰਗਿਟ। ਇਹਦੀ ਕਹਾਣੀ ਰੂਸੀ ਲੇਖਕ ਅੰਤੋਨ ਚੈਖ਼ੋਵ ਨੇ ਸੰਨ 1884 ਵਿਚ ਲਿਖੀ ਸੀ। ਇਹ ਨਾਟਕ ਓਸੇ ਕਹਾਣੀ ਦਾ ਭਾਰਤੀ ਨਾਟ-ਰੂਪਾਂਤਰ ਹੈ। ਤੇ ਇਹਦੇ ਰੂਪਾਂਤਰਕਾਰ ਹਨ ਰਮੇਸ਼ ਉਪਾਧਿਆਏ ਤੇ ਅਗਾਂਹ ਪੰਜਾਬੀ ਰੂਪ ਦਿਤਾ ਏ ਅਮਰਜੀਤ ਚੰਦਨ ਨੇ। ਸੰਨ 1884 ਵਿਚ ਰੂਸੀ ਲੋਕ......ਹੈਂ......

[ ਨਾਟਕ-ਮੰਡਲੀ ਫੇਰ ਸਮੂਹ-ਗਾਇਨ ਗਾਉਣ ਲਗਦੀ ਹੈ। ]

ਸਮੂਹਗਾਨ : ਗਿਟਮਿਟ ਗਿਟਮਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ
ਰੂਸੀ ਚੀਨੀ ਜਾਂ ਅਮਰੀਕੀ
ਫ਼ਰਾਂਸੀਸੀ ਹੈ ਜਾਂ ਅਫ਼ਰੀਕੀ
ਜਿਸ ਤੋਂ ਕੰਮ ਨਿਕਲਦਾ ਹੋਵੇ
ਝਟ ਉਸੇ ਦੇ ਹੋ ਜਾਓ
ਫ਼ੌਰਨ ਰੰਗ ਬਦਲ ਲਓ ਭਾਈ
ਫ਼ੌਰਨ ਢੰਗ ਬਦਲ ਲਓ ਭਾਈ
ਗਿਟਮਿਟ ਗਿਟਮਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ

ਸੂਤਰਧਾਰ : (ਡਫਲੀ ਜ਼ੋਰ-ਦੇਣੀ ਵਜਾ ਕੇ) ਬਸ ਕਰੋ। (ਮੰਡਲੀ ਕੋਈ ਧਿਆਨ ਨਹੀਂ ਦਿੰਦੀ)।

ਸਮੂਹਗਾਨ : ਇਹ ਸਾਰੀ ਸਤਿਗੁਰ ਦੀ ਮਹਿਮਾ
ਰੱਜ-ਰੱਜ ਖ਼ੂਨ ਪੀਓ ਲੋਕਾਂ ਦਾ
ਇਹੋ ਕੰਮ ਸਦਾ ਜੋਕਾਂ ਦਾ
ਫ਼ੌਰਨ ਰੰਗ ਬਦਲ ਲਓ ਭਾਈ
ਫ਼ੌਰਨ ਢੰਗ ਬਦਲ ਲਓ ਭਾਈ
ਗਿਟਮਿਟ ਗਿਟਮਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ

ਸੂਤਰਧਾਰ : (ਉੱਚੀ ਆਵਾਜ਼ ਵਿਚ) ਬਸ ! ਬਸ ਕਰੋ ! (ਦਰਸ਼ਕਾਂ ਨੂੰ) ਇਹਨਾਂ ਐਕਟਰਾਂ ਨੂੰ ਸਾਂਭਣਾ ਬੜਾ ਮੁਸ਼ਕਲ ਐ। (ਮੰਡਲੀ ਨੂੰ) ਬਈ ਰੁਕੋ ਵੀ। ਨਾਟਕ ਸ਼ੁਰੂ ਕਰੋ।

[ ਮੰਡਲੀ ਸਮੂਹਗਾਨ ਬੰਦ ਕਰਦੀ ਹੈ। ਤਿੰਨ ਅਦਾਕਾਰ ਮੁਖੌਟੇ ਪਹਿਨ ਕੇ ਅੱਗੇ ਆਉਂਦੇ ਹਨ। ]

ਅਦਾਕਾਰ1 : ਮੈਂ ਵੱਡਾ ਅਫ਼ਸਰ ਹਾਂ।

[ ਸੂਤਰਧਾਰ ਕੁਰਸੀ ਲਿਆਉਂਦਾ ਹੈ। ਵੱਡਾ ਅਫ਼ਸਰ ਕੁਰਸੀ ਉੱਤੇ ਬੈਠ ਜਾਂਦਾ ਹੈ। ]

ਅਦਾਕਾਰ2 : ਮੈਂ ਮੋਟਾ ਅਫ਼ਸਰ ਹਾਂ ।

[ ਮੋਟਾ ਅਫ਼ਸਰ ਵੱਡੇ ਅਫ਼ਸਰ ਨੂੰ ਸਲੂਟ ਮਾਰ ਕੇ ਇਕ ਪਾਸੇ ਖੜ੍ਹਾ ਹੋ ਜਾਂਦਾ ਹੈ ।]

ਅਦਾਕਾਰ3 : ਮੈਂ ਛੋਟਾ ਅਫ਼ਸਰ ਹਾਂ ।

[ ਛੋਟਾ ਅਫ਼ਸਰ ਵੱਡੇ ਅਫ਼ਸਰ ਨੂੰ ਸਲੂਟ ਮਾਰ ਕੇ ਇਕ ਪਾਸੇ ਖੜਾ ਹੋ ਜਾਂਦਾ ਹੈ । ]

ਵੱਡਾ ਅਫ਼ਸਰ : (ਕੁਝ ਲਿਖਣ ਵਿਚ ਮਸਰੂਫ਼) ਸ਼ਹਿਰ ਵਿਚ ਅਮਨ-ਚੈਨ ਹੈ ?

ਮੋਟਾ ਅਫ਼ਸਰ : (ਛੋਟੇ ਅਫ਼ਸਰ ਨੂੰ) ਸ਼ਹਿਰ ਵਿਚ ਅਮਨ-ਚੈਨ ਹੈ ?

ਛੋਟਾ ਅਫ਼ਸਰ : (ਦਰਸ਼ਕਾਂ ਨੂੰ) ਸ਼ਹਿਰ ਵਿਚ ਅਮਨ-ਚੈਨ ਹੈ ? (ਮੋਟੇ ਅਫ਼ਸਰ ਨੂੰ) ਪੂਰਾ ਅਮਨ-ਚੈਨ ਹੈ ਸਰਕਾਰ ।

ਮੋਟਾ : ਹੈ ਸਰਕਾਰ ।

ਵੱਡਾ : (ਮੋਟੇ ਅਫ਼ਸਰ ਨੂੰ) ਕੋਈ ਮੋਰਚਾ, ਕੋਈ ਜਲਸਾ-ਜਲੂਸ, ਕੋਈ ਹੜਤਾਲ, ਕੋਈ ਹੰਗਾਮਾ ਤਾਂ ਨਹੀਂ ?

ਮੋਟਾ : (ਛੋਟੇ ਅਫ਼ਸਰ ਨੂੰ) ਕੋਈ ਹੰਗਾਮਾ ਤਾਂ ਨਹੀਂ ?

ਛੋਟਾ : (ਦਰਸ਼ਕਾਂ ਨੂੰ) ਕੋਈ ਹੰਗਾਮਾ ਤਾਂ ਨਹੀਂ ? (ਮੋਟੇ ਅਫ਼ਸਰ ਨੂੰ) ਸਭ ਠੀਕ ਹੈ ਸਰਕਾਰ ।

ਮੋਟਾ : (ਵੱਡੇ ਅਫ਼ਸਰ ਨੂੰ) ਸਭ ਠੀਕ ਹੈ ਸਰਕਾਰ ।

ਵੱਡਾ : ਕੋਈ ਜਨਵਾਦੀ, ਸੋਸ਼ਲਿਸਟ, ਕਮਿਊਨਿਸਟ ਬਾਹਰ ਤਾਂ ਨਹੀਂ ?

ਮੋਟਾ : (ਛੋਟੇ ਅਫ਼ਸਰ ਨੂੰ) ਕਮਿਊਨਿਸਟ ਬਾਹਰ ਤਾਂ ਨਹੀਂ ?

ਛੋਟਾ : (ਦਰਸ਼ਕਾਂ ਨੂੰ) ਕੋਈ ਬਾਹਰ ਤਾਂ ਨਹੀਂ ? (ਮੋਟੇ ਅਫ਼ਸਰ ਨੂੰ) ਸਭ ਅੰਦਰ ਨੇ ਸਰਕਾਰ ।

ਮੋਟਾ : (ਵੱਡੇ ਅਫ਼ਸਰ ਨੂੰ) ਸਭ ਅੰਦਰ ਨੇ ਸਰਕਾਰ ।

ਵੱਡਾ : ਸੇਠ ਸ਼ਾਹੂਕਾਰ, ਸੂਦਖ਼ੋਰ, ਜਮਾਂਖ਼ੋਰ, ਮੁਨਾਫ਼ਾਖ਼ੋਰ, ਰਿਸ਼ਵਤਖ਼ੋਰ ਵਗੈਰਾ ਸਾਰੇ ਖ਼ੁਸ਼ ਨੇ ?

ਮੋਟਾ : (ਛੋਟੇ ਅਫ਼ਸਰ ਨੂੰ) ਸੇਠ ਸ਼ਾਹੂਕਾਰ, ਸੂਦਖ਼ੋਰ, ਜਮਾਂਖ਼ੋਰ, ਮੁਨਾਫ਼ਾਖ਼ੋਰ, ਰਿਸ਼ਵਤਖ਼ੋਰ ਵਗੈਰਾ ਸਾਰੇ ਖ਼ੁਸ਼ ਨੇ ?

ਛੋਟਾ : (ਦਰਸ਼ਕਾਂ ਨੂੰ) ਸੇਠ ਸ਼ਾਹੂਕਾਰ ਸੂਦਖ਼ੋਰ, ਜਮਾਂਖ਼ੋਰ, ਮੁਨਾਫ਼ਾਖ਼ੋਰ, ਰਿਸ਼ਵਤਖ਼ੋਰ ਵਗੈਰਾ ਸਭ ਖ਼ੁਸ਼ ਨੇ ਸਰਕਾਰ ।

ਮੋਟਾ : ਸਭ ਖ਼ੁਸ਼ ਨੇ ਸਰਕਾਰ ।

ਵੱਡਾ : (ਗੁੱਸੇ ਵਿਚ ਖੜ੍ਹਾ ਹੋ ਕੇ) ਬਕਵਾਸ ਬੰਦ । ਸਾਰੇ ਖ਼ੁਸ਼ ਨਹੀਂ । ਉਨ੍ਹਾਂ ਨੂੰ ਹਾਲੇ ਹੋਰ ਖ਼ੁਸ਼ ਕਰਨਾ ਹੈ !

ਮੋਟਾ : (ਛੋਟੇ ਅਫ਼ਸਰ ਨੂੰ) ਬਕਵਾਸ ਬੰਦ । ਸਾਰੇ ਖ਼ੁਸ਼ ਨਹੀਂ । ਉਹਨਾਂ ਨੂੰ ਹਾਲੇ ਹੋਰ ਖ਼ੁਸ਼ ਕਰਨਾ ਹੈ ।

ਛੋਟਾ : (ਦਰਸ਼ਕਾਂ ਨੂੰ) ਬਕਵਾਸ ਬੰਦ । ਸਾਰੇ ਖ਼ੁਸ਼ ਨਹੀਂ । ਉਹਨਾਂ ਨੂੰ ਹਾਲੇ ਹੋਰ ਖ਼ੁਸ਼ ਕਰਨਾ ਹੈ । (ਮੋਟੇ ਅਫ਼ਸਰ ਨੂੰ) ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਸਰਕਾਰ ।

ਮੋਟਾ : ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਸਰਕਾਰ ।

ਵੱਡਾ : ਤਾਂ ਜਾਓ ਦਫ਼ਾ ਹੋ ਜਾਓ ।

ਮੋਟਾ : (ਸਲੂਟ ਮਾਰ ਕੇ) ਥੈਂਕ ਯੂ ਸਰ।

ਛੋਟਾ : (ਸਲੂਟ ਮਾਰ ਕੇ) ਥੈਂਕ ਯੂ ਵੇਰੀ ਮਚ ਸਰ।

[ਛੋਟੇ-ਮੋਟੇ ਅਫ਼ਸਰ ਮਸ਼ੀਨੀ ਢੰਗ ਨਾਲ ਮੁੜ ਕੇ ਤੁਰ ਪੈਂਦੇ ਹਨ। ਵੱਡਾ ਅਫ਼ਸਰ ਮੁਖੌਟਾ ਲਾਹ ਕੇ ਮੰਡਲੀ ਵਿਚ ਰਲ ਜਾਂਦਾ ਹੈ। ਛੋਟੇ-ਮੋਟੇ ਅਫ਼ਸਰ ਲੈਫ਼ਟ-ਰਾਈਟ ਕਰਦੇ ਚੱਕਰ ਕੱਟੀ ਜਾਂਦੇ ਹਨ। ਛੋਟਾ ਅਫ਼ਸਰ ਮੌਕਾ ਦੇਖ ਕੇ ਜੇਬ ਵਿਚੋਂ ਕੇਲਾ ਕੱਢ ਕੇ ਖਾਣ ਲਗ ਪੈਂਦਾ ਹੈ। ਅੱਗੇ ਚਲਦਾ ਮੋਟਾ ਅਫ਼ਸਰ ਅਚਾਨਕ 'ਹਾਲਟ' ਕਰ ਦਿੰਦਾ ਹੈ। ਛੋਟਾ ਅਫ਼ਸਰ ਰੁਕ ਜਾਂਦਾ ਹੈ ਤੇ ਘਬਰਾਹਟ ਵਿਚ ਸਾਰੇ ਦਾ ਸਾਰਾ ਕੇਲਾ ਮੂੰਹ ਵਿਚ ਭਰ ਲੈਂਦਾ ਹੈ।)

ਮੋਟਾ : (ਕੜਕ ਕੇ) ਰਾਮ ਸਿੰਘ। (ਭਰੇ ਹੋਏ ਮੂੰਹ ਨਾਲ ਬੋਲਣੋਂ ਅਸਮਰਥ ਛੋਟੇ ਅਫ਼ਸਰ ਨੂੰ ਦੇਖ ਕੇ ਜ਼ੋਰ ਨਾਲ) ਰਾਮ ਸਿੰਘ।

ਛੋਟਾ : (ਕੇਲਾ ਨਿਗਲ ਕੇ) ਜੀ ਜਨਾਬ।

ਮੋਟਾ : ਤੂੰ ਆਪਣੀ ਲਿਮਟ ਤੋਂ ਬਾਹਰ ਜਾਣ ਲੱਗੈਂ ਰਾਮ ਸਿਆਂ। ਅਸੀਂ ਕਿਹਾ — ਥੈਂਕ ਯੂ ਸਰ ਤੇ ਤੂੰ ਕਹਿੰਦੈਂ – ਥੈਂਕ ਯੂ ਵੇਰੀ ਮਚ ਸਰ। ਤੂੰ ਭਲਾ ਸਾਡੇ ਨਾਲੋਂ ਵੇਰੀ ਮੱਚ ਹੈਂ ?

ਛੋਟਾ : ਗ਼ਲਤੀ ਹੋ ਗਈ ਜਨਾਬ।

ਮੋਟਾ : ਝੂਠ ਬੋਲਦੈਂ।

ਛੋਟਾ : ਮੇਰੀ ਕੋਈ ਗ਼ਲਤੀ ਨਹੀਂ ਸਰਕਾਰ।

ਮੋਟਾ : ਫੇਰ ਝੂਠ।

ਛੋਟਾ : ਮੈਂ ਆਪਣੀ ਗ਼ਲਤੀ ਮੰਨਦਾਂ ਜਨਾਬ।

ਮੋਟਾ : ਗ਼ਲਤੀ ਮੰਨਣ ਨਾਲ ਕੀ ਹੁੰਦੈ ? ਕੁਝ ਖੁਆਉਣ-ਪਿਲਾਉਣ ਦੀ ਗੱਲ ਐ ਤਾਂ ਦੱਸ।

ਛੋਟਾ : ਜ਼ਰੂਰ, ਜ਼ਰੂਰ ਜਨਾਬ। ਅੱਜੋ ਹੀ। ਆਖੋ ਤਾਂ ਹੁਣੇ ਹੀ। (ਪੀਣ ਦਾ ਇਸ਼ਾਰਾ ਕਰਦਾ ਹੈ)।

ਮੋਟਾ : ਨਹੀਂ, ਹਾਲੇ ਨਹੀਂ। ਹਾਲੇ ਤਾਂ ਵੱਡੇ ਸਾਹਬ ਲਈ ਬਾਜ਼ਾਰੋਂ ਕੁਝ ਫਲ-ਫ਼ਰੂਟ ਚੁੱਕਣੇ ਐਂ। (ਜੇਬ ਵਿਚੋਂ ਸਿਗਰਟ ਕੱਢ ਕੇ) ਲਿਆ, ਰਤਾ ਮਾਚਿਸ ਕੱਢ।

[ ਛੋਟਾ ਅਫ਼ਸਰ ਮੋਟੇ ਅਫ਼ਸਰ ਦੀ ਸਿਗਰਟ ਤੇ ਆਪਣੀ ਬੀੜੀ ਸੁਲਗਾਉਂਦਾ ਹੈ। ਛੋਟਾ ਅਫ਼ਸਰ ਸਿਗਰਟ ਪੀਂਦਾ ਤੇ ਡੰਡਾ ਹਿਲਾਉਂਦਾ ਫੇਰ ਅੱਗੇ ਅੱਗੇ ਤੁਰ ਪੈਂਦਾ ਹੈ। ਛੋਟਾ ਅਫ਼ਸਰ ਮਸ਼ੀਨੀ ਢੰਗ ਨਾਲ ਉਹਦੇ ਪਿੱਛੇ-ਪਿੱਛੇ ਲੈਫ਼ਟ-ਰਾਈਟ ਕਰਨ ਲੱਗਦਾ ਹੈ। ]

ਸੂਤਰਧਾਰ : (ਅਗੇ ਆ ਕੇ ਮੰਡਲੀ ਨੂੰ) ਬਾਜ਼ਾਰ ਦਾ ਸੀਨ।

[ ਮੰਡਲੀ ਦੇ ਅਦਾਕਾਰ ਦੁਕਾਨਦਾਰ ਤੇ ਗਾਹਕ ਬਣ ਕੇ ਪਿੱਠ ਭੂਮੀ ਵਿਚ ਬਾਜ਼ਾਰ ਦਾ ਦ੍ਰਿਸ਼ ਕਰਦੇ ਹਨ। ]

ਸੂਤਰਧਾਰ : (ਦਰਸ਼ਕਾਂ ਨੂੰ) ਇਹ ਬਾਜ਼ਾਰ ਹੈ। ਤੇ ਇਸ ਬਾਜ਼ਾਰ ਵਿਚ ਅਮਨ-ਕਾਨੂੰਨ ਬਣਾਈ

ਰਖਣ ਲਈ ਸਾਡੇ ਛੋਟੇ-ਮੋਟੇ ਅਫ਼ਸਰ ਇਧਰ-ਉਧਰ ਘੁੰਮਦੇ ਰਹਿੰਦੇ ਨੇ। (ਛੋਟੇ-ਮੋਟੇ ਅਫ਼ਸਰ 'ਬਾਜ਼ਾਰ' ਦਾ ਚੱਕਰ ਲਾਉਂਦੇ ਹਨ। ਦੋਹਵੇਂ ਪਰਤ ਕੇ ਜਦ ਇਸ ਸਿਰੇ ਆਉਂਦੇ ਹਨ, ਤਾਂ ਪਰਲੇ ਸਿਰਿਓਂ ਛੋਟਾ ਮੁੰਡਾ ਕੁੱਤੇ ਵਾਂਗ ਚੂੰ-ਚੂੰ ਕਰਦਾ ਤੇਜ਼ੀ ਨਾਲ ਦੌੜਦਾ ਆਉਂਦਾ ਹੈ। ਪਿੱਛੇ-ਪਿੱਛੇ ਕੋਈ ਜੇਬ-ਕਤਰਾ 'ਫੜੋ ਓਏ, ਫੜੋ' ਦਾ ਰੌਲਾ ਪਾਉਂਦਾ ਦੌੜਦਾ ਆਉਂਦਾ ਹੈ।)

ਸੂਤਰਧਾਰ : (ਦਰਸ਼ਕਾਂ ਨੂੰ) ਬਾਜ਼ਾਰ ਵਿਚ ਕੁੱਤੇ ਵੀ ਹੁੰਦੇ ਨੇ ਤੇ ਜੇਬਕਤਰੇ ਵੀ। ਇਹ ਆਵਾਜ਼ ਜੇਬਕਤਰੇ ਦੀ ਹੈ। (ਦੋਹਵੇਂ ਅਫ਼ਸਰ ਚੌਂਕ ਕੇ ਖੜੇ ਹੋ ਜਾਂਦੇ ਹਨ)।

ਮੋਟਾ : ਇਹ ਕੀ ਰੌਲਾ ਪਿਐ ਰਾਮ ਸਿਆਂ ?

ਛੋਟਾ : ਕੋਈ ਲੰਡਰ ਕੁੱਤਾ ਲੱਗਦੈ।

ਮੋਟਾ : ਓਏ ਤੂੰ ਨਹੀਂ ਜਾਣਦਾ ਇਹਨੂੰ ?

ਛੋਟਾ : ਕੋਈ ਨਵਾਂ ਆਇਆ ਲਗਦੈ ਸਾਹਬ। ਵਰਨਾ ਇਥੋਂ ਦੇ ਸਾਰੇ ਕੁੱਤਿਆਂ ਨੂੰ ਮੈਂ ਚੰਗੀ ਤਰ੍ਹਾਂ ਜਾਣਦਾਂ।

ਮੋਟਾ : ਫੜ ਲੈ ਸਾਲੇ ਮੇਰੇ ਨੂੰ।

[ ਛੋਟਾ ਅਫ਼ਸਰ ਨੱਠ ਕੇ 'ਕੁੱਤੇ' ਨੂੰ ਫੜ ਲੈਂਦਾ ਹੈ। 'ਬਾਜ਼ਾਰ' ਦੇ ਲੋਕ ਭੀੜ ਬਣ ਕੇ 'ਕੀ ਹੋਇਆ, ਕੀ ਹੋਇਆ' ਆਖਦੇ ਛੋਟੇ ਅਫ਼ਸਰ ਤੇ ਕੁੱਤੇ ਨੂੰ ਘੇਰ ਲੈਂਦੇ ਹਨ। ਮੋਟਾ ਅਫ਼ਸਰ ਅਲੱਗ ਖੜਾ ਆਰਾਮ ਨਾਲ ਸਿਗਰਟ ਪੀਂਦਾ ਰਹਿੰਦਾ ਹੈ।]

ਸੂਤਰਧਾਰ : (ਦਰਸ਼ਕਾਂ ਨੂੰ) ਚੈਖ਼ੋਵ ਦੀ ਕਹਾਣੀ ਵਿਚ ਮੁੰਡੇ ਦੀ ਥਾਂ ਕੁੱਤਾ ਹੁੰਦਾ ਹੈ, ਪਰ ਡਰਾਮੇ 'ਚ ਅਸੀਂ ਕੁੱਤਾ ਕਿਥੋਂ ਫੜ ਕੇ ਲਿਆਈਏ। ਅਸੀਂ ਏਸ ਛੋਕਰੇ ਤੋਂ ਕੁੱਤੇ ਦਾ ਕੰਮ ਸਾਰ ਲੈਨੇ ਆਂ। ਉਂ ਕੁੱਤਾ ਛੋਕਰੇ ਤੋਂ ਮਹਿੰਗਾ ਪੈਂਦਾ। ਖ਼ੈਰ, ਤੁਹਾਨੂੰ ਇਹਦੇ ਨਾਲ ਕੀ ਫ਼ਰਕ ਪੈਂਦੈ ? ਕੁੱਤੇ ਦੀ ਥਾਂ ਅਸੀਂ ਹਾਥੀ ਵੀ ਲੈ ਆਉਂਦੇ ਤੇ ਆਖ ਦਿੰਦੇ ਬਈ ਇਹ ਕੁੱਤਾ ਹੈ, ਤਾਂ ਵੀ ਤੁਹਾਨੂੰ ਮੰਨਣਾ ਪੈਣਾ ਸੀ ਪਈ ਹਾਥੀ ਕੁੱਤਾ ਹੀ ਹੈ !

ਜੇਬਕਤਰਾ : (ਭੀੜ ਵਿਚੋਂ ਨਿਕਲ ਕੇ 'ਕੁੱਤੇ" ਨੂੰ) ਨੱਠ, ਹੋਰ ਨੱਠ। ਜਾਏਂਗਾ ਕਿਥੇ ? ਫੜ ਹੀ ਲਿਆ ਨਾ ?

ਮੋਟਾ : (ਜੇਬ ਕਤਰੇ ਨੂੰ) ਤੇਰਾ ਐ ?

ਜੇਬਕਤਰਾ : (ਸਿਰ ਹਿਲਾ ਕੇ ਕੁੱਤੇ ਨੂੰ) ਹੁਣ ਤਾਂ ਵੱਢਣ ਦੇ ਖ਼ਿਲਾਫ਼ ਕਾਨੂੰਨ ਵੀ ਬਣ ਗਿਐ। ਹਾਂ। (ਭੀੜ ਦੇ ਲੋਕ ਛੋਟੇ ਅਫ਼ਸਰ ਤੇ ਜੇਬਕਤਰੇ ਨੂੰ ਘੇਰ ਲੈਂਦੇ ਹਨ ਤੇ ਪੁੱਛਣ ਲਗਦੇ ਹਨ) ਕੀ ਹੋਇਆ ਭਈ, ਕੀ ਗੱਲ ਹੋ ਗਈ ?

ਮੋਟਾ : (ਭੀੜ ਨੂੰ ਚੀਰਦਿਆਂ) ਹਟੋ-ਹਟੋ। ਕੀ, ਸਮਾਨ ਸਿਰ 'ਤੇ ਚੱਕ ਰਖਿਐ ! (ਭੀੜ ਪਿਛੇ ਹਟ ਜਾਂਦੀ ਹੈ। ਜੇਬਕਤਰਾ ਆਪਣੀ ਉਂਗਲ ਉਪਰ ਚੁਕੀ ਨਜ਼ਰ ਆਉਂਦਾ ਹੈ) ਕੌਣ ਰੌਲਾ ਪਾ ਰਿਹਾ ਸੀ ? ਤੋਂ ਇਹ ਉਂਗਲ ਉਪਰ ਕਿਉਂ ਚੁਕੀ ਹੋਈ ਐ ? ਤੇ ਤੁਸੀਂ ਇਹ ਹੇੜ ਕਾਹਦੀ ਕੱਠੀ ਕੀਤੀ ਹੋਈ ਐ ?

ਜੇਬਕਤਰਾ : (ਆਪਣੀ ਉਂਗਲ ਮੋਟੇ ਅਫ਼ਸਰ ਨੂੰ ਦਿਖਾ ਕੇ ਉਹਨੂੰ ਫੂਕ ਮਾਰਦਾ ਹੈ, ਹੱਥ ਨੂੰ ਜ਼ੋਰ ਦੇਣੀ ਹਿਲਾਉਂਦਾ ਹੈ। ਜਿਵੇਂ ਬਹੁਤ ਪੀੜ ਹੋ ਰਹੀ ਹੋਵੇ) ਦੇਖੋ ਹਜ਼ੂਰ, ਮੈਂ ਚੁੱਪ ਚਾਪ ਆਪਣੇ ਕੰਮ ਜਾ ਰਿਹਾ ਸੀ। ਇਕ ਹੱਟੀ 'ਤੇ ਭੀੜ ਜਮ੍ਹਾਂ ਸੀ। ਮੈਂ ਸੋਚਿਆ ਖਵਰੇ ਕੋਈ ਸੇਲ-ਸੂਲ ਲੱਗੀ ਹੋਣੀ ਹੈ। ਫੇਰ ਮੈਂ ਸੋਚਿਆ, ਹੋ ਸਕਦੈ,

ਮੇਰੇ ਹੱਥ ਵੀ ਕੋਈ ਮਾਲ ਲੱਗ ਜਾਏ। ਏਸ ਲਈ ਮੈਂ ਓਥੇ ਖੜਾ ਹੋ ਗਿਆ ਸੀ। ਤੇ ਸਰਕਾਰ, ਪਤਾ ਨਹੀਂ ਕਿਉਂ; ਇਸ ਬਦਮਾਸ਼ ਨੇ ਅਚਾਨਕ ਮੇਰੇ ਹੱਥ 'ਤੇ ਦੰਦੀ ਵੱਢ 'ਤੀ। (ਛੋਟਾ ਅਫ਼ਸਰ 'ਕੁੱਤੇ' ਨੂੰ ਫੜੀ ਮੋਟੇ ਅਫ਼ਸਰ ਕੋਲ ਜਾਂਦਾ ਹੈ ਤੇ ਉਹਦੇ ਕੰਨ ਵਿਚ ਕੁਝ ਕਹਿੰਦਾ ਹੈ)

ਸੂਤਰਧਾਰ : (ਦਰਸ਼ਕਾਂ ਨੂੰ) ਛੋਟਾ ਅਫ਼ਸਰ ਕਹਿੰਦੈ — ਇਹ ਆਦਮੀ ਖੀਸੇ ਕੱਟ ਆ।

[ ਮੋਟਾ ਅਫ਼ਸਰ ਕੁਝ ਪੁੱਛਦਾ ਹੈ, ਛੋਟਾ ਕੰਨ ਵਿਚ ਦੱਸਦਾ ਹੈ।]

ਸੂਤਰਧਾਰ : (ਦਰਸ਼ਕਾਂ ਨੂੰ) ਛੋਟਾ ਅਫ਼ਸਰ ਕਹਿੰਦੈ – ਮੈਂ ਇਹਨੂੰ ਚੰਗੀ ਤਰ੍ਹਾਂ ਜਾਣਦਾਂ। ਵੇਲੇ ਸਿਰ ਮਹੀਨਾ ਦੇ ਦਿੰਦੈ।

[ ਮੋਟਾ ਅਫ਼ਸਰ ਛੋਟੇ ਅਫ਼ਸਰ ਦੀ ਗੱਲ ਸੁਣ ਕੇ ਸਿਰ ਹਿਲਾ-ਉਂਦਾ ਹੈ ਤੇ ਜੇਬਕਤਰੇ ਵਲ ਵੇਖਦਾ ਹੈ।]

ਮੋਟਾ : ਹੂੰ। ਤਾਂ ਤੂੰ ਐਂ ਉਹ।

ਜੇਬਕਤਰਾ . ਗੁਸਤਾਖ਼ੀ ਮੁਆਫ਼ ਹੋਵੇ ਸਰਕਾਰ। ਮੈਂ ਤਾਂ ਕੰਮਕਾਜ ਵਾਲਾ ਬੰਦਾ ਹਾਂ। ਤੇ ਫੇਰ ਮੇਰਾ ਕੰਮ ਵੀ ਕਿੰਨਾ ਪੇਚੀਦਗੀ ਵਾਲਾ ਐ। ਉਂਗਲੀਆਂ ਠੀਕ ਨਾ ਹੋਣ, ਹਜ਼ੂਰ, ਤਾਂ ਕਿਸੇ ਕੋਲੋਂ ਕੋਈ ਕੰਮ ਹੋ ਸਕਦੈ ? ਤੇ ਏਸ ਕੰਜਰ ਐਸੀ ਦੰਦੀ ਵੱਢੀ ਕਿ ਹਫ਼ਤਾ ਭਰ ਮੇਰੀ ਉਂਗਲੀ ਚਲਣੀ ਨਹੀਂ। ਸੋ ਮੇਰੀ ਅਰਜ਼ ਆ ਮਾਈਬਾਪ, ਮੈਨੂੰ ਏਸ ਕੁੱਤੇ ਦੇ ਮਾਲਕ ਕੋਲੋਂ ਹਰਜਾਨਾ ਦਿਵਾ ਦਿਓ। ਤੇ ਹਜ਼ੂਰ, ਕਾਨੂੰਨ 'ਚ ਵੀ ਕਿਤੇ ਨਹੀਂ ਲਿਖਿਆ ਪਈ ਅਸੀਂ ਜਾਨਵਰਾਂ ਨੂੰ ਚੁਪ ਚੁਪੀਤੇ ਬਰਦਾਸ਼ਤ ਕਰਦੇ ਰਹੀਏ। ਤੇ ਜੇ ਕੁੱਤੇ ਐਂ ਵੱਢਣ ਲਗ ਪਏ ਤਾਂ ਜੀਊਣਾ ਹਰਾਮ ਹੋ ਜਾਊ। ਤੁਸੀਂ ਮੇਰਾ ਹਰਜਾਨਾ ਦੁਆ ਦਿਓ, ਮੋਤੀਆਂ ਆਲਿਓ।

ਮੋਟਾ : ਹੂੰ। ਪਰ ਇਹ ਕੁੱਤਾ ਹੈ ਕੀਹਦਾ ?

ਜੇਬਕਤਰਾ : ਮੈਨੂੰ ਕੀ ਪਤਾ ਸਰਕਾਰ ? ਜੀਹਦਾ ਹੈਗਾ ਉਹਨੂੰ ਪੁੱਛ ਲਓ।

ਮੋਟਾ : (ਆਪਣੇ ਆਪ ਨੂੰ) ਗਰਮੀ ਬੜੀ ਹੋ ਗਈ ਐ। (ਆਪਣਾ ਕੋਟ ਉਤਾਰ ਕੇ ਛੋਟੇ ਅਫ਼ਸਰ ਨੂੰ ਦਿੰਦਿਆਂ ਭੀੜ ਨੂੰ) ਕੀਹਦਾ ਕੁੱਤਾ ਐ ਇਹ ? ਕਿਸੇ ਨੂੰ ਪਤੈ ਇਹ ਕੁੱਤਾ ਕੀਹਦਾ ਐ ? (ਦਰਸ਼ਕਾਂ ਨੂੰ) ਦੇਖਿਆ ? ਸਭ ਸਾਲਿਆਂ ਮੇਰਿਆਂ ਨੂੰ ਸੱਪ ਸੁੰਘ ਗਿਐ। ਪਰ ਮੈਂ ਵੀ ਬੜਾ ਮਾਂ ਦੇ...... ਆਂ। ਛੱਡਦਾ ਨਹੀਂ। (ਭੀੜ ਹੱਸਦੀ ਹੈ। ਮੋਟਾ ਅਫ਼ਸਰ ਡੰਡਾ ਦਿਖਾ ਕੇ ਜ਼ੋਰ ਨਾਲ) ਸ਼ੱਟਾਪ। (ਭੀੜ ਚੁਪ ਹੋ ਕੇ ਇਕ ਕਦਮ ਪਿੱਛੇ ਹਟ ਜਾਂਦੀ ਹੈ। ਮੋਟਾ ਅਫ਼ਸਰ 'ਕੁੱਤੇ' ਨੂੰ ਗ਼ੌਰ ਨਾਲ ਦੇਖਦਾ ਹੈ) ਇਹ ਕੁੱਤਾ ਲੰਡਰ ਤਾਂ ਲੱਗਦਾ ਨਹੀਂ। ਤੇ ਪਾਲਤੂ ਐ ਤਾਂ ਇਹਦਾ ਕੋਈ ਮਾਲਕ ਜ਼ਰੂਰ ਹੋਊਗਾ। ਮੈਂ ਉਹਨੂੰ ਮਜ਼ਾ ਚਖਾਊਂਗਾ, ਕੁੱਤਿਆਂ ਨੂੰ ਖੁਲ੍ਹਿਆਂ ਛੱਡਣ ਦਾ ਕੀ ਮਤਲਬ ਹੁੰਦੈ ? ਜਿਹੜੇ ਲੋਕ ਕਾਨੂੰਨ ਮੁਤਾਬਕ ਨਹੀਂ ਚਲਦੇ, ਉਹਨਾਂ ਨਾਲ ਹੁਣ ਮੈਨੂੰ ਸਖ਼ਤੀ ਨਾਲ ਪੇਸ਼ ਆਉਣਾ ਪੈਣੈ। (ਛੋਟੇ ਅਫ਼ਸਰ ਨੂੰ) ਰਾਮ ਸਿਆਂ।

ਛੋਟਾ : ਯਸ ਸਰ।

ਮੋਟਾ : ਪਤਾ ਕਰ ਇਹ ਕੁੱਤਾ ਕਿਹਦਾ ਐ ? ਜੇ ਨਹੀਂ ਪਤਾ ਲਗਦਾ ਤਾਂ ਟੈਲੀਫ਼ੂਨ ਕਰ ਕੇ ਕਮੇਟੀ ਵਾਲਿਆਂ ਨੂੰ ਸੱਦ ਕਿ ਇਹਨੂੰ ਗੋਲੀ ਪਾ ਦੇਣ। ਲੰਡਰ ਕੁੱਤਿਆਂ ਦਾ ਸਮਾਜ ਵਿਚ ਕੋਈ ਕੰਮ ਨਹੀਂ। (ਭੀੜ ਨੂੰ) ਮੈਂ ਕਹਿੰਦਾਂ, ਹਾਲੇ ਵੀ ਕੋਈ ਦੱਸ ਦਏ ਕਿ ਇਹ ਕੀਹਦਾ ਕੁੱਤਾ ਐ ? ਹੁਣ ਨਾ ਦੱਸਿਆ ਤੇ ਮਗਰੋਂ ਮੈਨੂੰ ਪਤਾ ਲੱਗ ਗਿਆ – ਤੇ ਪਤਾ ਮੈਂ ਲਾ ਹੀ ਲੈਣੈ – ਫੇਰ ਦੇਖੀਓ, ਮੈਂ ਕੀ ਹਾਲ ਕਰੂੰ ਤੁਹਾਡਾ !

ਅਦਾਕਾਰ : ਕੁੱਤੇ ਬਾਰੇ ਪਤਾ ਕਰਨ ਤੋਂ ਪਹਿਲਾਂ ਇਹ ਤਾਂ ਪਤਾ ਕਰ ਲਓ ਕਿ ਕੁੱਤੇ ਨੇ ਇਹਨੂੰ ਵੱਢਿਆ ਕਾਹਤੋਂ ?

ਮੋਟਾ : ਹੂੰ ! ਤਾਂ ਇਥੇ ਕੁੱਤੇ ਦੇ ਹਮਾਇਤੀ ਵੀ ਹੈਗੇ ਨੇ ।

ਅਦਾਕਾਰ : ਹਮਾਇਤੀ ਦੀ ਗੱਲ ਨਹੀਂ ਸਾਹਬ, ਪਰ ਪਤਾ ਤਾਂ ਲਗਣਾ ਚਾਹੀਦੈ ਪਈ ਕੁੱਤੇ ਨੇ ਇਹਨੂੰ ਵੱਢਿਆ ਹੀ ਕਿਉਂ ?

ਦੂਸਰਾ ਅਦਾਕਾਰ : ਹੋਰ ਕੀ ! ਕੋਈ ਕਿਸੇ ਨੂੰ ਐਵੇਂ ਤਾਂ ਵੱਢਦਾ ਨਹੀਂ । ਤੁਸੀਂ ਤਾਂ ਸਾਰੀ ਗੱਲ ਦਾ ਪਤਾ ਲਾਉਣ ਬਗ਼ੈਰ ਹੀ ਕੁੱਤੇ ਨੂੰ ਗੋਲੀ ਪਾਉਣ ਤੇ ਸਾਡੀ ਖਲੜੀ ਉਧੇੜਨ ਦੀਆਂ ਗੱਲਾਂ ਕਰ ਰਹੇ ਹੋ ।

ਮੋਟਾ : ਓਏ ਵੱਡਿਆ ਲਾਟੀਖਾਨਾ ! ਤੂੰ ਸਾਨੂੰ ਕਾਨੂੰਨ ਪੜ੍ਹਾਉਣ ਆਇਐਂ । ਇਹ ਕੁੱਤਾ ਤੇਰਾ ਐ ?

ਅਦਾਕਾਰ : ਮੇਰਾ ? ਮੈਂ ਤੁਹਾਨੂੰ ਕੁੱਤਿਆਂ ਵਾਲਾ ਸਰਦਾਰ ਦੀਹਦਾਂ ? ਮੇਰੇ ਤਾਂ ਆਪਣੇ ਹੀ ਕਤੂਰੇ ਪਲ ਜਾਣ, ਓਹੀ ਬਹੁਤ ਐ ।

ਮੋਟਾ : ਤੇ ਫੇਰ ਬਕੀ ਕਿਉਂ ਜਾਂਦੈਂ ? ਚੁਪ ਕਰਕੇ ਖਲੋਇਆ ਨਹੀਂ ਜਾਂਦਾ ? ਜਾਣਦਾ ਨਹੀਂ, ਸਰਕਾਰੀ ਕੰਮ 'ਚ ਦਖ਼ਲ ਦੇਣਾ ਕਾਨੂੰਨੀ ਜੁਰਮ ਐ ?

ਅਦਾਕਾਰ : ਪਰ ਜਨਾਬ ਤੁਸੀਂ ਸੋਚੋ ਤਾਂ ਸਹੀ, ਇਹ ਕੁੱਤਾ ਤੁਹਾਨੂੰ ਹਲਕਿਆ ਲਗਦੈ ? ਸਿੱਧਾ-ਸਾਦਾ ਕੁੱਤਾ ਐ ।

ਦੂਸਰਾ ਅਦਾਕਾਰ : ਤੇ ਮੈਂ ਤਾਂ ਆਪਣੀਆਂ ਅੱਖਾਂ ਨਾਲ ਦੇਖਿਐ । ਇਹ ਸ਼ਰੀਫ਼ਜ਼ਾਦਾ ਆਪਣੀ ਬਲਦੀ ਸਿਗਰਟ ਕੁੱਤੇ ਦੀਆਂ ਨਾਸਾਂ ਨੂੰ ਲਾਈ ਜਾਂਦਾ ਸੀ । ਦੱਸੋ ਇਹ ਵੀ ਭਲਾ ਕੀ ਸ਼ੁਗਲ ਹੋਇਆ ? ਤੇ ਕੁੱਤਾ ਤਾਂ ਆਖ਼ਰ ਕੁੱਤਾ ਹੀ ਐ, ਬੜੀ ਕੁੱਤੀ ਸ਼ੈਅ ਹੁੰਦੈ । ਕੋਈ ਆਦਮੀ ਤਾਂ ਹੁੰਦਾ ਨਹੀਂ ਪਈ ਸਭ ਕੁਝ ਬਰਦਾਸ਼ਤ ਕਰੀ ਜਾਏ । ਉਹਨੂੰ ਇਹ ਹਰਕਤ ਪਸੰਦ ਨਹੀਂ ਆਈ ਤੇ ਉਹਨੇ ਖਿੱਝ ਕੇ ਵੱਢ 'ਤਾ ।

ਮੋਟਾ : ਤੂੰ ਆਪਣੀਆਂ ਅੱਖਾਂ ਨਾ' ਦੇਖਿਆ ਸੀ ?

ਜੇਬਕਤਰਾ : ਸਰਕਾਰ ਇਹਨੇ ਕੁਸ਼ ਨਹੀਂ ਦੇਖਿਆ, ਇਹ ਕੋਰਾ ਝੂਠ ਬੋਲਦੈ । (ਉਸ ਅਦਾਕਾਰ ਨੂੰ) ਕਿਉਂ ਓਏ ਕਾਣਿਆਂ, ਝੂਠ ਕਿਉਂ ਬੋਲਦੈਂ ? ਜਦ ਇਹਨੇ ਮੈਨੂੰ ਵੱਢਿਆ, ਓਦੋਂ ਤਾਂ ਤੇਰੀ ਇਥੇ ਛਾਂ ਵੀ ਨਹੀਂ ਸੀ । ਤੇ ਜਨਾਬ ਕੀ ਸਾਲਾ ਬੇਵਕੂਫ਼ ਐ ? ਸਰਕਾਰ ਆਪ ਜਾਣਦੇ ਨੇ ਪਈ ਕੌਣ ਝੂਠਾ ਐ ਤੇ ਕੌਣ ਸੱਚਾ । ਤੇ ਜੇ ਮੈਂ ਝੂਠ ਬੋਲਦਾਂ ਤਾਂ ਚਲ ਚੜ੍ਹ ਕਚਹਿਰੀ । ਕਰਾ ਲੈ ਨਤਾਰਾ । ਕਨੂੰਨ 'ਚ ਲਿਖਿਐ—ਅਸੀਂ ਸਾਰੇ ਬਰਾਬਰ ਆਂ ।

ਅਦਾਕਾਰ : ਦੇਖ, ਮੇਰੀ ਇਕੋ ਸੁਣ ਲੈ, ਜ਼ਿਆਦਾ ਆਪਣੇ ਕਨੂੰਨ ਨਾ ਛਾਂਟ, ਨਹੀਂ ਤਾਂ ਮੈਂ ਹੁਣੇ ਹੀ ਤੇਰਾ ਭਾਂਡਾ ਭੰਨ ਦਊਂ ਪਈ ਨੰਬਰ ਇਕ ਬਦਮਾਸ਼ ਤੇ ਖੀਸੇਕੱਟ ਐਂ ।

ਜੇਬਕਤਰਾ : (ਨੱਠ ਕੇ ਅਦਾਕਾਰ ਨੂੰ ਗਲ ਤੋਂ ਫੜ ਲੈਂਦਾ ਹੈ) ਤੇਰੀ ਓਏ ਮਾਂ... ਸਾਲਿਆ, ਤੂੰ ਸਮਝਦਾ ਕੀ ਐਂ ਮੈਨੂੰ ? ਮੇਰਾ ਭਰਾ ਪੁਲਸ 'ਚ ਐ । ਤੈਨੂੰ ਦੱਸ ਦਿਆਂ ਮੈਂ...

[ ਮੋਟਾ ਅਫ਼ਸਰ ਦੋਹਵਾਂ ਨੂੰ ਡੰਡਾ ਮਾਰ ਕੇ ਛੁਡਾਉਂਦਾ ਹੈ ।]

ਮੋਟਾ : ਬੰਦ ਕਰੋ ਇਹ ਬੱਕੜਵਾਹ । (ਅਦਾਕਾਰ) ਓਏ ਜੇ ਤੈਨੂੰ ਇਹਦੇ ਬਾਰੇ ਪਤੈ ਤਾਂ ਤੂੰ ਕੁੱਤੇ ਬਾਰੇ ਵੀ ਜਾਣਦਾ ਹੋਏਂਗਾ । ਬੋਲ, ਇਹ ਕੀਹਦਾ ਕੁੱਤਾ ਐ ?

ਅਦਾਕਾਰ : ਤੁਸੀਂ ਵੀ ਕਮਾਲ ਕਰਦੇ ਹੋ ਸਾਹਬ । ਏਸ ਉਚੱਕੇ ਨੂੰ ਤਾਂ ਕੁਸ਼ ਕਹਿੰਦੇ ਨਹੀਂ, ਮੇਰੇ 'ਤੇ ਰੋਅਬ ਪਾਈ ਜਾਂਦੇ ਹੋ । ਕੁੱਤਾ ਕੀਹਦਾ ਐ, ਮੈਂ ਕੀ ਜਾਣਾ ? ਮੈਂ ਕੋਈ ਕੁੱਤਾ ਸੂਚਨਾ ਕੇਂਦਰ ਖੋਲ੍ਹਿਆ ਹੋਇਐ ?

ਕੋਈ ਹੋਰ ਅਦਾਕਾਰ : (ਮੋਟੇ ਅਫ਼ਸਰ ਨੂੰ) ਸੁਣੋ, ਸ਼ਾਇਦ ਇਹ ਕੁੱਤਾ ਸੇਠ ਖ਼ੂਬਚੰਦ ਪੰਜੂਮਲ ਦਾ ਐ ।

ਮੋਟਾ : (ਹੈਰਾਨ ਹੋ ਕੇ) ਕੀ ਕਿਹਾ ? ਸੇਠ ਖ਼ੂਬਚੰਦ ਪੰਜੂਮਲ ਦਾ ਐ ਇਹ ਕੁੱਤਾ ? (ਛੋਟੇ ਅਫ਼ਸਰ ਨੂੰ) ਰਾਮ ਸਿਆਂ, ਠੰਢ ਹੋ ਗਈ ਐ । ਮੇਰਾ ਕੋਟ ਦੇਈਂ । (ਕੋਟ

ਲੈ ਕੇ ਪਹਿਨਦਾ ਹੈ) ਹੂੰ, ਰਾਮ ਸਿਆਂ, ਕੁੱਤੇ ਨੂੰ ਰਤਾ ਧਿਆਨ ਨਾਲ ਵੇਖ।

[ਕੁੱਤੇ ਨੂੰ ਗੱਭੇ ਖੜ੍ਹਾ ਕਰ ਕੇ ਦੋਹਵੇਂ ਅਫ਼ਸਰ ਉਹਦੇ ਚਾਰੇ ਪਾਸੇ ਘੁੰਮ ਕੇ ਉਹਦਾ ਮੁਆਇਨਾ ਕਰਦੇ ਹਨ। ਮੋਟਾ ਅਫ਼ਸਰ ਜੇਬਕਤਰੇ ਵਲ ਮੁੜਦਾ ਹੈ।]

ਮੋਟਾ : ਹੂੰ। ਪਰ ਇਕ ਗੱਲ ਮੇਰੀ ਸਮਝ ਵਿਚ ਨਹੀਂ ਆਈ। ਇਹਨੇ ਤੈਨੂੰ ਵੱਢਿਆ ਕਿੱਦਾਂ? ਇਹ ਤੇਰੀ ਉਂਗਲੀ ਤਕ ਪਹੁੰਚਿਆ ਕਿੱਦਾਂ? ਇਹ ਤਾਂ ਹੈਗਾ ਜਾਨਵਰ ਤੇ ਤੂੰ ਪੂਰਾ-ਸੂਰਾ ਆਦਮੀ।

ਛੋਟਾ : ਤੁਸੀਂ ਠੀਕ ਫ਼ਰਮਉਂਦੇ ਹੋ, ਸਰ। ਇਹਨੇ ਹੋਰ ਕਿਤਿਓਂ ਉਂਗਲੀ ਛਿੱਲ ਲਈ ਹੋਣੀ ਐਂ ਤੇ ਸੋਚਿਆ ਹੋਊ, ਚਲੋ ਕੁੱਤੇ ਦੇ ਸਿਰ ਲਾ ਕੇ ਹਰਜਾਨਾ ਵਸੂਲ ਕਰ ਲਓ।

ਮੋਟਾ : ਬਿਲਕੁਲ। ਬਿਲਕੁਲ ਇਹੀ ਗੱਲ ਐ। ਮੈਂ ਸਭ ਸਮਝਦਾਂ। (ਜੇਬਕਤਰੇ ਨੂੰ ਧਮਕਾਉਂਦਿਆਂ) ਮੈਂ ਤੇਰੇ ਵਰਗੇ ਕਈ ਬਦਮਾਸ਼ ਦੇਖੇ ਹੋਏ ਆ।

ਛੋਟਾ : (ਝੁਕ ਕੇ 'ਕੁੱਤੇ' ਨੂੰ ਗ਼ੌਰ ਨਾਲ ਦੇਖ ਕੇ) ਪਰ ਇਹ ਕੁੱਤਾ ਸੇਠ ਜੀ ਦਾ ਨਹੀਂ ਹੈ।

ਛੋਟਾ : ਜੀ ਸਰਕਾਰ।

ਮੋਟਾ : (ਭਾਵ ਬਦਲਣ ਲਈ ਕੋਟ ਉਤਾਰਦਿਆਂ) ਇਹ ਭੈੜਾ ਮੌਸਮ। ਇਹਦਾ ਕੁਸ਼ ਪਤਾ ਨਹੀਂ ਚਲਦਾ। ਕੋਟ 'ਚ ਗਰਮੀ ਲਗਦੀ ਐ। (ਕੋਟ ਛੋਟੇ ਅਫ਼ਸਰ ਨੂੰ ਦੇ ਕੇ) ਹਾਂ, ਤਾਂ ਰਾਮ ਸਿਹਾਂ, ਤੂੰ ਕਹਿੰਦਾ ਸੀ ਇਹ ਕੁੱਤਾ ਸੇਠ ਜੀ ਦਾ ਨਹੀਂ ਐ।

ਛੋਟਾ : ਜੀ ਸਰਕਾਰ।

ਮੋਟਾ : ਹਾਂ ਇਹੀ ਤਾਂ ਮੈਂ ਕਹਿੰਦਾਂ ਪਈ ਇਹ ਕੁੱਤਾ ਉਹਨਾਂ ਦਾ ਕਿਥੋਂ ਆ ਗਿਆ। ਮੈਂ ਭਲਾ ਉਹਨਾਂ ਦੇ ਕੁੱਤਿਆਂ ਨੂੰ ਜਾਣਦਾ ਨਹੀਂ। ਉਨ੍ਹਾਂ ਦੇ ਸਾਰੇ ਕੁੱਤੇ ਚੰਗੀਆਂ ਨਸਲਾਂ ਦੇ ਨੇ। ਇਕ ਤੋਂ ਇਕ ਕੀਮਤੀ ਕੁੱਤਾ ਹੈ ਉਨ੍ਹਾਂ ਕੋਲ। ਤੇ ਇਹ ਤਾਂ ਬਿਲਕੁਲ ਮਾਮੂਲੀ ਕੁੱਤਾ ਹੈ। ਸੇਠ ਜੀ ਭਲਾ ਇਹੋ ਜਿਹਾ ਕੁੱਤਾ ਪਾਲਣਗੇ? (ਭੀੜ ਨੂੰ) ਤੁਹਾਡਾ ਦਮਾਗ ਖ਼ਰਾਬ ਤਾਂ ਨਹੀਂ ਹੋ ਗਿਆ? ਸੇਠ ਖ਼ੂਬਚੰਦ ਪੰਜੂਮਲ ਇਹੋ ਜਿਹਾ ਮਰੀਅਲ ਕੁੱਤਾ ਪਾਲਣਗੇ? ਓਏ, ਉਨ੍ਹਾਂ ਨੂੰ ਐਹੋ ਜਿਹਾ ਕੁੱਤਾ ਕਿਤੇ ਲਾਗੇ-ਸ਼ਾਗੇ ਨਜ਼ਰ ਵੀ ਆ ਜਾਏ ਤਾਂ ਗੋਲੀ ਨਾਲ ਉੜਾ ਦੇਣ।

ਜੇਬਕਤਰਾ : ਤਾਂ ਸਰਕਾਰ, ਮੇਰਾ ਹਰਜਾਨਾ?

ਮੋਟਾ : ਹਾਂ, ਤੇਰਾ ਹਰਜਾਨਾ। ਪਰ ਇਹ ਦੱਸ ਪਈ ਇਹ ਕੁੱਤਾ ਹੈ ਕੀਹਦਾ? ਮੈਂ ਹੁਣੇ ਓਸ ਹਰਾਮਜ਼ਾਦੇ ਨੂੰ ਅੰਦਰ ਕਰਵਾਉਂਦਾ ਆਂ। ਮਜ਼ਾਕ ਬਣਾ ਰਖਿਐ ਲੋਕਾਂ ਨੇ। ਕਨੂੰਨ ਦੀ ਕੋਈ ਇਜ਼ਤ ਹੀ ਨਹੀਂ ਰਹੀ। ਹਲਕੇ ਤੇ ਪਾਂ-ਖਾਧੇ ਕੁੱਤਿਆਂ ਨੂੰ ਖੁਲ੍ਹਾ ਛੱਡੀ ਰਖਦੇ ਆ। ਕੋਈ ਤਰੀਕਾ ਐ? ਐਂ ਤਾਂ ਲੋਕਾਂ ਦੀ ਹਿਫ਼ਾਜ਼ਤ ਕਰਨਾ ਹੀ ਮੁਸ਼ਕਲ ਹੋ ਜਾਊ। (ਭੀੜ ਨੂੰ) ਕਿਸੇ ਨੂੰ ਪਤੈ, ਇਹ ਕੁੱਤਾ ਕੀਹਦਾ?

ਅਦਾਕਾਰ : ਇਹ ਕੁੱਤਾ ਸੇਠ ਖ਼ੂਬਚੰਦ ਪੰਜੂਮੱਲ ਦਾ ਐ ਜਨਾਬ।

ਮੋਟਾ : ਕਿਉਂ ਰਾਮ ਸਿਆਂ? ਇਹ ਮੈਂ ਕੀ ਸੁਣ ਰਿਹਾਂ?

ਛੋਟਾ : ਹੋ ਸਕਦੈ, ਉਨ੍ਹਾਂ ਦਾ ਹੀ ਹੋਵੇ ਜਨਾਬ। ਇਹਦੇ ਮੱਥੇ 'ਤੇ ਤਾਂ ਲਿਖਿਆ ਨਹੀਂ ਹੋਇਆ।

ਦੂਜਾ ਅਦਾਕਾਰ : (ਪਹਿਲੇ ਅਦਾਕਾਰ ਵਲ ਇਸ਼ਾਰਾ ਕਰਕੇ) ਇਹ ਭਾਈ ਠੀਕ ਹੀ ਆਖਦੈ।

ਇਹ ਕੁੱਤਾ ਸੇਠ ਜੀ ਦਾ ਹੀ ਹੈ। ਕੱਲ੍ਹ ਮੈਂ ਉਨ੍ਹਾਂ ਦੇ ਅਹਾਤੇ 'ਚ ਬਿਲਕੁਲ ਇਹੀ ਕੁੱਤਾ ਦੇਖਿਆ ਸੀ।

ਮੋਟਾ : ਰਾਮ ਸਿਆਂ ਕੁੱਤੇ ਨੂੰ ਰਤਾ ਚੰਗੀ ਤਰ੍ਹਾਂ ਦੇਖ। ਇਹ ਤਾਂ ਕਹਿੰਦੇ ਆ ਬਈ ਸੇਠ ਜੀ ਦਾ ਹੀ ਐ। (ਦੋਵੇਂ ਅਫ਼ਸਰ 'ਕੁੱਤੇ'-ਦੇ ਚਾਰੇ ਪਾਸੇ ਘੁੰਮਦਿਆਂ ਉਹਦਾ ਸੂਖਮ ਮੁਆਇਨਾ ਕਰਦੇ ਹਨ)। ਰਾਮ ਸਿਆਂ ਤੂੰ ਐਂ ਕਰ, ਇਹਨੂੰ ਸੇਠ ਜੀ ਕੋਲ ਲੈ ਜਾ ਤੇ ਪਤਾ ਕਰਕੇ ਆ! ਜੇ ਕੁੱਤਾ ਉਨ੍ਹਾਂ ਦਾ ਹੀ ਹੋਇਆ, ਤਾਂ ਮੇਰਾ ਨਾਂ ਲਈਂ ਤੇ ਆਖੀਂ ਪਈ ਸੜਕ 'ਤੇ ਲੱਭਾ ਸੀ, ਮੈਂ ਵਾਪਸ ਭਿਜਵਾਇਐ। (ਛੋਟਾ ਅਫ਼ਸਰ 'ਕੁੱਤੇ' ਨੂੰ ਲੈ ਕੇ ਜਾਣ ਲੱਗਦਾ ਹੈ) ਤੇ ਹਾਂ, ਸੇਠ ਜੀ ਨੂੰ ਆਖ ਦੇਈਂ, ਇਹਨੂੰ ਸੜਕ 'ਤੇ ਨਿਕਲਣ ਨਾ ਦਿਆ ਕਰਨ। ਪਤਾ ਨਹੀਂ ਕਿੰਨਾ ਕੀਮਤੀ ਕੁੱਤਾ ਹੋਵੇ। (ਜੇਬ ਕਤਰੇ ਵਲ ਮੁੜ ਕੇ) ਓਏ ਹੱਥ ਹੇਠਾਂ ਕਰ। ਪਖੰਡੀ ਕਿਤੋਂ ਦਾ। ਜਾਣਦੈਂ ਤੂੰ ਸੇਠ ਖ਼ੂਬਚੰਦ ਪੰਜੂਮਲ ਕੌਣ ਨੇ? ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਪਈ ਤੂੰ ਉਹਨਾਂ ਦੇ ਕੁੱਤੇ ਦੀਆਂ ਨਾਸਾਂ ਵਿਚ ਸਿਗਰੇਟ ਦਿੰਦਾ ਸੀ, ਤਾਂ ਤੇਰੀ ਚਮੜੀ ਉਧੇੜ ਕੇ ਤੂੜੀ ਭਰ ਦੇਣਗੇ। ਸਮਝਿਆ? ਹੁਣ ਤੂੰ ਇਥੋਂ ਤੁਰਦਾ-ਫਿਰਦਾ ਨਜ਼ਰ ਆ। ਨਹੀਂ ਤਾਂ ਮੈਂਹੀਓਂ ਤੇਰੀਆਂ ਹੱਡੀਆਂ ਭੰਨਦਾਂ।

[ਛੋਟਾ ਅਫ਼ਸਰ ਜਾਣ ਲੱਗਦਾ ਹੈ ਕਿ ਰੁਕ ਜਾਂਦਾ ਹੈ। ਦਰਸ਼ਕਾਂ ਵਿਚੋਂ ਨਿਕਲ ਕੇ ਇਕ ਅਦਾਕਾਰ ਆਉਂਦਾ ਨਜ਼ਰ ਆਉਂਦਾ ਹੈ।]

ਛੋਟਾ : ਜਨਾਬ, ਉਹ ਸੇਠ ਜੀ ਦਾ ਨੌਕਰ ਆ ਰਿਹੈ, ਉਹ ਤੋਂ ਪੁੱਛ ਲਈਏ?

ਮੋਟਾ : ਹਾਂ, ਹਾਂ, ਪੁੱਛੋ-ਪੁੱਛੋ। (ਆਪ ਹੀ ਨੌਕਰ ਨੂੰ ਹਾਕ ਮਾਰਦਾ ਹੈ) ਓਏ, ਕੀ ਨਾਂ ਐ ਤੇਰਾ, ਇਧਰ ਆ ਗੱਲ ਸੁਣ। (ਨੌਕਰ ਕੋਲ ਆਉਂਦਾ ਹੈ, ਓਦੋਂ ਤਕ ਮੋਟਾ ਅਫ਼ਸਰ ਆਪਣਾ ਕੋਟ ਲੈ ਕੇ ਪਹਿਨ ਲੈਂਦਾ ਹੈ) ਦੇਖੀਂ ਭਈ, ਇਹ ਕੁੱਤਾ ਸੇਠ ਜੀ ਦਾ ਐ?

ਨੌਕਰ : ਸੇਠ ਜੀ ਦਾ? ਨਹੀਂ, ਇਹ ਤਾਂ......

ਜੇਬਕਤਰਾ : (ਗੱਲ ਕੱਟ ਕੇ) ਦੇਖਿਆ ਜਨਾਬ, ਮੈਂ ਕੋਈ ਝੂਠ ਬੋਲਿਆ ਸੀ?

ਮੋਟਾ : ਨਹੀਂ, ਤੂੰ ਠੀਕ ਕਹਿੰਦਾ ਸੀ। ਮੈਂਹੀਓਂ ਗ਼ਲਤੀ 'ਚ ਸੀ। ਭਲਾ ਐਹੋ ਜਿਹਾ ਮਰੀਅਲ ਲੰਡਰ ਕੁੱਤਾ ਸੇਠ ਖ਼ੂਬਚੰਦ ਪੰਜੂਮਲ ਦਾ ਹੋ ਸਕਦੈ? (ਛੋਟੇ ਅਫ਼ਸਰ ਨੂੰ) ਰਾਮ ਸਿੰਘਾਂ, ਦੇਖ, ਇਥੇ ਖੜ੍ਹੇ-ਖੜ੍ਹੇ ਏਸ ਕੁੱਤੇ ਬਾਰੇ ਗੱਲ ਕਰਨੀ ਫ਼ਜ਼ੂਲ ਐ। ਇਹ ਅਵਾਰਾ ਲੰਡਰ ਕੁੱਤਾ ਐ। ਕੀ ਪਤਾ ਹਲਕਿਆ ਹੀ ਨਾ ਹੋਵੇ। ਤੂੰ ਫ਼ੌਰਨ ਟੈਲੀਫ਼ੂਨ ਕਰ ਤੇ ਇਹਨੂੰ ਮਰਵਾ ਦੇ।

ਨੌਕਰ : ਪਰ ਮੇਰੀ ਗੱਲ ਤਾਂ ਸੁਣੋ ਜਨਾਬ। ਮੈਂ ਇਹ ਕਿਹਾ ਸੀ ਪਈ ਇਹ ਕੁੱਤਾ ਸਾਡੇ ਸੇਠ ਜੀ ਦਾ ਨਹੀਂ ਐ, ਪਰ ਮੈਂ ਇਹ ਤਾਂ ਨਹੀਂ ਕਿਹਾ ਸੀ ਪਈ ਇਹ ਅਵਾਰਾ ਕੁੱਤਾ ਐ।

ਮੋਟਾ : ਫੇਰ?

ਨੌਕਰ : ਇਹ ਸੇਠ ਜੀ ਦੇ ਭਰਾ ਦਾ ਕੁੱਤਾ ਐ। ਪਰਸੋਂ ਹੀ ਉਹ ਕਲਕੱਤਿਓਂ ਆਏ ਨੇ।

ਮੋਟਾ : ਕੀ ਕਿਹਾ? ਸੇਠ ਜੀ ਦੇ ਭਰਾ ਜੀ ਆਏ ਨੇ? ਕਲਕੱਤੇ ਵਾਲੇ? ਸੇਠ ਗਣਪਤ ਰਾਏ?

ਨੌਕਰ : ਹਾਂ ਜੀ। ਤੇ ਇਹ ਕੁੱਤਾ ਕਲਕੱਤਿਓਂ ਉਨ੍ਹਾਂ ਦੇ ਨਾਲ ਆਇਐ।

ਅਦਾਕਾਰ : ਕੀ ਸੇਠਾਂ ਨਾਲ ਉਨ੍ਹਾਂ ਦੇ ਕੁੱਤੇ ਵੀ ਕਲਕੱਤਿਓਂ ਭੱਜਣ ਲਗ ਪਏ ਆ ?

ਮੋਟਾ : ਬਕੋ ਨਹੀਂ। (ਨੌਕਰ ਨੂੰ) ਤਾਂ ਗਣਪਤ ਸੇਠ ਜੀ ਵੀ ਕਲਕੱਤੇ ਜਾ ਕੇ ਕੁੱਤੇ ਪਾਲਣ ਲਗ ਪਏ ?

ਨੌਕਰ : ਅੱਜ ਕੱਲ ਕਿਹੜਾ ਸੇਠ ਕੁੱਤੇ ਨਹੀਂ ਪਾਲਦਾ ਜਨਾਬ ? ਪਰ ਆਪੋ-ਆਪਣੀ ਪਸੰਦ ਹੁੰਦੀ ਐ। ਸਾਡੇ ਸੇਠ ਜੀ ਨੂੰ ਇਸ਼ ਨਸਲ ਦੇ ਕੁੱਤੇ ਪਸੰਦ ਨਹੀਂ ,ਪਰ ਗਣਪਤ ਸੇਠ ਜੀ ਨੂੰ ਇਹੀ ਨਸਲ ਪਸੰਦ ਹੈ।

ਮੋਟਾ : ('ਕੁੱਤੇ ਕੋਲ ਜਾ ਕੇ ਉਹਦੇ ਸਿਰ ਨੂੰ ਪਲੋਸਦਿਆਂ) ਲਓ ਕਰ ਲਓ ਗੱਲ, ਗਣਪਤ ਸੇਠ ਜੀ ਇਥੇ ਆਏ ਹੋਏ ਨੇ ਤੇ ਮੈਨੂੰ ਪਤਾ ਵੀ ਨਹੀਂ (ਨੌਕਰ ਨੂੰ) ਹਾਲੇ ਤਾਂ ਠਹਿਰਨਗੇ ਨਾ ?

ਨੌਕਰ : ਹਾਂ–ਆਂ।

ਮੋਟਾ : ਤਾਂ ਇਹ ਕੁੱਤਾ ਉਨ੍ਹਾਂ ਦਾ ਨਿਕਲਿਆ। (ਬੇਮਤਲਬ ਹੱਸਦਾ ਹੈ) ਰਾਮ ਸਿਆਂ ਤੂੰ ਵੀ ਨਿਰਾ ਖੋਤਾ ਏਂ। ਤੈਨੂੰ ਇਹ ਵੀ ਪਤਾ ਨਹੀਂ ਰਹਿੰਦਾ ਪਈ ਕਿਹੜਾ ਕੁੱਤਾ ਕੀਹਦਾ ਐ। ('ਕੁੱਤੇ' ਨੂੰ ਪੁਚਕਾਰਦਿਆਂ) ਦੇਖੋ ਤਾਂ ਸਹੀ, ਕਿੰਨਾ ਸ਼ਾਨਦਾਰ ਕੁੱਤਾ ਐ। ਕਿੰਨਾ ਪਿਆਰਾ, ਨਿੱਕਾ-ਜਿੰਨਾ। ਵਾਹ ਬਈ। (ਨੌਕਰ ਨੂੰ) ਲੈ ਬਈ ਇਹਨੂੰ ਸੰਭਾਲ ਕੇ ਲੈ ਜਾਈਂ। ਗਣਪਤ ਸੇਠ ਜੀ ਨੂੰ ਮੇਰੀ ਨਮਸਤੇ ਆਖੀਂ। ਜਾਂ ਸੁਣ, ਤੂੰ ਰਹਿਣ ਦੇ, ਮੈਂ ਆਪ ਹੀ ਉਨ੍ਹਾਂ ਨੂੰ ਮਿਲਣ ਆਊਂਗਾ। ਕਲਕੱਤੇ ਜਾ ਕੇ ਰਹਿਣ ਲੱਗ ਪਏ ਤਾ ਕੀ ਹੋਇਆ, ਮੈਨੂੰ ਭੁਲ ਥੋਹੜੇ ਗਏ ਹੋਣਗੇ। (ਨੌਕਰ 'ਕੁੱਤੇ' ਨੂੰ ਲੈ ਜਾਂਦਾ ਹੈ। ਭੀੜ ਉੱਚੀ-ਦੇਣੀ ਹੱਸਦੀ ਹੈ)

ਮੋਟਾ : (ਜ਼ੋਰ ਨਾਲ) ਸ਼ੱਟਾਪ !

ਅਦਾਕਾਰ : ਬਹੁਤ ਅੱਛੇ ! ਕੁੱਤਿਆਂ ਨੂੰ ਪੁਚ-ਪੁਚ, ਸਾਨੂੰ ਸ਼ੱਟਾਪ। (ਜੇਬਕਤਰੇ ਨੂੰ) ਤੇ ਜਨਾਬ ਤੁਸੀਂ ? ਤੁਹਾਡਾ ਹਰਜਾਨਾ ਕੌਣ ਦਊਗਾ ?

ਮੋਟਾ : (ਜੇਬਕਤਰੇ ਦੇ ਡੰਡਾ ਮਾਰਦਿਆਂ) ਮੈਂ ਦਿੰਦਾਂ ਇਹਦਾ ਹਰਜਾਨਾ। ਭੈਂਚੋ ਬਦਮਾਸ਼ੀ ਕਰਦੈ ਤੇ ਉਪਰੋਂ ਮੰਗਦੈ ਹਰਜਾਨਾ। ਹੁਣ ਦਫ਼ਾ ਹੋ ਜਾ ਇਥੋਂ, ਨਹੀਂ ਤਾਂ ਮਾਰ-ਮਾਰ ਢਿਬਰੀ ਟੈਟ ਕਰ ਦਊਂਗਾ। ਸਾਲਾ ਮੇਰਾ। (ਭੀੜ ਨੂੰ) ਤੇ ਤੁਸੀਂ ਵੀ ਫੁਟੋ ਇਥੋਂ। ਇਥੇ ਕੋਈ ਰੰਡੀ ਨੱਚ ਰਹੀ ਐ ? ਚਲੋ। ਜਾਓ। ਜਾਓ। (ਛੋਟੇ ਅਫ਼ਸਰ ਨੂੰ) ਚਲ ਬਈ ਰਾਮ ਸਿਆਂ। ਐਵੇਂ ਸਾਲੇ ਮੇਰੇ ਨੇ ਮੂਡ ਖ਼ਰਾਬ ਕਰ ਤਾ।

(ਦੋਹਵੇਂ ਅਫ਼ਸਰ ਜਾਣ ਲਗਦੇ ਹਨ ਕਿ ਬਾਕੀ ਅਦਾਕਾਰ ਗੋਲ ਦਾਇਰਾ ਬਣਾ ਕੇ ਉਨ੍ਹਾਂ ਨੂੰ ਘੇਰ ਲੈਂਦੇ ਹਨ ਤੇ ਨੱਚਣ-ਗਾਉਣ ਲਗਦੇ ਹਨ)

ਸਮੂਹ ਗਾਨ : ਗਿਟਮਿਟ ਗਿਟਮਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ
ਇਕ ਰੰਗ ਨਾ' ਤਾਂ ਕੰਮ ਨਹੀਂ ਚਲਦਾ
ਇਕ ਢੰਗ ਨਾ' ਤਾਂ ਕੰਮ ਨਹੀਂ ਚਲਦਾ
ਝਟਪਟ ਰੰਗ ਬਦਲ ਲੌ ਭਾਈ
ਝਟਪਟ ਢੰਗ ਬਦਲ ਲਓ
ਗਿਟਮਿਟ ਗਿਟਮਿਟ, ਗਿਰਗਿਟ ਗਿਰਗਿਟ
ਗਿਰਗਿਟ ਗਿਰਗਿਟ, ਗਿਟਮਿਟ ਗਿਟਮਿਟ।

□

ਕਿਤਾਬਾਂ

# ਪੰਜਾਬ ਦੀ ਬੱਜਾਰਿੱਤੀ ਕਮਿਊਨਿਸਟ ਲਹਿਰ

ਕਮਿਊਨਿਸਟ ਮੂਵਮੈਂਟ ਇਨ ਪੰਜਾਬ : 1926-1947 ਕਰਤਾ : ਭਗਵਾਨ ਜੋਸ਼, ਪ੍ਰਕਾਸ਼ਕ ਅਨੁਪਮ ਪਬਲੀਕੇਸ਼ਨਜ਼, ਨਵੀ ਦਿੱਲੀ, ਸਫ਼ੇ 224, ਮੁੱਲ 60 ਰੁਪਏ।

ਪੰਜਾਬ ਵਿਚ ਕਮਿਊਨਿਸਟ ਲਹਿਰ ਦਾ ਬੂਟਾ ਲੱਗਿਆਂ 50 ਤੋਂ ਵਧ ਵਰ੍ਹੇ ਹੋ ਗਏ ਹਨ ਕਮਿਊਨਿਸਟ ਵਿਚਾਰਾਂ ਤੇ ਕਾਰਕੁੰਨਾਂ ਦੀ ਇਸ ਖਿੱਤੇ ਵਿਚ ਮੌਜੂਦਗੀ ਨੂੰ ਅੱਧੀ ਸਦੀ ਢੁੱਕਣ ਲੱਗੀ ਹੈ। ਪਰ ਕਿੰਨੀ ਮਾੜੀ ਗੱਲ ਹੈ ਕਿ ਸਿਆਸੀ ਤਾਕਤ ਤੇ ਵਿਚਾਰਧਾਰਕ ਚੇਤਨਾ ਦੇ ਲਿਹਾਜ਼ ਨਾਲ ਕਮਿਊਨਿਸਟਾਂ ਦਾ ਅਸਰ ਨਗੂਣਾ ਜਿਹਾ ਪਿਆ ਹੈ। ਦੋ ਪਾਰਲੀਮਾਨੀ ਕਮਿਊਨਿਸਟ ਪਾਰਟੀਆਂ ਨੇ ਆਪਣੀ ਨਾਕਾਮਯਾਬੀ ਲਈ ਆਪਣੀਆਂ ਬੁੱਕਲਾਂ ਵਿਚ ਝਾਤੀ ਮਾਰ ਕੇ ਕੋਈ ਵਿਸ਼ਲੇਸ਼ਣ ਪੇਸ਼ ਨਹੀਂ ਕੀਤਾ ਤੇ ਪਿਛਲੇ ਦਹਾਕੇ ਵਿਚ ਕਮਿਊਨਿਸਟ ਇਨਕਲਾਬੀਆਂ ਦੇ ਛੋਟੇ-ਛੋਟੇ ਧੜਿਆਂ ਦਾ ਸਾਰਾ ਜ਼ੋਰ ਇਸੇ ਗੱਲ ਉਤੇ ਲੱਗਾ ਰਿਹਾ ਹੈ ਕਿ ਉਨ੍ਹਾਂ ਦੀ ਹੋਂਦ ਬਣੀ ਰਹੇ।

ਇਸ ਲਈ ਮੈਂ ਬੜੀ ਆਸ ਨਾਲ ਭਗਵਾਨ ਸਿੰਘ ਜੋਸ਼ ਦੀ ਪਿਛੇ ਜਿਹੇ ਅੰਗਰੇਜ਼ੀ ਵਿਚ ਛਪੀ ਕਿਤਾਬ ਕਮਿਊਨਿਸਟ ਮੂਵਮੈਂਟ ਇਨ ਪੰਜਾਬ : 1926-47 ਪੜ੍ਹਨੀ ਸ਼ੁਰੂ ਕੀਤੀ ਸੀ। ਭਗਵਾਨ ਸਿੰਘ ਜੋਸ਼ ਸਾਰੀ ਸਥਿਤੀ ਦਾ ਹਮਦਰਦ ਦਰਸ਼ਕ ਹੋਣ ਤੇ ਨਾਲ-ਨਾਲ ਪਿਛਲੇ ਦਹਾਕੇ ਵਿਚ ਕਮਿਊਨਿਸਟ ਇਨਕਲਾਬੀ ਲਹਿਰ ਨਾਲ ਨੇੜਿਓਂ ਜੁੜਿਆ ਵੀ ਰਿਹਾ ਹੈ। ਪਰ ਉਹ ਆਸ ਉੱਤੇ ਪੂਰਾ ਨਹੀਂ ਉਤਰਦਾ। ਜਿਥੇ ਤਾਂ ਪਾਠਕ ਨੂੰ ਵਿਸ਼ਲੇਸ਼ਣ ਦੀ ਤਵੱਕੋ ਹੁੰਦੀ ਹੈ, ਉਹ ਤੱਥ ਲੈ ਕੇ ਬਹਿ ਜਾਂਦਾ ਹੈ; ਜਦ ਪਾਠਕ ਮਸਲੇ, ਦੀ ਜੜ੍ਹ ਲਭਣੀ ਚਾਹੁੰਦਾ ਹੈ, ਤਾਂ ਭਗਵਾਨ ਸਿੰਘ ਅੰਕੜੇ ਪੇਸ਼ ਕਰਨ ਲਗ ਪੈਂਦਾ ਹੈ ਅਤੇ ਜਦ ਪਾਠਕ ਗਿਆਨ ਹਾਸਲ ਕਰਨਾ ਚਾਹੁੰਦਾ ਹੈ, ਤਾਂ ਲੇਖਕ ਨਿਰੀ ਜਾਣਕਾਰੀ ਦੇਣ ਲਗ ਜਾਂਦਾ ਹੈ। ਇਹ ਕਿਤਾਬ ਮਾਓ ਦੇ ਕਹਿਣ ਵਾਂਗ 'ਅੱਠ-ਚੰਗੇ ਲੇਖ' (ਬਹੁਤ ਔਖੀ) ਵਾਲੀ ਸ਼ੈਲੀ ਵਿਚ ਲਿਖੀ ਹੋਈ ਹੈ।

ਭੂਮਿਕਾ ਵਿਚ ਹੀ ਜੋਸ਼ ਆਪਣੇ ਆਪ ਨੂੰ ਬੜਾ ਵਾਜਬ ਸਵਾਲ ਪਾਉਂਦਾ ਹੈ ਕਿ ਕੀ ਕਾਰਣ ਹੈ ਕਿ ਨਾ ਕੌਮੀ ਲਹਿਰ ਨੇ ਤੇ ਨਾ ਹੀ ਕਮਿਊਨਿਸਟ ਲਹਿਰ ਨੇ ਪੰਜਾਬ ਦੇ ਪਿੰਡਾਂ ਵਿਚ ਜੜ੍ਹਾਂ ਫੜੀਆਂ ? (ਸਫ਼ਾ 10) ਪਰ ਇਸ ਸਵਾਲ ਦਾ ਖੁੱਭਵਾਂ ਜਵਾਬ ਦੇਣ ਦੀ ਥਾਂ ਭਗਵਾਨ ਸਿੰਘ ਲਹਿਰ ਦਾ ਇਤਿਹਾਸ ਲਿਖਣ ਲਗ ਪਿਆ। ਉਹਦੇ ਵਿਚਲਾ ਨਵਾਂ-ਨਵਾਂ ਇਤਿਹਾਸਕਾਰ ਉਹਦੇ ਵਿਚਲੇ ਇਨਕਲਾਬੀ ਮਾਰਕਸਵਾਦੀ ਤੇ ਰਾਜਨੀਤਕ ਅਰਥਸ਼ਾਸਤਰੀ ਉੱਤੇ ਭਾਰੂ ਹੋ ਗਿਆ ਹੈ।

ਪਹਿਲੇ ਕਾਂਡ ਵਿਚ ਜੋਸ਼ ਇਸ ਸਦੀ ਦੇ ਪਹਿਲੇ 25 ਸਾਲਾਂ ਵਿਚ ਪੰਜਾਬ ਦੇ ਆਰਥਕ ਤੇ ਸਮਾਜਕ ਪਿਛੋਕੜ ਨੂੰ ਲੈਂਦਾ ਹੈ। ਉਹ ਸਰਸਰੀ-ਜਿਹੀ ਟਿਪਣੀ ਕਰਦਾ ਹੈ ਕਿ ਉੱਤਰ-ਪੱਛਮ ਹਿੰਦੁਸਤਾਨ ਵਿਚ ਜਿਹਦੇ ਵਿਚ ਪੰਜਾਬ ਵੀ ਸ਼ਾਮਲ ਸੀ, ਵਿਚ ਕੋਈ ਸਨਅਤ ਨਹੀਂ ਸੀ। ਪਰ ਉਹ ਇਸ ਗੱਲ ਨੂੰ ਹੋਰਨਾਂ ਜ਼ਰੂਰੀ ਪਹਿਲੂਆਂ ਤੇ ਸਹਿਵਰਤੀ ਵਿਚਾਰਧਾਰਕ ਕੁਰਾਹਾਂ ਨਾਲ ਨਹੀਂ ਜੋੜਦਾ। ਉਹਨੇ ਇਹ ਗੱਲ ਧਾਰ ਲਈ ਲਗਦੀ ਹੈ ਕਿ ਸ਼ਹਿਰੀ ਸਨਅਤੀ ਮਜ਼ਦੂਰ ਜਮਾਤ ਦੀ ਅਣਹੋਂਦ ਕਾਰਣ ਕਮਿਊਨਿਸਟ ਸਰਗਰਮੀ ਸਿਰਫ਼ ਕਿਸਾਨੀ ਫ਼ਰੰਟ ਉੱਤੇ ਹੀ ਰਹੀ। ਤੇ ਉਹਨੇ ਕੋਈ 40 ਸਫ਼ੇ ਇਕ ਸੁਖਾਲਾ-ਜਿਹਾ ਨਿਰਣਾ ਕਢਣ ਤੇ ਲਾ ਦਿੱਤੇ ਹਨ "ਕਿ ਮੰਦਵਾੜੇ ਦੇ ਸਾਲਾਂ ਦੌਰਾਨ ਪੰਜਾਬ ਦੀ ਕਿਸਾਨੀ ਦੇ ਵੱਡੇ ਹਿੱਸੇ ਆਮ ਕਰ ਕੇ ਅਤੇ ਛੋਟੇ ਜ਼ਮੀਨ ਮਾਲਕ ਤੇ ਮੁਜ਼ਾਰੇ ਖ਼ਾਸ ਕਰ ਕੇ ਕਰਜ਼ੇ, ਮਾਲੀਏ ਤੇ ਆਬਿਆਨੇ ਦੇ ਭਾਰ ਹੇਠਾਂ ਹਾਲ-ਬਹੁੜੀ ਕਰ ਰਹੇ ਸਨ,' ਤੇ ਇਸੇ ਕਰਕੇ "ਜੁਝਾਰ ਰਾਸ਼ਟਰਵਾਦੀਆਂ ਤੇ ਸੋਸ਼ਲਿਸਟਾਂ ਵਾਸਤੇ ਬੜੀ ਸੌਖੀ

ਗੱਲ ਸੀ ਕਿ ਉਹ ਇਹੋ ਜਿਹੀਆਂ ਮੰਗਾਂ ਲੈ ਕੇ ਲੜਦੇ, ਜਿਨ੍ਹਾਂ ਨਾਲ ਕਿਸਾਨਾਂ ਦੇ ਵਧ ਤੋਂ ਵਧ ਤਬਕੇ ਲਾਮਬੰਦ ਹੋ ਸਕਦੇ ਸੀ ਤੇ ਜਿਸ ਨਾਲ ਕੋਈ ਅੰਦਰੂਨੀ ਵਿਵਾਦ ਵੀ ਨਹੀਂ ਸੀ ਹੋਣਾ।" (ਸਫ਼ੇ 40-41)

ਦੂਜਾ ਕਾਂਡ ਰੂਸੀ ਇਨਕਲਾਬ ਦੇ ਅਸਰ ਬਾਰੇ ਹੈ। ਇਸ ਵਿਚ ਉਹਨੇ ਠੀਕ ਗੱਲ ਲਿਖੀ ਹੈ ਕਿ ਪੰਜਾਬ ਦੇ ਖੱਬੇਪੱਖੀਆਂ ਵਿਚ "ਮੁਹਾਜਰ, ਰਾਸ਼ਟਰਵਾਦੀ ਨੌਜਵਾਨ, ਅਕਾਲੀ ਜੁਝਾਰ ਤੇ ਗਦਰ ਪਾਰਟੀ ਦੇ ਮੈਂਬਰ ਜਾਂ ਹਮਦਰਦ ਸਨ" (ਸਫ਼ਾ 76) ਪਰ ਉਹ ਆਪਣੇ ਇਸ ਕਥਨ ਦੇ ਮੰਤਵੀ ਸਿੱਟੇ ਤਕ ਨਹੀਂ ਪੁੱਜਾ ਕਿ ਇਨਕਲਾਬੀ ਤੇ ਜੱਥੇਬੰਦ ਪਾਰਟੀ ਤੇ ਬਾਕਾਇਦਾ ਆਧਾਰ ਵਾਲੇ ਕੇਂਦਰ ਤੋਂ ਬਿਨਾਂ ਕਮਿਊਨਿਸਟ ਵਿਚਾਰਧਾਰਾ ਜਾਂ ਸਮਾਜਵਾਦੀ ਸਮਾਜ ਦੀ ਬੁਨਿਆਦ ਰਖਣੀ ਅਸੰਭਵ ਹੁੰਦੀ ਹੈ। ਮੁੱਢਲੇ ਕਮਿਊਨਿਸਟ ਆਗੂਆਂ ਦੀ ਦ੍ਰਿਸ਼ਟੀ ਬੜੀ ਧੁੰਦਲੀ ਸੀ। 'ਸੋਸ਼ਲਿਜ਼ਮ ਦਾ ਅਕਸ ਸਿੱਖੀ ਫ਼ਲਸਫ਼ੇ ਦੇ ਸਰਬੱਤਵਾਦ ਵਿਚ ਦੇਖਿਆ ਜਾਂਦਾ ਸੀ (ਸਫ਼ਾ 78) ਭਗਵਾਨ ਸਿੰਘ ਅਨੁਸਾਰ "ਭਾਈ ਸੰਤੋਖ ਸਿੰਘ ਮਜ਼ਦੂਰ ਜਮਾਤ ਦੀ ਲਹਿਰ ਦੇ ਸਿਰਫ਼ ਆਰਥਿਕ ਪਹਿਲੂਆਂ ਨੂੰ ਹੀ ਸਮਝਦਾ ਸੀ ਤੇ ਉਹ ਇਸ ਸਿੱਟੇ 'ਤੇ ਪੁੱਜਾ ਸੀ ਕਿ ਸਿਰਫ਼ ਮਜ਼ਦੂਰ ਜਮਾਤ ਦੇ ਆਗੂ ਹੀ ਮਜ਼ਦੂਰ ਜਮਾਤ ਦੇ ਹਿੱਤਾਂ ਦੀ ਰਾਖੀ ਕਰ ਸਕਦੇ ਹਨ।" (ਸਫ਼ਾ 73) ਭਾਈ ਸੰਤੋਖ ਸਿੰਘ ਦੇ ਸ਼ੁਰੂ ਕੀਤੇ ਕਿਰਤੀ ਪਰਚੇ ਤੇ ਕਿਰਤੀ ਕਿਸਾਨ ਪਾਰਟੀ ਨੇ ਸੋਸ਼ਲਿਸਟ ਵਿਚਾਰਾਂ ਦੇ ਪਸਾਰ ਵਿਚ ਵੱਡਾ ਰੋਲ ਅਦਾ ਕੀਤਾ ਤੇ ਦਰਮਿਆਨੀ ਜਮਾਤ ਦੇ ਬਹੁਤ ਸਾਰੇ ਨੌਜਵਾਨ ਸੋਸ਼ਲਿਸਟ ਤੇ ਬਾਲਸ਼ਵਿਕ ਵਿਚਾਰਾਂ ਦੇ ਅਸਰ ਹੇਠ ਜੁਝਾਰ ਰਾਸ਼ਟਰਵਾਦੀ ਧੜਿਆਂ ਵਿਚ ਜੱਥੇਬੰਦ ਹੋਣਾ ਸ਼ੁਰੂ ਹੋ ਗਏ ਸਨ। ਇਹ ਨੌਜਵਾਨ ਆਪਣੇ ਸਮਾਜ ਦਾ ਜਮਾਤੀ ਨਿਖੇੜ ਕਰਨ ਦੀ ਥਾਂ ਕਾਮੇ 'ਤੇ 'ਲੋਕ' ਵਰਗੇ ਅਮੂਰਤ ਵਾਕੰਸ਼ ਵਰਤਦੇ ਸਨ। ਇਥੋਂ ਤਕ ਕਿ ਕਿਰਤੀ ਵੀ "ਮਜ਼ਦੂਰ ਜਮਾਤ" ਦੇ ਰੋਲ ਬਾਰੇ ਟਪਲਾ ਖਾ ਗਏ ਸਨ। ਜੋਸ਼ ਅਨੁਸਾਰ : "ਕੁਝ ਕਿਰਤੀਆਂ ਦਾ ਵਿਚਾਰ ਸੀ ਕਿ ਉਨ੍ਹਾਂ ਗੋਚਰਾ ਸਭ ਤੋਂ ਵੱਡਾ ਕੰਮ ਕਾਮਿਆਂ ਨੂੰ ਜੱਥੇਬੰਦ ਕਰਨਾ ਹੈ। ਪੰਜਾਬ ਦੇ 'ਕਿਰਤੀਆਂ-ਕਾਮਿਆਂ' ਦਾ 90 ਫ਼ੀ ਸਦੀ ਹਿੱਸਾ ਕਿਸਾਨਾਂ ਦਾ ਸੀ। ਦੂਜੇ ਸ਼ਬਦਾਂ ਵਿਚ ਪੰਜਾਬ ਵਿਚ ਕਿਰਤੀਆਂ ਨੂੰ ਜੱਥੇਬੰਦ ਕਰਨ ਦਾ ਮਤਲਬ ਕਿਸਾਨਾਂ ਨੂੰ ਜੱਥੇਬੰਦ ਕਰਨਾ ਸੀ" (ਸਫ਼ੇ 91-92)। ਇਹ ਨਿਰਣਾ ਲੈ ਕੇ ਤੇ ਸੋਵੀਅਤ ਰੂਸ ਦੀ ਨਵੀਂ ਆਰਥਕ ਨੀਤੀ (NEP) ਤੋਂ ਪ੍ਰੇਰਿਤ ਕਿਰਤੀਆਂ ਨੇ ਤੀਜੀ ਕੌਮਾਂਤਰੀ ਦੀਆਂ ਹਦਾਇਤਾਂ ਦੀ ਆਪਣੀ ਹੀ ਵਿਆਖਿਆ ਕਰ ਲਈ ਤੇ ਐਹੋ ਜਿਹਾ ਪਰੋਗਰਾਮ ਤੈਅ ਕਰ ਲਿਆ, ਜਿਹੜਾ ਲੈਨਿਨ ਮੁਤਾਬਕ ਪੂੰਜੀਵਾਦ ਤੋਂ ਸਮਾਜਵਾਦ ਤਕ ਦੇ ਸੰਕਰਾਂਤੀ ਪੜਾਅ ਦਾ ਸੰਭਵ ਪ੍ਰੋਗਰਾਮ ਹੋ ਸਕਦਾ ਸੀ। ਪਰ ਤਾਂ ਵੀ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਸੀ ਤੇ ਇਹਨੂੰ ਕਮਿਊਨਿਸਟ ਪ੍ਰੋਗਰਾਮ ਆਖ ਕੇ ਪੇਸ਼ ਕਰਦੇ ਸਨ। (ਸਫ਼ਾ 97) ਜੋਸ਼ ਨੇ ਠੀਕ ਹੀ ਤੋੜਾ ਝਾੜਿਆ ਹੈ ਕਿ "ਇਹ ਆਪਾ ਵਿਰੋਧੀ ਪਰੋਗਰਾਮ ਸੀ। ਇਹ ਛੋਟੀ ਪੱਧਰ ਦੇ ਜਿਣਸ ਉਤਪਾਦਕਾਂ ਦੀ ਬਿਰਤੀਵਾਲਾ ਪਰੋਗਰਾਮ ਸੀ, ਜੋ ਵਿਚਕਾਰਲੇ ਮਾਰਗ ਉੱਤੇ ਚਲਣਾ ਚਾਹੁੰਦੇ ਸਨ ਤੇ ਜਿਨ੍ਹਾਂ ਨੇ ਸਮਾਜ-ਵਾਦ ਦੀ ਆਪਣੀ ਘਰ ਦੀ ਵਿਆਖਿਆ ਕਰ ਲਈ ਸੀ। (ਸਫ਼ਾ 97)

ਇਸ ਪਰੋਗਰਾਮ ਦੇ ਅਪਣਾਉਣ ਨਾਲ ਲਹਿਰ ਦਾ ਖੇਤਰ ਸੀਮਤ ਹੋ ਗਿਆ। ਇਹ ਦਾ ਅਸਰ ਲਹਿਰ ਦੀ ਯੁੱਧਨੀਤੀ ਤੇ ਕਾਡਰ ਦੀ ਮਾਨਸਿਕ ਸਿਖਲਾਈ ਉੱਤੇ ਵੀ ਪਿਆ। ਦੋ ਦਹਾਕਿਆਂ ਤੋਂ ਵਧ ਅਰਸੇ ਵਿਚ ਪੰਜਾਬ ਨੇ ਕਮਿਊਨਿਸਟ ਤੇ ਕਿਰਤੀ ਆਗੂਆਂ ਦੀ ਚੜ੍ਹਤ ਤੇ ਗਿਰਾਵਟ ਦੇਖੀ, ਜਿਹੜੇ ਪਿੰਡਾਂ ਵਿਚ ਆਪਣੇ ਖਾਂਦੇ ਪੀਂਦੇ ਕਨਟੈਕਟਾਂ ਰਾਹੀਂ ਬਗ਼ਾਵਤ ਦਾ ਜਜ਼ਬਾ ਕਰਦੇ ਸਨ। ਲਹਿਰ ਸਿਰਫ਼ ਉਨ੍ਹਾਂ ਹੀ ਇਲਾਕਿਆਂ ਵਿਚ ਫੈਲੀ, ਜਿਨ੍ਹਾਂ ਇਲਾਕਿਆਂ ਦੀ ਬਰਤਾਨਵੀ ਸਾਮਰਾਜ-ਵਿਰੋਧੀ ਖਾੜਕੂ ਅਕਾਲੀ ਲਹਿਰ ਦੀ ਆਪਣੀ ਰਵਾਇਤ ਸੀ ਤੇ ਇਨ੍ਹਾਂ ਵਿਚ ਬਹੁਤੇ ਸਿੱਖ ਕਿਸਾਨ ਸਨ," ਅਤੇ ਹਮੇਸ਼ਾ "ਮੁਕਾਮੀ ਲੀਡਰ ਅਕਾਲੀਆਂ, ਕਾਂਗਰਸੀਆਂ ਤੇ ਕਿਰਤੀਆਂ ਦਾ ਸਾਂਝਾ ਕਨਟੈਕਟ ਹੁੰਦਾ

ਸੀ।" (ਸਫ਼ੇ 122-23)

ਪੰਜਾਬ ਦੀ ਕਿਸਾਨੀ ਦਾ ਸੰਗਠਨ ਤੇ ਇਹਦਾ ਸਿਆਸੀਕਰਨ ਭਾਰਤ ਦੀ ਬੁਰਜਵਾ ਰਾਸ਼ਟਰਵਾਦੀ ਲਹਿਰ ਦੀ ਚੜ੍ਹਤ ਤੇ ਇਹਦੇ ਵਿਕਾਸ ਨਾਲ ਜੁੜਿਆ ਹੋਇਆ ਸੀ। ਕਈ ਵਾਰ ਦੋਹਵੇਂ ਲਹਿਰਾਂ ਇਕ-ਦੂਜੇ ਦੇ ਆਸਰੇ ਕਈ ਵਾਰ ਨਾਲੋਂ-ਨਾਲ ਤੇ ਕਈ ਵਾਰ ਅੱਗੜ-ਪਿੱਛੜ ਇਹ ਦੇਖ ਕੇ ਚਲਦੀਆਂ ਰਹੀਆਂ ਕਿ ਆਇਆ ਖ਼ਾਸ ਮੌਕੇ ਤੇ ਕਿਸਾਨੀ ਤੇ ਸ਼ਹਿਰੀ ਦਰਮਿਆਨੀ ਜਮਾਤ ਦੇ ਹਿੱਤ ਇਕੱਠਿਆਂ ਰਹਿ ਕੇ ਪੂਰੇ ਹੁੰਦੇ ਹਨ ਜਾਂ ਇਕੱਲਿਆਂ ਰਹਿ ਕੇ। ਕਮਿਊਨਿਸਟਾਂ ਦਾ ਕਾਂਗਰਸੀਆਂ ਨਾਲ ਪਾਲਿਆ ਯਰਾਨਾ ਦੂਜੀ ਵੱਡੀ ਜੰਗ ਦੇ ਆਖ਼ਰੀ ਸਾਲਾਂ ਵਿਚ ਟੁੱਟ ਗਿਆ। ਜੋਸ਼ ਮੁਜਬ ਜਦ ਸਾਰਾ ਮੁਲਕ "ਆਜ਼ਾਦੀ ਦੀਆਂ ਬਰੂਹਾਂ" ਉਤੇ ਖੜ੍ਹਾ ਸੀ ਤਾਂ ਪੰਜਾਬ ਦੀ ਕਮਿਊਨਿਸਟ ਲਹਿਰ ਅਸਲੋਂ ਹੀ ਬੌਂਦਲੀ ਹੋਈ ਸੀ, ਪੂਰੀ ਤਰ੍ਹਾਂ ਢਹਿੰਦੀਆਂ ਕਲਾਂ ਵਿਚ ਸੀ ਅਤੇ ਇਹਨੇ ਕੌਮੀ ਤੇ ਸਾਂਝੇ ਮੋਰਚੇ ਦੀ ਅਹਿਮਕਾਨਾ ਵਿਆਖਿਆ ਦੇ ਸੰਗਲ ਆਪਣੇ ਪੈਰੀਂ ਆਪ ਹੀ ਪਾਏ ਹੋਏ ਸਨ।

ਕਿਰਤੀ ਗਰੁੱਪ ਤੇ ਮਾਨਤਾ, ਪ੍ਰਾਪਤ ਹਿੰਦ ਕਮਿਊਨਿਸਟ ਪਾਰਟੀ ਦੇ ਆਗੂਆਂ ਦਾ ਮੁਤਾ-ਲਿਆ ਬੜਾ ਰੋਸ਼ਨੀ ਪਾਉਣ ਵਾਲਾ ਹੈ। ਮੇਰੀ ਤੇ ਕਈ ਇਨਕਲਾਬੀ ਮਾਰਕਸਵਾਦੀਆਂ ਦੀ ਇਸ ਗੱਲ ਦੀ ਪਰੋੜ੍ਹਤਾ ਹੋਈ ਹੈ ਕਿ ਜਦ ਕਿ ਹਿੰਦ ਕਮਿਊਨਿਸਟ ਪਾਰਟੀ ਦੇ ਲੀਡਰਾਂ ਦਾ ਸਾਰਾ ਜ਼ੋਰ ਇਸੇ ਗੱਲ ਉੱਤੇ ਲੱਗਿਆ ਰਿਹਾ ਕਿ ਉਹ ਸੋਵੀਅਤ ਯੂਨੀਅਨ ਦੀ ਵਿਦੇਸ ਨੀਤੀ ਦੇ ਏਜੰਟ ਨਾ ਗਰਦਾਨੇ ਜਾਣ, ਤਾਂ ਇਹ ਸਿਰਫ਼ ਕਿਰਤੀ ਆਗੂ ਹੀ ਸਨ, ਜਿਨ੍ਹਾਂ ਨੇ ਇਨਕਲਾਬੀ ਦੇਸ਼ ਭਗਤ ਤੇ ਲੋਕਾਂ ਦੇ ਸੱਚੇ ਸੇਵਕ ਪੈਦਾ ਕੀਤੇ। ਕਿਰਤੀ ਭਾਵੇਂ ਸੋਵੀਅਤ ਯੂਨੀਅਨ ਦਾ ਆਦਰ ਕਰਦੇ ਸਨ ਤੇ ਏ, ਐਮ ਦਾਈਕੋਵ ਵਰਗੇ ਕਮਿਊਨਿਸਟ ਉਸਤਾਦਾਂ ਦਾ ਦਿਲੀ ਸਤਿਕਾਰ ਕਰਦੇ ਸਨ, ਪਰ ਉਹ ਕਦੇ ਭੁੱਲੇ ਨਹੀਂ ਕਿ ਉਨ੍ਹਾਂ ਦਾ ਪਹਿਲਾ ਫ਼ਰਜ਼ ਆਪਣੇ ਲੋਕਾਂ ਤਾਈਂ ਹੈ। ਬੌਧਿਕ ਘੁਮੰਡ ਤੇ 'ਸਟਾਲਿਨ ਦੇ ਚਾਲੂ ਹੁਕਮਾਂ' ਨੂੰ ਨਾ ਸਹਾਰਦਿਆਂ ਕਿਰਤੀਆਂ ਨੇ ਮਾਨਤਾਪ੍ਰਾਪਤ ਕਮਿਊਨਿਸਟ ਪਾਰਟੀ ਨਾਲੋਂ ਅੱਡ ਹੋ ਕੇ 1948 ਵਿਚ ਲਾਲ ਕਮਿਊਨਿਸਟ ਪਾਰਟੀ ਖੜ੍ਹੀ ਕਰ ਲਈ ਸੀ। ਸਾਰਾ ਜਹਾਨ ਜਾਣਦਾ ਹੈ ਕਿ ਮਾਲਵੇ ਵਿਚ ਹੀ ਪੰਜਾਬ ਦੀ ਵਾਹਦ ਲੰਮੀ, ਖਾੜਕੂ ਤੇ ਕਾਮਯਾਬ ਮੁਜ਼ਰਾ ਲਹਿਰ ਲਾਲ ਪਾਰਟੀ ਦੀ ਅਗਵਾਈ ਹੇਠਾ ਲੜੀ ਗਈ ਸੀ। ਭਾਵੇਂ 1952 ਵਿਚ ਲਾਲ ਪਾਰਟੀ ਤੋੜ ਦਿੱਤੀ ਤੇ ਇਹਦੇ ਬਹੁਤ ਸਾਰੇ ਕਾਰਕੁੰਨ ਮਾਨਤਾ ਪ੍ਰਾਪਤ ਪਾਰਟੀ ਵਿਚ ਰਲ ਗਏ, ਪਰ ਇਹਦੇ ਕਈ ਲੀਡਰ ਹਾਰ-ਹੰਭ ਕੇ ਘਰੀਂ ਬੈਠ ਗਏ। ਹਿੰਦ ਕਮਿਊ-ਨਿਸਟ ਪਾਰਟੀ ਦੇ ਜੱਥੇਬੰਦਕ ਲੀਡਰਾਂ ਦੀ ਚੜ੍ਹ ਮਚ ਗਈ। ਜੋਸ਼ ਨੇ ਗੱਲ ਇਥੇ ਹੀ ਮੁਕਾ ਦਿੱਤੀ ਹੈ। ਪੰਜਵੇਂ ਦਹਾਕੇ ਵਿਚ ਜਿਹੜੀ ਲੀਡਰਸ਼ਿਪ ਅੱਗੇ ਆਈ, ਉਹ ਜਾਂ ਦਰਮਿਆਨੀ ਕਿਸਾਨੀ ਪੋਚੂ (ਪੈਟੀਬੁਰਯਵਾ) ਜਾਂ ਸ਼ਹਿਰੀ ਬੁੱਧੀਜੀਵੀਆਂ ਦੀ ਸੀ। ਇਨ੍ਹਾਂ ਬੰਦਿਆਂ ਨੇ ਲਹਿਰ ਦਾ ਜਿਵੇਂ ਘਾਣ ਕੀਤਾ ਤੇ ਇਨ੍ਹਾਂ ਨੇ ਕਿਵੇਂ-ਕਿਵੇਂ ਵਾਰਵਾਰ ਲੋਕਾਂ ਨਾਲ ਗ਼ਦਾਰੀ ਕੀਤੀ, ਉਹਦਾ ਵਿਸ਼ਲੇਸ਼ਣ ਕਰਨਾ ਬਾਕੀ ਹੈ। ਕਿਰਤੀ ਦੇ ਪ੍ਰਵੇਸ਼ ਅੰਕ ਵਿਚ ਭਾਈ ਸੰਤੋਖ ਸਿੰਘ ਨੇ ਦੋ ਕਿਸਮਾਂ ਦੇ ਆਗੂਆਂ ਦੀ ਗੱਲ ਕੀਤੀ ਸੀ — ਯੁਗਪਲਟਾਊ ਤੇ ਰਾਜ ਪਾਲਟਾਊ ਆਗੂ। ਸਾਡੀ ਬਦਕਿਸਮਤੀ ਹੈ ਕਿ ਸਾਨੂੰ ਉਹ ਲੀਡਰਸ਼ਿਪ ਮਿਲੀ ਹੈ, ਜਿਹਨੂੰ ਸਮਾਜੀ ਤਬਦੀਲੀ ਦੇ ਘੋਲ ਵਿਚ ਲੋਕਾਂ ਦੇ ਆਗੂ ਹੋਣ ਦੇ ਰੋਲ ਨਾਲ ਕੋਈ ਸਰੋਕਾਰ ਨਹੀਂ, ਸਗੋਂ ਜਿਹੜੇ ਸਰਮਾਏਦਾਰੀ ਦੇ ਇਕ ਜਾਂ ਦੂਜੇ ਹਿੱਸੇ ਨਾਲ ਯਰਾਨਾ ਗੰਢ ਕੇ ਜਾਂ ਫ਼ਿਰਕਾਪ੍ਰਸਤ ਅਨਸਰਾਂ ਜਾਂ ਸ਼ਹਿਰੀ ਪੈਟੀਬੁਰਯਵਜੀ ਦੀ ਹਮਾਇਤ ਲੈ ਕੇ ਫੁੱਲੇ ਨਹੀਂ ਸਮਾਉਂਦੇ।

ਪਿੱਛਲੀ ਅੱਧੀ ਸਦੀ ਦੀ ਪੰਜਾਬ ਦੀ ਕਮਿਊਨਿਸਟ ਲਹਿਰ ਦੇ ਇਤਿਹਾਸ ਤੋਂ ਸਿਸੀਫਸ ਦਾ ਪ੍ਰਸੰਗ ਯਾਦ ਆਉਂਦਾ ਹੈ। ਦੋਹਵੇਂ ਪਾਰਲੀਮਾਨੀ ਕਮਿਊਨਿਸਟ ਪਾਰ-ਟੀਆਂ ਦੇ ਲੀਡਰ ਸਮਾਂ ਪਾ ਕੇ ਮੁੜ ਆਨੇ ਵਾਲੀ ਥਾਂ ਉੱਤੇ ਆ ਜਾਂਦੇ ਹਨ। ਇਨ੍ਹਾਂ ਹਮੇਸ਼ਾਂ ਕੁਹਾੜਾ ਆਪਣੇ ਪੈਰਾਂ ਉੱਤੇ ਹੀ

ਮਾਰਿਆ ਹੈ। ਕੀ ਇਹੋ ਸਾਡੀ ਹੋਣੀ ਹੈ ? ਇਸ ਸਮੱਸਿਆ ਨੂੰ ਹੱਥ ਪਾਉਣ ਤੋਂ ਪਹਿਲਾਂ ਇਨ੍ਹਾਂ ਗੱਲਾਂ ਦੇ ਜਵਾਬ ਲਭਣੇ ਪੈਣਗੇ :

1. ਪੰਜਾਬ ਦੇ ਜਮਾਤੀ ਢਾਂਚੇ ਤੇ ਵਖ-ਵਖ ਜਮਾਤਾਂ ਦੇ ਅੰਤਰ-ਸੰਬੰਧ ਦਾ ਮੁਕੰਮਲ ਵਿਸ਼ਲੇਸ਼ਣ।

2. ਪੰਜਾਬ ਦੇ ਪ੍ਰਸੰਗ ਵਿਚ ਕੌਮੀ ਸਵਾਲ ਬਾਰੇ ਪੂਰਾ-ਮੁਤਾਲਿਆ। ਇਸ ਵਿਚ ਸਿੱਖਾਂ ਦਾ ਤੇ ਇਨ੍ਹਾਂ ਦੀ ਸਿਆਸੀ ਬਾਂਹ ਅਕਾਲੀ ਦਲ ਦਾ ਖ਼ਾਸ ਪ੍ਰਸੰਗ ਹੈ।

3. ਸ਼ਹਿਰਾਂ ਤੇ ਪਿੰਡਾਂ ਵਿਚ ਸਹੀ ਅਰਥਾਂ ਵਿਚ ਮਜ਼ਲੂਮ ਜਮਾਤਾਂ ਦਾ ਨਖੇੜਾ।

ਅਤੇ 4. ਅਸਲੀ ਇਨਕਲਾਬੀ ਪਾਰਟੀ ਤੇ ਕੇਂਦਰ ਦੀ ਉਸਾਰੀ

ਨਰਿੰਦਰ ਜੋਸ਼ੀ □

## ਪੁਰਾਣੀ ਗੱਲ ਨਵਾਂ ਪ੍ਰਸੰਗ

ਮਨੁੱਖਤਾ (ਨਾਵਲ),
ਲੇਖਕ : ਜਸਵੰਤ ਸਿੰਘ ਕੰਵਲ,
ਆਰਸੀ ਪਬਲਿਸ਼ਰਜ਼, ਦਿੱਲੀ,
ਮੁੱਲ 12 ਰੁਪਏ

ਮਨੁੱਖਤਾ ਜਸਵੰਤ ਸਿੰਘ ਕੰਵਲ ਦਾ ਨਵਾਂ ਨਾਵਲ ਹੈ, ਜੋ ਉਸ ਦੇ ਚਰਚਿਤ ਨਾਵਲ ਲਹੂ ਦੀ ਲੋਅ ਤੋਂ ਕੁਝ ਅਰਸੇ ਬਾਅਦ ਦੀ ਰਚਨਾ ਹੈ। ਪਿਛਲੇ ਇਕ ਦੋ ਸਾਲਾਂ ਵਿਚ ਕੰਵਲ ਦੇ ਨਾਵਲ ਲਹੂ ਦੀ ਲੋਅ ਨੇ ਪੰਜਾਬੀ ਦੇ ਗ਼ੈਰ-ਸਾਹਿਤਕ ਅਤੇ ਸਾਹਿਤਕ ਪਿੜ ਵਿਚ ਗੰਭੀਰ ਤੇ ਇਕਸਾਉ੍ ਵਾਦ-ਵਿਵਾਦ ਨੂੰ ਪੈਦਾ ਕੀਤਾ ਹੈ। ਇਹ ਵਾਦ-ਵਿਵਾਦ ਕੰਵਲ ਦੇ ਨਾਵਲੀ ਵਿਵੇਕ ਦੀ ਪ੍ਰਮਾਣਿਕਤਾ ਜਾਂ ਅਪ੍ਰਮਾਣਿਕਤਾ ਉਪਰ ਨਹੀਂ, ਸਗੋਂ ਇਸ ਸਾਰੇ ਵਾਦ ਵਿਵਾਦ ਦਾ ਆਧਾਰ ਸਿਧਾਂਤਕ ਮੱਤ ਭੇਦ ਜਾਂ ਸਾਂਝ ਉਪਰ ਹੈ। ਇਸ ਵਾਦ-ਵਿਵਾਦ ਦਾ ਮਨਫ਼ੀ ਪੱਖ ਇਹ ਹੈ ਕਿ ਆਪਣੇ ਆਪਣੇ ਸਿਧਾਂਤ ਦੀ ਸੁਰ ਅਲਾਪਣ ਨਾਲ ਕਿਸੇ ਤਰ੍ਹਾਂ ਵੀ ਵਿਚਾਰਧਾਰਕ ਸੰਕਲਪਾਂ ਵਿਚਕਾਰ ਸੰਵਾਦਕ ਰਿਸ਼ਤਾ ਨਹੀਂ ਬਣ ਸਕਿਆ, ਸਗੋਂ ਕਈ ਵਾਰੀ ਬੋਲ-ਕਬੋਲ ਵਿਚ ਬਦਲੇ ਹਨ। ਜਿਹੜੀ ਗੱਲ ਕੰਵਲ ਨੂੰ ਵਡਿਆਈ ਦਾ ਹੱਕਦਾਰ ਬਣਾਉਂਦੀ ਹੈ, ਉਹ ਇਹ ਕਿ ਲਹੂ ਦੀ ਲੋਅ ਨੇ ਪੰਜਾਬੀ ਆਲੋਚਨਾ ਵਿਚ ਆਈ ਗਤੀਰੋਧਤਾ ਨੂੰ ਭੰਗ ਜ਼ਰੂਰ ਕੀਤਾ ਹੈ। ਇਸ ਪੱਖੋਂ ਲਹੂ ਦੀ ਲੋਅ ਪੰਜਾਬੀ ਨਾਵਲ ਅਤੇ ਅਲੋਚਨਾ ਦੇ ਇਤਿਹਾਸ ਵਿਚ ਵਰਣਨ ਯੋਗ ਰਚਨਾ ਬਣ-ਗਿਆ ਹੈ। ਲਹੂ ਦੀ ਲੋਅ ਨਾਵਲ ਦੀ ਗਲਪ-ਸ਼ਕਤੀ ਕਿਸੇ ਰਚਨਾਤਮਕ ਵਿਵੇਕ ਵਿਚ ਨਹੀਂ ਬਲਕਿ ਇਸ ਨਾਵਲ ਦੀ ਸਮੱਰਥਾ ਇਤਿਹਾਸ ਦੇ ਕਾਲ-ਖੰਡ ਵਿਚ ਵਾਪਰੀਆਂ ਕੁਝ ਕੁਝ ਘਟਨਾਵਾਂ ਨੂੰ ਭਾਵੁਕ ਰੰਗਣ ਦੇ ਕੇ ਸਨਸਨੀਖ਼ੇਜ਼ ਰੂਪ ਦੇਣ ਵਿਚ ਹੈ। ਸੰਘਣੀ ਭਾਵੁਕਤਾ ਨੇ ਨਾਵਲ ਨੂੰ ਉਸਦੇ ਮੂਲ ਧਰਮ ਤੋਂ ਵਿਛੁੰਨ ਲਿਆ ਹੈ। ਕੰਵਲ ਦੇ ਨਾਵਲ ਲਹੂ ਦੀ ਲੋਅ ਵਿਚ ਹੀ ਨਹੀਂ, ਸਗੋਂ ਉਸ ਦੇ ਹਰ ਨਾਵਲ ਦਾ ਮੂਲ ਵਸਤੂ ਭਾਵੁਕ ਸਥਿਤੀਆਂ ਦਾ ਸਿਰਜਣ ਹੈ। ਭਾਵੁਕ ਸਮਾਗਮ ਰਚਦਿਆਂ ਜੇਕਰ ਸਿਧਾਂਤਕ ਪ੍ਰਤਿ-ਬੱਧਤਾ (?) ਗੁਆਚਦੀ ਰਹੀ ਹੈ, ਤਾਂ ਇਸ ਵਿਚ ਹੈਰਾਨੀ ਵਾਲੀ ਗੱਲ ਨਹੀਂ।

ਮਨੁੱਖਤਾ ਪਹਿਲੀ ਨਜ਼ਰੇ ਪਾਠਕ ਦੀ ਦਿਲਚਸਪੀ ਨਵੀਂ ਦ੍ਰਿਸ਼ਟੀ ਨਾਲ ਇਕਸੁਰ ਕਰਨ ਦਾ ਆਭਾਸ ਕਰਵਾਉਂਦਾ ਹੈ। ਨਾਵਲ ਦੇ ਨਾਮਕਰਣ ਤੋਂ ਇੰਜ ਪ੍ਰਤੀਤ ਹੁੰਦਾ ਸੀ ਕਿ ਇਹ ਨਾਵਲ ਉਸਦੇ ਪਹਿਲੇ ਨਾਵਲਾਂ ਦੀ ਰੂਪ ਰਚਨਾ ਨਾਲੋਂ ਵੱਖਰੀ ਦ੍ਰਿਸ਼ਟੀ ਉਪਰ ਕੇਂਦਰਿਤ ਹੋਵੇਗਾ, ਪਰ ਨਾਵਲ ਵਿਚ ਨਾਵਲ ਦੀ 'ਰਚਨਾ ਤੋਂ ਬਾਹਰ' ਪਏ ਸ਼ਬਦਾਂ ਤੋਂ ਇਲਾਵਾ ਕਿਧਰੇ ਵੀ ਮਨੁੱਖਤਾ ਦਾ ਸੰਦਰਭ ਉਘੜਦਾ ਨਹੀਂ। ਸਹਿਜੇ ਹੀ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਦਾ ਮਾਨਵੀ ਸੰਕਲਪ ਰਚਨਾ ਵਿਚੋਂ ਪ੍ਰਗਟ ਹੁੰਦਾ ਹੈ, ਕੀ ਉਸ ਮਾਨਵੀ ਸੰਕਲਪ ਦੇ ਅਰਥ-ਪ੍ਰਸੰਗ-ਵੇਰਵੇ ਇੰਨੇ ਕੁ ਹੀ ਹਨ ? ਰਚਨਾ ਅੰਦਰੋਂ ਸਾਨੂੰ ਸਿਵਾਏ ਪ੍ਰੀਤ-ਕਥਾ ਦੇ ਲੁਕਵੇਂ ਛਿਪਵੇਂ ਵੇਰਵਿਆਂ ਅਤੇ ਘਟਨਾਤਮਕ ਗੁੰਝਲ ਤੋਂ ਇਲਾਵਾ ਕੁਝ ਵੀ ਸਾਰਥਕ ਪ੍ਰਾਪਤ ਨਹੀਂ ਹੁੰਦਾ। ਅਜਿਹੇ ਸਮੇਂ ਉਸਦਾ 'ਸਿਧਾਂਤ' ਵੀ ਉਸ ਲਈ ਦਿਸ਼ਾ ਨਹੀਂ ਬਣਦਾ। ਮਨੁੱਖਤਾ

ਨਾਵਲ ਦਾ ਨਾਇਕ ਬੜੇ ਹੀ ਬਣਾਵਟੀ ਜਿਹੇ ਡਰ ਨਾਲ ਆਪਣੇ ਭੇਸ ਬਦਲਦਾ ਬਦਲਵਾਉਂਦਾ ਕੁਦੇਸ ਹੋਇਆ ਫਿਰਦਾ ਹੈ। ਉਸ ਦਾ ਡਰ ਕਿਸੇ ਜਟਿਲ ਸਥਿਤੀ ਜਾਂ ਸੋਚ ਵਿਚੋਂ ਨਹੀਂ, ਸਗੋਂ ਕਹਾਣੀ ਘੜਨ ਦੀ ਮਜਬੂਰੀ, ਵਿਚੋਂ ਪੈਦਾ ਹੋਇਆ ਹੈ। ਨਾਇਕ ਘ-ਬਾਰ ਤਿਆਗ ਕੇ ਨਾਇਕਾ ਨੂੰ ਪ੍ਰਾਪਤ ਕਰਕੇ ਅੰਤ ਸੁਖਾਂਤ ਦਾ ਭਾਗੀ ਬਣਦਾ ਹੈ ; ਪ੍ਰਤਿ ਨਾਇਕ ਤ੍ਰਾਸਦ ਅੰਤ ਤਕ ਪੁੱਜਦੇ ਹਨ। ਨਾਇਕ-ਨਾਇਕਾ ਲਈ ਸੁਖਾਂਤ ਸਿਰਜਣ ਵਿਚ ਜਜ, ਜੱਜ ਦੀ ਵਹੁਟੀ, ਅਫ਼ਸਰ ਇੰਜ ਵਿਵਹਾਰ ਕਰਦੇ ਸਨ, ਜਿਵੇਂ ਉਹ ਸੁਭਾਗ ਜੋੜੀ ਨੂੰ ਅਸੀਸ ਦੇਣ ਆਏ ਹੋਣ। ਪ੍ਰਬੰਧਕੀ ਕਾਰਿੰਦਿਆਂ ਦਾ ਇਹ ਵਿਵਹਾਰ ਕੀ ਉਸ ਦੇ ਨਾਵਲ ਲਹੂ ਦੀ ਲੋਅ ਦੇ ਯਥਾਰਥ ਦੇ ਵਿਰੋਧ ਵਿਚ ਨਹੀਂ ? ਯਥਾਰਥ ਦੀ ਜਟਿਲਤਾ ਅਤੇ ਮਨਫ਼ੀ ਰਿਸ਼ਤੇ ਆਪਣੇ ਚਰਿਤਰ ਏਨੇ ਸਰਲ ਕਿਵੇਂ ਹੋ ਗਏ ? ਦਰਅਸਲ ਕੰਵਲ ਪਾਸ ਨਾ ਤਾਂ ਯਥਾਰਥ ਦਾ ਵਿਵੇਕ ਪ੍ਰਾਪਤ ਹੈ ਅਤੇ ਨਾ ਹੀ ਰਚਨਾਤਮਕ ਚਿੰਤਾ ਉਸ ਨੂੰ ਝੰਜੋੜਦੀ ਹੈ। ਸਿਧਾਂਤ ਪ੍ਰਤੀ ਪ੍ਰਤਿਬੰਧ ਜਾਪਦਾ ਲੇਖਕ ਵਿਸ਼ਵ ਦ੍ਰਿਸ਼ਟੀ ਨਾਲ ਜੁੜ ਕੇ ਵੀ ਇੰਨਾ ਅਨਭੋਲ ਕਿਵੇਂ ਹੋ ਜਾਂਦਾ ਹੈ ? ਸ਼ਾਇਦ ਅਜਿਹਾ ਉਦੋਂ ਹੁੰਦਾ ਹੈ, ਜਦੋਂ ਮੂਲ ਵਫ਼ਾਦਾਰੀ ਗੁਆਚਦੀ ਹੈ।

ਮਨੁੱਖਤਾ ਨਾਵਲ ਨੂੰ ਜਦੋਂ ਅਸੀਂ ਜਸਵੰਤ ਸਿੰਘ ਕੰਵਲ ਦੀ ਪੂਰੀ ਨਾਵਲ ਰਚਨਾ ਦੇ ਪ੍ਰਸੰਗ ਵਿਚ ਵਾਚਦੇ ਹਾਂ, ਤਾਂ ਸਪਸ਼ਟ ਹੀ ਸਾਨੂੰ ਬੋਧ ਹੋ ਜਾਂਦਾ ਹੈ ਕਿ ਉਸ ਦੇ ਸਾਰੇ ਨਾਵਲਾਂ ਦਾ ਇਕੋ ਹੀ ਪੈਰਾਡਾਇਮ ਹੈ, ਕੇਵਲ ਪ੍ਰਸੰਗ-ਵੇਰਵੇ ਬਦਲਦੇ ਰਹਿੰਦੇ ਹਨ।

ਮਿਸਾਲ ਵਜੋਂ ਹਾਣੀ ਦੀ ਪ੍ਰੀਤ-ਕਥਾ ਅਤੇ ਮਨੁੱਖਤਾ ਦੀ ਪ੍ਰੀਤ ਕਥਾ ਲਗ ਪਗ ਇਕੋ ਜਿਹੇ ਪ੍ਰਸੰਗਾਂ ਵਿਚ ਰੋਮਾਂਟਕ ਰੂਪ ਅਖ਼ਤਿਆਰ ਕਰਦੀ ਹੈ। ਪੱਥਰ ਜੁਗ ਨਾਲ ਸੰਬੰਧਤ ਲਿਖੇ ਨਾਵਲ ਜੰਗਲ ਦੇ ਸ਼ੇਰ ਵਿਚ ਵੀ ਕੇਂਦਰੀ ਬਿਰਤਾਂਤ ਪ੍ਰੀਤ-ਕਥਾ ਦਾ ਫੈਲਾਅ ਹੀ ਹੈ। ਪ੍ਰੀਤ-ਕਥਾਵਾਂ ਦੇ ਬਿਰਤਾਂਤ ਤੋਂ ਹੱਟ ਕੇ ਜਦ ਕੰਵਲ ਆਪਣੀ ਮਾਰਕਸ-ਵਾਦ ਦ੍ਰਿਸ਼ਟੀ ਨਾਲ ਜੁੜਨ ਦੀ ਚਿੰਤਾ ਕਰਦਾ ਹੈ, ਤਾਂ ਉਦੋਂ ਰਚਨਾ ਆਪਣੀ ਮੂਲ ਸਾਹਿਤਕਤਾ ਨਾਲੋਂ ਟੁੱਟੀ ਪ੍ਰਤੀਤ ਹੁੰਦੀ ਹੈ। ਮਨੁੱਖਤਾ ਨਾਵਲ ਵਿਚ ਕੁਲਵਿੰਦਰ ਦੇ ਬੋਲ ਰਚਨਾ ਦਾ ਅੰਗ ਨਹੀਂ ਸਗੋਂ ਰਚਨਾ ਤੋਂ ਬਾਹਰ ਪਏ ਭਾਸ਼ਣੀ ਸ਼ਬਦ ਹਨ। ਅਸਲ ਵਿਚ ਮਨੁੱਖਤਾ ਸਿਵਾਏ ਦੂਜੇ ਦਰਜੇ ਦੇ ਪਾਠਕਾਂ ਲਈ ਦਿਲਚਸਪੀ ਦੇ ਹੋਰ ਕਿਸੇ ਤਰ੍ਹਾਂ ਨਾਲ ਗੰਭੀਰ ਰਚਨਾ ਕਰਦਾ ਦਿਖਾਈ ਨਹੀਂ ਦੇਂਦਾ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਸਵੀਕਾਰ ਹੋ ਜਾਣ ਤੋਂ ਬਾਅਦ ਵੀ ਸਾਹਿਤ ਨੂੰ ਸਿਰਫ਼ ਸ਼ੁਗਲ ਸਮਝਣਾ ਬਦਦਿਆਨਤਦਾਰੀ ਹੈ। ਪਿਛਲੇ ਦਸਾਂ ਸਾਲਾਂ ਦੇ ਪੰਜਾਬੀ ਨਾਵਲ ਦੇ ਇਤਿਹਾਸ ਉਪਰ ਜੇ ਨਜ਼ਰ ਮਾਰੀਏ, ਤਾਂ ਕੁਝ ਕੁ ਜਾਣੇ-ਪਛਾਣੇ ਨਾਵਲਕਾਰ ਜਦੋਂ ਚਲਾਵੀਆਂ ਰਚਨਾਵਾਂ ਰਚ ਰਹੇ ਦੇਖੇ ਜਾ ਸਕਦੇ ਹਨ, ਤਾਂ ਦੋਸ਼ ਕਿਸ ਉਪਰ ਧਰੀਏ ?

ਅਮਰਜੀਤ ਕਾਂਗ □

---


## ਸਾਡੇ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ

| | |
|---|---|
| ਸੀਸ ਤਲੀ 'ਤੇ (ਨਾਟਕ) | 5,50 |
| ਗੀਤਾਂਜਲੀ ਦੇ ਗੀਤ (ਕਵਿਤਾ) | 15.00 |
| ਦਿੜ੍ਹੀਆਖ਼ਾਨਾ (ਕਹਾਣੀਆਂ) | 10.00 |
| ਘੱਟਾ ਘੱਟਾ ਦਰਦ (ਨਾਵਲ) | 10.00 |
| ਆਪਣੀ ਛਾਵੇਂ ਬੈਠਾ ਮਨੁੱਖ(ਗ਼ਜ਼ਲ) | 10.00 |
| ਵਿਲੱਖਣ ਪ੍ਰੀਤ (ਨਾਵਲ) | 10.00 |

### ਛਪ ਰਹੀਆਂ ਪੁਸਤਕਾਂ

| | |
|---|---|
| ਜੱਸਾ ਸਿੰਘ ਰਾਮਗੜ੍ਹੀਆ(ਇਤਿਹਾਸ) | 20.00 |
| ਜਿਸ ਤਨ ਲਾਗੇ (ਗ਼ਜ਼ਲ) | 10.00 |
| ਨਿਰੰਕਾਰੀ ਨੂਰ (ਨਿਬੰਧ) | 10.00 |
| ਭਰੇ ਪੀਤੇ (ਗ਼ਜ਼ਲ) | 15.00 |

ਨਵੀਆਂ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ।

□

ਮਿਲਣ ਦਾ ਪਤਾ :

ਲਿਟਰੇਚਰ ਹਾਊਸ 14, ਭਾਈ ਵੀਰ ਸਿੰਘ ਮਾਰਕੀਟ ਪੁਤਲੀਘਰ, ਅੰਮ੍ਰਿਤਸਰ

1. ਤੁਸੀਂ ਪੰਜਾਬੀ ਦੇ ਕਿਹੜੇ-ਕਿਹੜੇ ਸਾਹਿਤਕ ਪਰਚੇ ੜ੍ਹਦੇ ਹੋ। ਕਿਹੜਾ ਪਰਚਾ ਸਭ ਤੋਂ ਵੱਧ ਪਸਦ ਹੈ ਤੇ ਕਿਉਂ ? ਬਾਕੀਆਂ ਵਿਚ ਕੀ ਘਾਟਾਂ ਹਨ।

2. ਤੁਹਾਡੀ ਸੋਚ ਵਿਚ ਵਧੀਆ ਸਾਹਿਤਕ ਪੰਜਾਬੀ ਪਰਚੇ ਦਾ ਕੀ ਸੰਕਲਪ ਹੈ ?

## ਪਾ ਠ ਕੀ

---

ਪੰਜਾਬੀ ਵਿਚ ਹਾਲੇ ਤੱਕ ਦੋ ਤਿੰਨ ਪਰਚੇ ਹੀ ਚੰਗੇ ਹਨ, (ਸਾਹਿਤੱਕ ਪੱਖੋਂ) ਛੱਪਣ ਨੂੰ ਤਾਂ ਇਸ ਭਾਸ਼ਾ ਵਿਚ ਕਾਫ਼ੀ ਪਰਚੇ ਛਪਦੇ ਹਨ। ਮੈਂ ਨਾਗਮਣੀ ਦਾ ਪੱਕਾ ਗਾਹਕ ਹਾਂ ਤੇ ਹਰ ਮਹੀਨੇ ਉਸ ਨੂੰ ਪੜ੍ਹਦਾ ਹਾਂ। ਬਾਕੀ ਪਰਚੇ ਪ੍ਰੀਤ ਲੜੀ, ਆਰਸੀ, ਸਿਰਜਣਾ ਲਾਇਬ੍ਰੇਰੀ ਜਾ ਕੇ ਵੇਖ ਆਉਂਦਾ ਹਾਂ। ਆਮ ਆਦਮੀ ਆਪਣੀ ਪਸੰਦ ਦੇ ਸਾਰੇ ਪਰਚਿਆਂ ਨੂੰ ਖ਼ਰੀਦ ਕੇ ਵੀ ਨਹੀਂ ਪੜ੍ਹ ਸਕਦਾ। ਪੈਸੇ ਦੀ ਘਾਟ ਕਰਕੇ। ਮੇਰੀ ਸਾਹਿਤਕ ਰੁਚੀ ਹੈ। ਇਸ ਕਰਕੇ ਮੈਂ ਸਿਰਫ਼ ਸਾਹਿਤਕ ਪਰਚੇ ਹੀ ਪੜ੍ਹਦਾ ਹਾਂ, ਬਾਕੀ ਨਹੀਂ। ਬਾਕੀਆਂ ਵਿਚ ਅਕਸ ਅਤੇ ਹੋਰ ਪਰਚੇ ਆ ਜਾਂਦੇ ਹਨ, ਇਨ੍ਹਾਂ ਪਰਚਿਆਂ ਵਿਚ ਪਾਠਕ ਨੂੰ ਕੋਈ ਉਸਾਰੂ ਰੁਚੀ ਵਲ ਨਹੀਂ ਵਧਾਇਆ ਜਾਂਦਾ। ਸਿਰਫ਼ ਤੀਵੀਂਆਂ ਦੀਆਂ ਤਸਵੀਰਾਂ ਦਿੱਤੀਆਂ ਜਾਂਦੀਆਂ ਹਨ। ਕਈ ਵਾਰ ਤਾਂ ਬੇ-ਸ਼ਰਮ ਕਹਾਣੀਆਂ ਛਾਪੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਵਾਲੇ ਪਾਠਕ ਵੀ ਇਨ੍ਹਾਂ ਦੇ ਕਿਰਦਾਰਾਂ ਵਰਗੇ ਹੋ ਜਾਂਦੇ ਹਨ।

ਚੰਗੇ ਪਰਚੇ ਵਿਚ ਇਹ ਨੁਕਤੇ ਜ਼ਰੂਰ ਹੋਣੇ ਚਾਹੀਦੇ ਹਨ :– 1. ਜਿਹੜੇ ਲੇਖਕ ਸਥਾਪਿਤ ਹੋ ਚੁੱਕੇ ਹਨ, ਜਾਂ ਜਿਨ੍ਹਾਂ ਨੂੰ ਕੋਰਸਾਂ ਵਿਚ ਪੜ੍ਹਾਇਆ ਜਾਂਦਾ ਹੈ, ਉਨ੍ਹਾਂ ਬਾਰੇ ਜਾਣੂ ਕਰਵਾਇਆ ਜਾਵੇ। ਇਸ ਵਿਚ ਵਧੇਰੇ ਪਾਠਕਾਂ ਦੀ ਰੁਚੀ ਹੁੰਦੀ ਹੈ। 2. ਉਸਾਰੂ ਰੁਚੀਆਂ ਵਾਲੇ ਲੇਖ, ਕਹਾਣੀ, ਕਵਿਤਾ ਆਦਿ ਛਾਪੇ ਜਾਣ। 3. ਸਮੇਂ ਸਮੇਂ ਅਨੁਸਾਰ ਨਵੇਂ ਕਾਲਮ ਸ਼ੁਰੂ ਕੀਤੇ ਜਾਣ। 4. ਨਵੇਂ ਲੇਖਕਾਂ ਨੂੰ ਵੀ ਪਰਚੇ ਵਿਚ ਥਾਂ ਦਿੱਤੀ ਜਾਵੇ। 5. ਪਰਚੇ ਲਈ ਸਭ ਤੋਂ ਜ਼ਰੂਰੀ ਚੀਜ਼ ਇਹ ਹੈ ਕਿ ਇਸ ਵਿਚ ਛਪਾਈ ਵਲੋਂ ਕੋਈ ਘਾਟ ਨਾ ਹੋਵੇ, ਪਰੂਫ਼ ਰੀਡਿੰਗ ਆਦਿ ਦੀਆਂ ਗ਼ਲਤੀਆਂ ਨਹੀਂ ਹੋਣੀਆਂ ਚਾਹੀਦੀਆਂ। 6. ਪਰਚਾ ਸਾਦਾ ਹੋਣਾ ਚਾਹੀਦਾ ਹੈ।

– ਗੁਰਮਖ ਸਿੰਘ, ਸਟੈਨੋ ਪੰਚਾਇਤੀ ਰਾਜ ਡਾਇਰੈਕਟੋਰੇਟ ਪੰਜਾਬ, ਚੰਡੀਗੜ੍ਹ

1, ਸਿਰਜਣਾ, ਪ੍ਰੀਤ ਲੜੀ, ਨਾਗਮਣੀ, ਆਰਸੀ, ਲੋਅ –

ਪਰਚਿਆਂ ਵਿਚ ਤਾਂ ਉਹੋ ਕੁਝ ਛਪਣਾ ਹੈ, ਜਿਹੜਾ ਪੰਜਾਬੀ ਵਿਚ ਲਿਖਿਆ ਜਾ ਰਿਹਾ ਹੈ ਫਿਰ ਵੀ ਕਈ ਪਰਚੇ ਯਤਨ ਕਰਕੇ ਵਿਸ਼ੇਸ਼ ਪ੍ਰਕਾਰ ਦਾ ਮਸਾਲਾ ਦਿੰਦੇ ਹਨ, ਨਿਰੇ ਰਬ ਆਸਰੇ ਹੀ ਪਰਚੇ ਨੂੰ ਨਹੀਂ ਚਲਣ ਦੇਂਦੇ। ਇਸ ਪੱਖ ਤੋਂ ਸਿਰਜਣਾ ਤੇ ਨਾਗਮਣੀ ਵਿਸ਼ੇਸ਼ ਹਨ। ਸਿਰਜਣਾ ਵਿਚ ਜੋ ਛਪਦਾ ਹੈ, ਉਸਦਾ ਮਿਆਰ ਹੁੰਦਾ ਹੈ, ਵਿਸ਼ੇਸ਼ ਤੌਰ ਤੇ ਨਵੇਂ ਉਭਰਦੇ ਲੇਖਕ ਇਸ ਵਿਚ ਛਪਦੇ ਹਨ, ਜਿਨ੍ਹਾਂ ਦੀਆਂ ਲਿਖਤਾਂ ਬੜੀਆਂ ਸਾਰਥਕ ਹੁੰਦੀਆਂ ਹਨ। ਨਾਗਮਣੀ ਦੇ ਵਿਸ਼ੇਸ਼ ਅੰਕ ਚੰਗੇ ਹੁੰਦੇ ਹਨ। ਪ੍ਰੀਤ ਲੜੀ ਵਿਚ ਸਮਾਜਕ ਸਾਰਥਕਤਾ ਦੇ ਪੱਖ ਤੋਂ ਤਿੰਨ ਕੁ ਚੀਜ਼ਾਂ ਵਧੀਆ ਹੁੰਦੀਆਂ ਹਨ – 'ਮੇਰੀ ਧਰਤੀ' ਕੋਈ ਕਹਾਣੀ ਜਾਂ ਨਾਵਲ ਦਾ ਭਾਗ। ਆਰਸੀ ਤੇ ਲੋਅ ਵਸਰੋਂ ਰੱਬ ਆਸਰੇ ਹਨ। ਕਿਸੇ ਲੇਖਕ ਦੀ ਨਵੀਂ ਛਪੀ ਪੁਸਤਕ ਦੀ ਕੋਈ ਕਹਾਣੀ ਜਾਂ ਨਾਵਲ ਦਾ ਕਾਂਡ ਨਵੇਂ ਸਾਹਿਤ ਦਾ ਪਰੀਚੈ ਜ਼ਰੂਰ ਦਿੰਦਾ ਹੈ।

2, ਸਮੱਸਿਆ ਫਿਰ ਉਹੋ ਹੈ, ਕੇਵਲ ਰਸਾਲਾ ਹੀ ਵਧੀਆ ਸਾਹਿਤ ਪੈਦਾ ਨਹੀਂ ਕਰ ਸਕਦਾ। ਜਾਂ ਆਪਣੇ ਯਤਨ ਨਾਲ ਸਥਾਪਤ/ਅਣ-ਸਥਾਪਤ ਚੰਗੇ ਲੇਖਕਾਂ ਨੂੰ ਆਪਣੇ ਨਾਲ ਜੋੜਿਆ

ਜਾ ਸਕਦਾ ਹੈ, ਚੰਗਾ ਪਰਚਾ ਉਹੋ ਹੈ, ਜਿਹੜਾ ਨਾ ਕੇਵਲ ਪ੍ਰਤਿਨਿਧ ਸਾਹਿਤ — ਸਾਰੀਆਂ ਵੰਨਗੀਆਂ ਦਾ ਸਾਹਿਤ ਹੀ ਛਪਦਾ ਹੈ, ਸਗੋਂ ਪ੍ਰਭਾਵਕਾਰੀ ਵੀ ਹੁੰਦਾ ਹੈ। ਦ੍ਰਿਸ਼ਟੀ ਵਾਲੇ ਮਾਡਲ ਨੂੰ ਕਾਫ਼ੀ ਹੱਦ ਤਕ ਦਰੁਸਤ ਕਰਾਰ ਦਿਤਾ ਜਾ ਸਕਦਾ ਹੈ। ਚੰਗਾ ਪਰਚਾ ਵਿਚਾਰਧਾਰਕ ਸੇਧ ਲੈ ਕੇ ਚਲੇ; ਨਵੇਂ ਰਚੇ ਜਾ ਰਹੇ ਸਾਹਿਤ ਦੀ ਪ੍ਰਤਿਨਿਧ ਵੰਨਗੀ ਦੇਣ ਦਾ ਯਤਨ ਹੋਵੇ। ਪੰਜਾਬੀ ਤੋਂ ਇਲਾਵਾ ਹੋਰਨਾਂ ਬੋਲੀਆਂ ਦੇ ਸਾਹਿਤ — ਜਿਵੇਂ ਹਿੰਦੀ ਅੰਗਰੇਜ਼ੀ (ਇੰਗਲੈਂਡ ਆਦਿ ਦੇ ਨਵੇਂ ਝੁਕਾ) ਆਦਿ ਨਾਲ ਵੀ ਸਾਂਝ ਪੁਆਵੇ। ਪਰਚਾ ਖੱਸੀ ਨਹੀਂ ਬਣਨਾ ਚਾਹੀਦਾ। ਭਾਵ ਇਹ ਕਿ ਉਸਦਾ, ਕੋਈ ਵਿਸ਼ੇਸ਼ ਪਾਠਕ ਹੀ ਨਾ ਹੋਵੇ, ਪੰਜਾਬੀ ਦੇ ਬਹੁਤੇ ਪਰਚਿਆਂ ਦਾ ਇਹੀ ਹਾਲ ਹੈ ਕਿ ਉਹਨਾਂ ਦਾ ਵਿਸ਼ੇਸ਼ ਪਾਠਕ ਤੇ ਲੇਖਕ ਵਰਗ ਨਹੀਂ। ਇਕ ਵਰਗ (ਪਾਠਕਾਂ ਦਾ) ਅਜਿਹਾ ਹੋਵੇ, ਜਿਹੜਾ ਬੇਕਰਾਰੀ ਨਾਲ ਉਡੀਕ ਕਰੇ, ਉਂਜ ਆਮ ਲੋਕਾਂ ਨੇ ਤਾਂ ਭਲਾ ਪੜ੍ਹਨਾ ਹੀ ਹੋਇਆ। ਪਰਚੇ ਦੇ ਵਿਸ਼ੇਸ਼ ਅੰਕ ਜ਼ਰੂਰ ਕੱਢੇ ਜਾਣ।

— ਜਗਜੀਤ ਸਿੰਘ, ਰੀਸਰਚ ਫੈਲੋ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ

1. ਮੈਂ ਅੱਜ ਕੱਲ ਲਕੀਰ ਸੇਧ ਤੇ ਨਾਗਮਣੀ ਪੜ੍ਹਦਾ ਹਾਂ। ਮੈਨੂੰ ਇਹਨਾਂ ਵਿੱਚੋਂ ਸੇਧ ਸਭ ਤੋਂ ਵੱਧ ਪਸੰਦ ਹੈ, ਨਿੱਗਰ ਮੈਂਟਰ ਹੋਣ ਕਰਕੇ। ਲਕੀਰ ਵਿਚ ਸੈਮੀਨਾਰ ਤੋਂ ਬਿਨਾਂ ਨਿੱਗਰ ਲੇਖਾਂ ਦੀ ਘਾਟ ਹੁੰਦੀ ਹੈ। ਤੇ ਨਾਗਮਣੀ ਵਿਚ ਬਹੁਤੀਆਂ ਕਹਾਣੀਆਂ ਦਾ ਥੀਮ ਇੱਕੋ ਜੇਹਾ ਹੀ ਹੁੰਦਾ ਹੈ।

2. ਵਧੀਆ ਪਰਚਾ ਉਹ ਹੁੰਦਾ ਹੈ, ਜੋ ਲੋਕਾਂ ਦੀ ਗੱਲ ਕਰੇ ਤੇ ਉਹਨਾਂ ਨੂੰ ਸੇਧ ਦੇਵੇ। ਏਸ ਲਈ ਕਹਾਣੀਆਂ ਕਵਿਤਾਵਾਂ ਤੇ ਲੇਖਾਂ ਵਗੈਰਾ ਦੀ ਸਹੀ ਚੋਣ ਬਹੁਤ ਜ਼ਰੂਰੀ ਹੈ।

— ਹਰਜਿੰਦਰ ਸਿੰਘ (ਨਗਰ ਯੋਜਨਾਕਾਰ ਤੇ ਅਰਥ ਸ਼ਾਸਤਰੀ) ਲੁਧਿਆਣਾ

1. ਅੱਜਕਲ ਕੇਵਲ ਨਾਗਮਣੀ, ਲੋਅ ਅਤੇ ਅਕਸ ਪੜ੍ਹਦਾ ਹਾਂ। ਇਹਨਾਂ ਵਿਚੋਂ ਨਾਗਮਣੀ ਮੈਨੂੰ ਸਭ ਤੋਂ ਵਧ ਪਸੰਦ ਹੈ – ਇਸ ਦੀ ਸੁਚੱਜੀ ਸੰਪਾਦਕੀ ਅਤੇ ਨਿਗਰ ਮੈਟਰ ਕਰਕੇ। ਲੋਅ ਅਤੇ ਅਕਸ ਵਿਚ ਅੱਛੀਆਂ ਨਜ਼ਮਾਂ ਦੀ ਘਾਟ ਹੁੰਦੀ ਹੈ।

2. ਵਧੀਆ ਪਰਚੇ ਲਈ ਸਭ ਤੋਂ ਜ਼ਰੂਰੀ ਗੱਲ ਜੋ ਹੈ – ਉਹ ਹੈ ਉਸਦੇ ਸੰਪਾਦਕ ਦੀ ਸੂਝ। ਰਚਨਾਵਾਂ ਦੀ ਚੋਣ, ਉਹਨਾਂ ਦੀ ਸੈਟਿੰਗ ਸੂਝਵਾਨ ਸੰਪਾਦਕ ਦੀ ਮੰਗ ਕਰਦੀ ਹੈ। ਆਮ ਸਾਹਿਤਕ ਮੈਟਰ ਤੋਂ ਇਲਾਵਾ ਪਰਚੇ ਵਿਚ ਵੱਖ-ਵੱਖ ਵਿਸ਼ਿਆਂ ਬਾਰੇ ਤੇ ਦਿਲਚਸਪ ਫ਼ੀਚਰ ਹੋਣੇ ਬਹੁਤ ਜ਼ਰੂਰੀ ਹੈ ਅਤੇ ਇਹਨਾਂ ਦੀ ਇਸ ਵੇਲੇ ਛਪਦੇ ਪਰਚਿਆਂ ਵਿਚ ਬੜੀ ਘਾਟ ਹੈ।

ਦੇਵ ਭਾਰਦਵਾਜ (ਕਹਾਣੀਕਾਰ) ਚੰਡੀਗੜ੍ਹ

1. ਆਰਸੀ, ਨਾਗਮਣੀ, ਪ੍ਰੀਤ ਲੜੀ, ਸਿਰਜਣਾ, ਕੌਮੀ ਏਕਤਾ, ਕਿੰਤੂ, ਮਸ਼ਾਲ, ਵੰਗਾਰ, ਲਕੀਰ, ਜੀਵਨ ਸਾਂਝਾਂ, ਲੋਕ ਹੱਕ ਅਤੇ ਜਾਗ੍ਰਤੀ ਆਦਿ। ਭਾਵੇਂ ਕੋਈ ਵੀ ਬਿਲਕੁਲ ਵਧੀਆ ਜਾਂ ਘਟੀਆ ਸਾਹਿਤਕ ਪਰਚਾ ਨਹੀਂ ਹੁੰਦਾ, ਪਰ ਪੰਜਾਬੀ ਵਿਚ ਨਿਕਲਦੇ ਸਾਹਿਤਕ ਪੇਪਰਾਂ ਵਿਚੋਂ ਸਿਰਜਣਾ ਤੇ ਆਰਸੀ ਦੀ ਖ਼ਾਸ ਥਾਂ ਹੈ, ਜੋ ਬਾਕੀ ਸਾਹਿਤਕ ਪੇਪਰਾਂ ਨੇ ਅਜੇ ਮੱਲੀ ਨਹੀਂ। ਸਮੁਚੇ ਰੂਪ ਵਿਚ ਸਹਿਜ ਸੁਭਾਅ ਹੀ ਪਤਾ ਲੱਗਦਾ ਹੈ ਕਿ ਕੋਈ ਪਰਚਾ ਜਾਂ ਤਾਂ ਕਿਸੇ ਧਾਰਮਿਕ ਪੱਖ ਜਾਂ ਪਾਰਟੀ ਪੱਧਰ ਦੀ ਗੱਲ ਕਰਦਾ ਹੈ, ਜਾਂ ਪੁਰਾਣੀ ਤੁਰੀ ਆ ਰਹੀ ਲੀਹ ਨੂੰ ਉਸੇ ਰੂਪ ਵਿਚ ਬਰਕਰਾਰ ਰਖਦਾ ਹੈ। ਕਈ ਸਾਹਿਤਕ ਪਰਚੇ ਪ੍ਰਗਤੀਵਾਦੀ ਸਾਹਿਤ ਨਾਲ ਭਰਪੂਰ ਹਨ ਤੇ ਕਈ ਪਿਆਰ ਤੇ ਗ਼ਮਾਂ ਦੀਆਂ ਤਾਂਘਾਂ ਨਾਲ ਵਿਆਕੁਲ ਹੋਏ ਪਏ ਹਨ। ਕਈ ਇਤਨੇ ਡੂੰਘਾਈ ਵਿਚ ਉਤਰ ਜਾਂਦੇ ਹਨ ਕਿ ਆਮ ਪਾਠਕ ਦੇ ਪੱਲੇ ਕੱਖ ਨਹੀਂ ਪੈਂਦਾ, ਉਹ ਸਿਰਫ਼ ਲੇਖਕ/ਕਵੀ ਦੀ ਆਪਣੀ ਜ਼ਬਾਨ ਬਣ ਕੇ ਰਹਿ ਜਾਂਦੇ ਹਨ। ਨਵੇਂ ਉੱਭਰ ਰਹੇ ਸਾਹਿਤਕਾਰਾਂ ਲਈ ਕੋਈ ਠੋਸ ਕਦਮ ਨਹੀਂ ਚੁਕੇ ਜਾਂਦੇ, ਤੇ ਨਾ ਹੀ ਉਹਨਾਂ ਨੂੰ ਕਿਸੇ ਤਰੀਕੇ

ਰਾਹੀਂ ਉਤਸ਼ਾਹ ਮਿਲਦਾ ਹੈ। ਨਵਾਂ ਸਾਹਿਤ ਕੋਈ ਵੀ ਰੂਪ ਹੋਵੇ ਅਜੇ ਆਮ ਸਾਹਿਤਕ ਪਰਚਿਆਂ ਵਿਚ ਬਹੁਤ ਘਟ ਨਜ਼ਰ ਪੈਂਦਾ ਹੈ। ਸਾਹਿਤਕਾਰ ਦੀ ਗੱਲ ਲੋਕਾਂ ਤਕ ਪਹੁੰਚਾਉਣ ਦਾ ਯਤਨ ਕਿਸੇ ਵੀ ਢੰਗ ਨਾਲ ਜ਼ਰੂਰੀ ਹੈ। ਜਾਣਕਾਰੀ ਭਰਪੂਰ ਲੇਖ, ਨਵੀਆਂ ਕਵਿਤਾਵਾਂ ਤੇ ਕਹਾਣੀਆਂ ਕੁਝ ਰੌਚਕ ਵੀ ਜ਼ਰੂਰ ਚਾਹੀਦਾ ਹੈ। ਕਈਆਂ ਵਿਚ ਤਾਂ ਐਵੇਂ ਇਸ਼ਤਿਹਾਰਬਾਜ਼ੀ ਨਾਲ ਅੱਧਾ ਪਰਚਾ ਭਰਪੂਰ ਹੁੰਦਾ ਹੈ।

2. ਜਿਸ ਵਿਚ ਨਵੀਨ, ਵਧੀਆ (ਚੋਣਵੀਆਂ) ਪਰ ਠੋਸ, ਸਾਹਿਤ ਦੇ ਰੂਪਾਂ (ਕਵਿਤਾ, ਕਹਾਣੀ, ਲੇਖ, ਇਕਾਂਗੀ) ਤੋਂ ਇਲਾਵਾ ਸੰਸਾਰ-ਪੱਧਰ ਦਾ ਗਿਆਨ, ਰੌਚਕ ਗੱਲਾਂ ਅਤੇ ਕਿਸੇ ਚੰਗੇ ਸਾਹਿਤਕਾਰ ਨਾਲ ਮੁਲਾਕਾਤ ਜਾਂ ਜਾਣਕਾਰੀ ਦੇਣੀ ਹੀ ਪੰਜਾਬੀ ਸਾਹਿਤਕ ਪਰਚੇ ਦਾ ਫ਼ਰਜ਼ ਹੈ। ਨਵੇਂ ਸਾਹਿਤਕਾਰਾਂ ਨੂੰ ਤਰਜੀਹ ਦੇਣੀ ਅਤੇ ਸੰਬੰਧ ਕਾਇਮ ਕਰਕੇ ਵਧੀਆ ਸਾਹਿਤ ਲਈ ਉਤਸ਼ਾਹਤ ਕਰਨਾ। ਗੱਲ ਪਾਠਕਾਂ ਜਾਂ ਲੋਕਾਂ ਦੀ/ਲਈ ਹੋਵੇ, ਨਾ ਕਿ ਹਵਾ ਵਿਚ ਉਡਾਰੀਆਂ ਮਾਰੀਆਂ ਜਾਣ। ਪਰਚੇ ਦੀ ਦਿੱਖ ਚੰਗੀ ਹੋਵੇ। ਇਸ਼ਤਿਹਾਰਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ।

— ਕੁਲਦੀਪ ਸੱਦੀ (ਵਿਦਿਆਰਥੀ) ਚੰਡੀਗੜ੍ਹ

1. ਖ਼ਰੀਦ ਕੇ ਤੇ ਲਗਾਤਾਰ : ਸੇਧ, ਆਰਸੀ, ਨਾਗਮਣੀ, ਲੋਅ, ਅਕਸ, ਸਿਰਜਣਾ ਆਦਿ : ਕੋਸ਼ਿਸ਼ ਨਾਲ ਪ੍ਰਾਪਤ ਕਰਕੇ, ਪਰ ਲਗਾਤਾਰ ਨਹੀਂ : ਪ੍ਰੀਤ ਲੜੀ, ਸਚਿੱਤਰ ਕੌਮੀ ਏਕਤਾ ਅਤੇ ਹੋਰ ਜਿਹੜੇ ਵੀ ਐਧਰੋਂ-ਓਧਰੋਂ ਪ੍ਰਾਪਤ ਹੋ ਜਾਂਦੇ ਹਨ ਜਾਂ ਕੋਈ ਭੇਜ ਦਿੰਦਾ ਹੈ/ਦੇ ਜਾਂਦਾ ਹੈ।

ਸਭ ਤੋਂ ਵਧ ਪਸੰਦ : ਆਲੋਚਨਾਤਮਕ ਵਿਚੋਂ ਸੇਧ : ਉਸ ਦਾ ਇਕ ਆਪਣਾ ਖੇਤਰ ਹੈ ਅਤੇ ਉਹ ਕਿਸੇ ਹੱਦ ਤਕ ਇਕ ਮਿਆਰ ਨੂੰ ਕਾਇਮ ਰਖ ਕੇ ਜ਼ਿੰਮੇਵਾਰੀ ਨਿਭਾ ਰਿਹੈ। ਭਾਵੇਂ ਉਸ ਨੂੰ ਵੀ ਇਕ ਖ਼ਾਸ ਦਾਇਰੇ (ਲੇਖਕਾਂ) ਵਿਚੋਂ ਕੱਢ ਕੇ ਵਧ "ਲੋਕਾਂ" ਤਾਂਈਂ ਪਹੁੰਚਾਇਆ ਨਹੀਂ ਜਾ ਸਕਿਆ ਤੇ ਉਸ ਦੇ ਕੁਝ ਕਾਰਨ ਨੇ : ਕੁਝ ਪਰਚਾ ਕੱਢਣ ਵਾਲਿਆਂ ਜ਼ੁੰਮੇਂ ਤੇ ਕੁਝ ਸਾਡੇ ਬੁਧੀਜੀਵੀਆਂ/ਲੇਖਕਾਂ ਤੇ ਪਾਠਕਾਂ ਜ਼ੁੰਮੇਂ।

ਆਰਸੀ : ਸਾਹਿਤਕ ਤੌਰ ਤੇ ਦੂਜਿਆਂ ਦੇ ਮੁਕਾਬਲੇ ਚੰਗਾ। ਨਾਗਮਣੀ ਵਿਚ ਸੰਪਾਦਕਾਂ ਲੇਖਕਾਂ ਦੇ ਨਿੱਜ ਨੂੰ ਜ਼ਿਆਦਾ ਪਹਿਲ ਦਿਤੀ ਜਾਂਦੀ ਹੈ, ਆਮ ਲੋਕਾਂ ਦੇ ਨਿੱਜੀ ਹਿਤਾਂ ਦੇ ਮੁਕਾਬਲੇ। ਅਕਸ ਨੂੰ ਪਾਠਕਾਂ ਦੇ ਹਿੱਤਾਂ ਵਲ ਧਿਆਨ ਦੇਣ ਦੇ ਨਾਲ ਕੁਝ ਆਰਥਿਕ ਮਜਬੂਰੀਆਂ (ਇੱਛਾਵਾਂ) ਪੇਸ਼ ਜਾਪਦੀਆਂ ਨੇ।

2. ਵਧੀਆ ਪੰਜਾਬੀ ਪਰਚੇ ਦੇ ਸੰਕਲਪ ਬਾਰੇ ਗੱਲ ਕਰਨ ਦੇ ਨਾਲ ਹੀ ਕੁਝ ਸੁਆਲ ਪੈਦਾ ਹੁੰਦੇ ਹਨ। ਜਿਨ੍ਹਾਂ ਵਿਚੋਂ ਇਕ ਇਹ ਵੀ ਹੈ ਕਿ ਅਸੀਂ ਹਰ ਪਰਚੇ ਦਾ 'ਖੇਤਰ' ਤੈਅ ਕਰਨਾ ਹੈ — ਭਾਵ ਉਹ ਸਾਹਿਤਕ ਹੈ; ਸਭਿਆਚਾਰਕ, ਆਲੋਚਨਾਤਮਕ – ਨਿਰੋਲ ਰਾਜਸੀ ਜਾਂ ਕਲਾ (ਫ਼ਾਈਨ ਆਰਟ ਆਦਿ) ਨਾਲ ਸੰਬੰਧਤ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਹੈ ਕਿ ਇਹ ਸਾਰੇ ਖੇਤਰ/'ਵਾਦ' ਇਕ ਦੂਜੇ ਨਾਲ ਗੂੜ੍ਹੀ ਤਰ੍ਹਾਂ ਸੰਬੰਧਤ ਹਨ ਨਿਰੋਲ ਇਕ ਲਈ ਕਢਿਆ ਪਰਚਾ ਨਾ ਤਾਂ ਸਫ਼ਲ ਹੀ ਹੋ ਸਕਦੇ ਆਰਥਿਕ/ਪਾਠਕਾਂ ਦੇ ਪੱਖ ਤੋਂ ਤੇ ਨਾ ਹੀ ਇਹ ਬਹੁਤ ਸੰਭਵ ਹੈ। ਹੁਣ ਤਕ ਪ੍ਰਾਪਤ ਛਪ ਰਹੇ ਪੰਜਾਬੀ ਪਰਚਿਆਂ ਵਿਚੋਂ ਕੁਝ ਇਕ ਹੀ ਹਨ, ਜੋ ਸਾਰੇ ਖੇਤਰਾਂ ਦੀ ਭੁੱਖ ਕਿਸੇ ਹਦ ਤਕ ਪੂਰੀ ਕਰਦੇ ਹਨ। ਜ਼ਰੂਰਤ ਅਜਿਹੇ ਦੀ ਹੈ ਜੋ ਉਸਾਰੂ ਸਾਹਿਤਕ ਕਿਰਤਾਂ ਦੇਵੇ ਤੇ ਰਾਜਸੀ/ਸਮਾਜਿਕ ਲਹਿਰਾਂ ਤੇ ਜ਼ਰੂਰਤਾਂ ਤੋਂ ਸੁਚੇਤ ਹੁੰਦਾ ਹੋਇਆ ਇਕ ਨਿਯਮਤ ਸੇਧ ਦੇਵੇ।

— ਦਲਜੀਤ ਸਰਾਂ (ਪੱਤ੍ਰਕਾਰ) ਚੰਡੀਗੜ੍ਹ

1. ਨਾਗਮਣੀ ਪੜ੍ਹਦਾਂ ਤੇ ਕਦੀ ਕਦੀ ਲੋਅ ਪ੍ਰੀਤ ਲੜੀ ਤੇ ਆਰਸੀ ਨਾਗਮਣੀ ਪਸੰਦ ਕਰਦਾਂ ਹਾਂ ਉਸ ਵਿੱਚ ਇਕਸਾਰਤਾ ਹੈ। ਉਹ ਨਵੀਂ ਸੋਚ ਨਾਲ ਜੁੜੀ ਹੋਈ ਹੈ। ਉਸ ਵਿੱਚ ਸਿਰਜਣਤਾ ਦੀ ਭਾਵਨਾ ਹੈ। ਦੂਸਰੇ ਪਰਚੇ ਕਦੀ ਕਦੀ ਮਿੱਟੀ ਦੀ ਗਲ ਤਾਂ ਕਰਦੇ ਹਨ, ਪਰ ਕਿਸ ਪੱਖੋਂ ਦੇਖਣਾ ਤੇ ਲੈਣਾ ਹੈ ਨਹੀਂ ਪਤਾ। ਬਾਹਰਲੇ ਵਾਤਾਵਰਣ ਤੋਂ ਟੁਟ ਕੇ ਗੱਲ ਕਰਦੇ ਹਨ। ਗੱਲ ਮਿਹਨਤ ਦੀ ਲੜੀ ਵਿੱਚੋਂ ਨਹੀਂ ਨਿਕਲਦੀ। ਨਵਾਂ ਕੁਝ ਵੀ ਨਹੀਂ ਹੁੰਦਾ, ਜੋ ਪੜ੍ਹਨ ਲਈ ਮਜਬੂਰ ਕਰੇ। ਸਭਿਆਚਾਰਕ, ਸਾਹਿਤਕ ਪੱਖੋਂ ਵਾਂਝੇ ਜਾਪਦੇ ਹਨ।

2. ਸਾਹਿਤਕ ਪੱਖੋਂ ਕਈ ਭਾਸ਼ਾਵਾਂ ਦੇ ਪਰਚਿਆਂ ਨੇ ਜ਼ਰਾ ਪੁਰਾਣੀਆਂ ਲੀਹਾਂ ਤੇ ਹਟ ਕੇ ਆਪਣੇ ਆਪ ਨੂੰ ਅੰਤਰ ਰਾਸ਼ਟਰੀ ਸੋਚਣੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਜਦ ਦੂਸਰੀਆਂ ਚੀਜ਼ਾਂ ਲਈ ਹੱਦਾਂ ਪਾਰ ਕਰ ਰਹੇ ਹਾਂ– ਇਸ ਲਈ ਕਿਉਂ ਨਹੀਂ ਕਰਦੇ ? ਇਸ ਤਰ੍ਹਾਂ ਆਪਣੀਆਂ ਜੜ੍ਹਾਂ ਕਾਇਮ ਰਖਦੇ, ਸਭਿਆਚਾਰਕ ਅਤੇ ਸਾਹਿਤਕ ਪੱਖੋਂ ਰੋਲ ਅਦਾ ਕਰਨ ਵਾਲੇ ਪੰਜਾਬੀ ਪਰਚੇ ਚਾਹੀਦੇ ਹਨ।

– ਮਲਕੀਤ ਸਿੰਘ (ਚਿੱਤ੍ਰਕਾਰ) ਚੰਗੀਗੜ੍ਹ □

ਫ਼ਿਲਮ

## ਲੋਕਾਂ ਨੂੰ ਕੁਰਾਹੇ ਪਾਉਣ ਦਾ 'ਜਨੂਨ'

ਪਿਛਲੇ ਕੁਝ ਸਾਲਾਂ ਵਿਚ ਜਿਨ੍ਹਾਂ ਨਵੇਂ ਫ਼ਿਲਮਕਾਰਾਂ ਨੇ ਦਰਸ਼ਕਾਂ ਦਾ ਧਿਆਨ ਤੇਜ਼ੀ ਨਾਲ ਆਪਣੀ ਵਲ ਖਿੱਚਿਆ, ਉਨ੍ਹਾਂ ਵਿਚ ਸ਼ਿਆਮ ਬੈਨੇਗਲ ਦਾ ਨਾਂ ਪ੍ਰਮੁੱਖ ਹੈ : ਅੰਕੁਰ ਤੋਂ ਪਹਿਲਾਂ ਲੰਮੇ ਅਰਸੇ ਤਕ ਬੇਨੇਗਲ ਇਸ਼ਤਿਹਾਰੀ-ਫ਼ਿਲਮਾਂ ਬਣਾਉਂਦਾ ਹੁੰਦਾ ਸੀ ਪਰ ਪ੍ਰਤਿਭਾਵਾਨ ਨਿਰਦੇਸ਼ਕ ਦੇ ਰੂਪ ਵਿਚ ਉਹਦੀ ਵਾਕਫ਼ੀਅਤ ਦਰਸ਼ਕਾਂ ਨਾਲ ਅੰਕੁਰ ਦੇ ਨਾਲ ਹੀ ਹੋਈ। ਉਹ ਇਜੇਹੇ ਨਿਰਦੇਸ਼ਕ ਦੇ ਤੌਰ ਉੱਤੇ ਜਾਣਿਆ ਜਾਂਦਾ ਹੈ, ਜਿਹਨੂੰ ਆਪਣੇ ਮਾਧਿਅਮ ਦੀ ਡੂੰਘੀ ਤਕਨੀਕੀ ਸਮਝ ਤਾਂ ਹੈ ਹੀ, ਨਾਲ ਹੀ ਜਿਹਦੇ ਕੋਲ ਰਾਜ-ਨੀਤਕ ਸੂਝ ਵੀ ਹੈ।

ਅੰਕੁਰ, ਨਿਸ਼ਾਂਤ, ਮੰਥਨ ਤੇ ਭੂਮਿਕਾ ਮਗਰੋਂ ਸ਼ਿਆਮ ਬੇਨੇਗਲ ਨੇ 1857 ਦੇ 'ਸਿਆਹੀ ਵਿਦਰੋਹ'ਦੀ ਜ਼ਮੀਨ ਨੂੰ ਲੈ ਕੇ ਲਿਖੇ ਰਸਕਿਨ ਬਾਂਡ ਦੇ ਅੰਗਰੇਜ਼ੀ ਨਾਵਲ ਏ ਫ਼ਲਾਈਟ ਆਵ ਪਿਜਨਜ਼ (ਕਬੂਤਰਾਂ ਦੀ ਉਡਾਰੀ) ਦੇ ਆਧਾਰ ਉੱਤੇ ਆਪਣੀ ਨਵੀਨਤਮ ਫ਼ਿਲਮ ਜਨੂਨ ਬਣਾਈ ਹੈ, ਜਿਹਦਾ ਨਿਰਮਾਤਾ ਸ਼ਸ਼ੀਕਪੂਰ ਹੈ। ਪਟਕਥਾ (ਸਕ੍ਰੀਨ ਪਲੇਅ) ਬੇਨੇਗਲ ਨੇ ਲਿਖੀ ਹੈ ਤੇ ਇਸ ਫ਼ਿਲਮ ਨੂੰ ਤਿੰਨ ਕੌਮੀ ਇਨਾਮ ਮਿਲ ਚੁੱਕੇ ਹਨ।

1857 ਦੀਆਂ ਘਟਨਾਵਾਂ 'ਗ਼ਦਰ' ਸਨ ਜਾਂ 'ਹਿੰਦੁਸਤਾਨ ਦੀ ਪਹਿਲੀ ਜੰਗਿ-ਆਜ਼ਾਦੀ' — ਇਹ ਸਵਾਲ ਹੁਣ ਇੰਨਾ ਲੱਚਰ ਤੇ ਅਪ੍ਰਾਸੰਗਿਕ ਹੋ ਚੁੱਕਾ ਹੈ ਕਿ ਅੰਗਰੇਜ਼ੀ ਮਾਧਿਅਮ ਵਾਲੇ ਕਾਨਵੈਂਟ ਸਕੂਲਾਂ-ਕਾਲਜਾਂ ਵਿਚ ਵੀ ਨਹੀਂ ਪੁੱਛਿਆ ਜਾਂਦਾ। ਪਰ ਜਨੂਨ ਦੇਖਣ ਮਗਰੋਂ ਇਹ ਮੰਨਣਾ ਹੀ ਪੈਂਦਾ ਹੈ ਕਿ ਜਿਨ੍ਹਾਂ ਅੰਗਰੇਜ਼ ਹੁਕਮਰਾਨਾਂ ਨੇ 200 ਸਾਲਾਂ ਤਕ ਹਿੰਦੁਸਤਾਨ ਉੱਤੇ ਕਬਜ਼ਾ ਕਰੀ ਰਖਿਆ ਤੇ ਜਿਨ੍ਹਾਂ ਨੂੰ ਮਜਬੂਰਨ 'ਸੋਨੇ ਦੀ ਚਿੜੀ' ਛਡਣੀ ਪਈ, ਉਨ੍ਹਾਂ ਦੇ ਨੁਮਾਇੰਦੇ ਹਾਲੇ ਵੀ ਇਸ ਦੇਸ ਵਿਚ ਮੌਜੂਦ ਹਨ ਤੇ ਬੜੀ ਚਾਲਾਕੀ ਨਾਲ ਜਨਤਾ ਨੂੰ ਕੁਰਾਹੇ ਪਾਉਣ ਦੀਆਂ ਕੋਸ਼ਿਸ਼ਾਂ ਵਿਚ ਲੀਨ

ਹਨ ।

ਫ਼ਿਲਮ ਦੀ ਕਹਾਣੀ ਰੋਹਿਲਖੰਡ ਦੇ ਕਿਸੇ ਕਸਬੇ ਵਿਚ ਮਈ 1857 ਦੀਆਂ ਘਟਨਾਵਾਂ ਚਿਤਰਦੀ ਹੈ । ਪਰ ਅੰਗਰੇਜ਼ ਅਫ਼ਸਰ ਲਬਾਦੂਰ — ਜਿਹਦੇ ਪਰਿਵਾਰ ਦੇ ਆਲੇ-ਦੁਆਲੇ ਫ਼ਿਲਮ ਘੁੰਮਦੀ ਹੈ – ਬੇ-ਫ਼ਿਕਰ ਹੈ ਕਿ ਕਸਬੇ ਦੇ ਸਿਪਾਹੀ ਬਗ਼ਾਵਤ ਨਹੀਂ ਕਰਨਗੇ । ਐਤਵਾਰ ਦੇ ਦਿਨ ਜਦ ਲਬਾਦੂਰ ਆਪਣੀ ਸੁਹਣੀ ਧੀ ਰੂਥ ਨਾਲ ਗਿਰਜੇ ਵਿਚ ਅਰਦਾਸ ਕਰ ਰਿਹਾ ਹੁੰਦਾ ਹੈ, ਕਸਬੇ ਵਿਚ ਬਗ਼ਾਵਤ ਭੜਕ ਪੈਂਦੀ ਹੈ ਤੇ ਬਾਗ਼ੀ ਗਿਰਜੇ ਵਿਚ ਵੜ ਕੇ ਮਾਰਧਾੜ ਸ਼ੁਰੂ ਕਰ ਦਿੰਦੇ ਹਨ । ਲਬਾਦੂਰ ਤੇ ਹੋਰ ਅੰਗਰੇਜ਼ ਮਾਰੇ ਜਾਂਦੇ ਹਨ । ਲਬਾਦੂਰ ਦੀ ਪਤਨੀ, ਉਹਦੀ ਮਾਂ ਤੇ ਧੀ ਬਚ ਜਾਂਦੀਆਂ ਹਨ, ਜਿਨ੍ਹਾਂ ਨੂੰ ਕਸਬੇ ਦਾ ਸ਼ਾਹੂਕਾਰ ਰਾਮਜੀ ਮੱਲ ਆਪਣੇ ਘਰ ਪਨਾਹ ਦਿੰਦਾ ਹੈ । ਪਰ ਕਸਬੇ ਦੇ ਜ਼ਿਮੀਦਾਰ ਜਾਵੇਦ ਖ਼ਾਂ ਦੀ ਨਜ਼ਰ ਬੜੇ ਚਿਰ ਤੋਂ ਰੂਥ ਉੱਤੇ ਹੈ । ਬਕੌਲ ਜਾਵੇਦ, ਉਹ ਕੁੜੀ ਉਹਦੇ ਦਿਲੋ-ਦਿਮਾਗ਼ ਉੱਤੇ ਛਾਈ ਹੋਈ ਹੈ । ਜਾਵੇਦ ਦੀਆਂ ਧਮਕੀਆਂ ਤੇ ਤਰਲਿਆਂ ਦੇ ਬਾਵਜੂਦ ਰੂਥ ਦੀ ਮਾਂ ਅਤਿਅੰਤ ਦ੍ਰਿੜ੍ਹਤਾ ਨਾਲ ਉਹਦੀਆਂ ਤਜਵੀਜ਼ਾਂ ਠੁਕਰਾ ਦਿੰਦੀ ਹੈ ।

ਉਧਰ ਬਗ਼ਾਵਤ ਦੀ ਅੱਗ ਫੈਲ ਰਹੀ ਹੈ, ਜਿਹਦੀ ਅਗਵਾਈ ਕਸਬੇ ਵਿਚ ਜਾਵੇਦ ਦਾ ਨਜ਼ਦੀਕੀ ਰਿਸ਼ਤੇਦਾਰ ਸਰਫ਼ਰਾਜ਼ ਕਰ ਰਿਹਾ ਹੈ ਤੇ ਜਾਵੇਦ ਆਪਣੀ ਪਤਨੀ ਦੇ ਵਿਰੋਧ, ਚਾਚੀ ਦੀਆਂ ਮੱਤਾਂ ਤੇ ਸਰਫ਼ਰਾਜ਼ ਦੀਆਂ ਤਿੱਖੀਆਂ ਤੇ ਜੋਸ਼ੀਲੀਆਂ ਗੱਲਾਂ ਤੋਂ ਅਣਭਿੱਜ ਆਪਣੀਆਂ ਜਨੂਨੀ ਕੋਸ਼ਿਸ਼ਾਂ ਜਾਰੀ ਰਖਦਾ ਹੈ । ਆਖ਼ਰ ਇਹ ਤੈਅ ਹੁੰਦਾ ਹੈ ਕਿ ਜੇ ਦਿੱਲੀ ਉੱਤੇ ਬਾਗ਼ੀਆਂ ਦਾ ਕਬਜ਼ਾ ਹੋ ਗਿਆ, ਤਾਂ ਰੂਥ ਜਾਵੇਦ ਦੀ ਹੋ ਜਾਏਗੀ ਤੇ ਜੇ ਨਾ ਹੋਇਆ ਜਾਵੇਦ ਰੂਥ ਦਾ ਪਿੱਛਾ ਛਡ ਦੇਵੇਗਾ । ਦਿੱਲੀ ਬਾਗ਼ੀਆਂ ਦੇ ਹੱਥੋਂ ਨਿਕਲ ਜਾਂਦੀ ਹੈ, ਪਰ ਤਾਂ ਵੀ ਜਾਵੇਦ ਰੂਥ ਦਾ ਪਿੱਛਾ ਨਹੀਂ ਛਡਦਾ । ਤੇ ਅੰਤ ਵਿਚ ਵੀ ਉਹ ਸਰਫ਼ਰਾਜ਼ ਨਾਲ ਮਹਿਜ਼ ਇਸ ਲਈ ਫ਼ਰੰਗੀਆਂ ਨਾਲ ਲੜਨ ਜਾਂਦਾ ਹੈ ਕਿ ਜੇ ਰੋਹਿਲ ਖੰਡ ਉਹ ਅੰਗਰੇਜ਼ਾਂ ਦਾ ਮੁਕਾਬਲਾ ਕਰ ਸਕੇ, ਤਾਂ ਸ਼ਾਇਦ ਰੂਥ ਨੂੰ ਹਾਸਲ ਕਰਨਾ ਉਨਾ ਔਖਾ ਨਾ ਹੋਵੇ । ਪਰ ਇਹ ਕੋਸ਼ਿਸ਼ ਵੀ ਅਸਫਲ ਹੋ ਜਾਂਦੀ ਹੈ । ਆਖ਼ਰੀ ਦ੍ਰਿਸ਼ਾਂ ਵਿਚ — ਜਦ ਹਾਲਾਤ ਬਾਗ਼ੀਆਂ ਦੇ ਉਲਟ ਜਾ ਰਹੇ ਹੁੰਦੇ ਹਨ, ਸਰਫ਼ਰਾਜ਼ ਜੰਗ ਵਿਚ ਮਾਰਿਆ ਜਾ ਚੁੱਕਾ ਹੁੰਦਾ ਹੈ ਤੇ ਫ਼ਰੰਗੀ ਪਲਟਣ ਕਸਬੇ ਵਲ ਵਧ ਰਹੀ ਹੁੰਦੀ ਹੈ । ਜਾਵੇਦ ਇਕੱਲਾ ਹੀ ਕਸਬੇ ਵਲ ਪਰਤਦਾ ਹੈ ।

ਫ਼ਰੰਗੀਆਂ ਦੇ ਆਉਣ ਦੇ ਡਰ ਕਾਰਣ ਲੋਕ ਕਸਬਾ ਛਡ ਕੇ ਜਾ ਰਹੇ ਹਨ ਤੇ ਜਾਵੇਦ ਆਪਣੀ ਤੇ ਪਰੀ ਬੇਗ਼ਮ ਦੀਆਂ ਹਵੇਲੀਆਂ ਨੂੰ ਸੁੰਞਿਆਂ ਦੇਖ ਭੱਜੇ ਜਾਂਦੇ ਲੋਕਾਂ ਵਿਚ ਆਪਣੇ ਪਰਿਵਾਰ ਨੂੰ ਲਭਦਾ ਹੈ । ਆਖ਼ਰ ਉਹਦੀ ਬੀਵੀ ਉਹਨੂੰ ਦੇਖ ਕੇ ਉਹਨੂੰ ਹਾਕ ਮਾਰਦੀ ਹੈ । ਪਰ ਜਾਵੇਦ ਨੂੰ ਆਪਣੇ ਪਰਿ-ਵਾਰ ਦੀ ਹਿਫ਼ਾਜ਼ਤ ਦਾ ਫ਼ਿਕਰ ਨਹੀਂ, ਉਹਨੂੰ ਸਿਰਫ਼ ਰੂਥ ਤੇ ਉਹਦੀ ਮਾਂ ਦਾ ਹੀ ਫ਼ਿਕਰ ਹੈ । ਉਹ ਇਨ੍ਹਾਂ ਦੋਹਵਾਂ ਨੂੰ ਗਿਰਜੇ ਵਿਚ ਜਾ ਲਭਦਾ ਹੈ ਤੇ ਫੇਰ ਰੂਥ ਦੀ ਮਾਂ ਉੱਤੇ ਜ਼ੋਰ ਪਾਉਂਦਾ ਹੈ ਕਿ ਉਹ ਰੂਥ ਨੂੰ ਉਹਦੇ ਲੜ ਲਾ ਦੇਵੇ । ਪਰ ਉਹ ਟੱਸ ਤੋਂ ਮੱਸ ਨਹੀਂ ਹੁੰਦੀ । ਉਹ ਜਾਵੇਦ ਨੂੰ ਰੂਥ ਦੀ ਚਿੰਤਾ ਛਡ ਕੇ ਜਾਨ ਬਚਾਉਣ ਲਈ ਕਹਿੰਦਾ ਹੈ । ਹੱਤਾਸ਼, ਅਸਫਲ ਤੇ ਨਾਰਾਜ਼ ਜਾਵੇਦ ਮੁੜਦਾ ਹੈ ਕਿ ਰੂਥ ਆਪਣੀ ਮਾਂ ਨੂੰ ਹੈਰਾਨ ਛਡ ਕੇ ਜਾਵੇਦ ਨੂੰ ਆਵਾਜ਼ ਦਿੰਦੀ ਉਹਦੇ ਪਿੱਛੇ ਨੱਠੀ ਆਉਂਦੀ ਹੈ । ਜਾਵੇਦ ਭਉਂ ਕੇ ਕੁਝ ਪਲ ਉਹਨੂੰ ਸੱਖਣੀਆਂ ਨਿਗਾਹਾਂ ਨਾਲ ਦੇਖਦਾ ਹੈ ਤੇ ਫੇਰ ਘੋੜੇ ਉੱਤੇ ਸਵਾਰ ਹੋ ਕੇ ਰੂਥ ਤੇ ਉਹਦੀ ਮਾਂ ਨੂੰ ਓਥੇ ਹੀ ਛਡ ਕੇ ਚਲੇ ਜਾਂਦਾ ਹੈ । ਅੰਤ ਵਿਚ ਦਰਸ਼ਕ ਪਰਦੇ ਉੱਤੇ ਇਹ ਪੜ੍ਹਦੇ ਹਨ – ਦਿਸ ਕੇ ਬਾਅਦ ਜਾਵੇਦ ਫ਼ਰੰਗੀਓਂ ਸੇ ਲੜਤੇ ਹੂਏ ਸ਼ਹੀਦ ਹੋ ਗਿਆ ਔਰ ਰੂਥ ਵਾਪਸ ਇੰਗਲੈਂਡ ਚਲੀ ਗਈ, ਜਹਾਂ ਵਹ 55 ਵਰਸ਼ ਬਾਅਦ ਦਿਵੰਗਤ ਹੂਈ । ਅਵਿਵਾਹਤ ।

ਇੰਜ ਅਤਿਅੰਤ ਰੁਮਾਨੀ ਕਹਾਣੀ, ਆਹਲਾ ਫ਼ੋਟੋਗਰਾਫ਼ੀ ਤੇ ਅਦਾਕਾਰਾਂ ਦੀ ਪ੍ਰਤਿਭਾ ਦੀ

ਦੀ ਵਰਤੋਂ ਬੇਨੇਗਲ ਮਹਿਜ਼ ਇਹ ਗੱਲ ਸਾਬਤ ਕਰਨ ਲਈ ਕਰਦਾ ਹੈ ਕਿ ਸਿਪਾਹੀਆਂ ਦੀ ਬਗ਼ਾਵਤ ਕੁਲ ਮਿਲਾ ਕੇ ਓਹੋ ਜਿਹਾ ਹੀ ਜਨੂਨ ਸੀ, ਜਿਹੋ ਜਿਹਾ ਰੂਥ ਨੂੰ ਲੈ ਕੇ ਜਾਵੇਦ ਉੱਤੇ ਸਵਾਰ ਸੀ। ਅਤੇ ਇੰਜ ਉਹਨੇ ਕੌਮੀ ਆਜ਼ਾਦੀ ਲਈ ਕੀਤੀ ਹਿੰਦੁਸਤਾਨੀਆਂ ਦੀ ਕੋਸ਼ਿਸ਼ ਨੂੰ ਬੜੇ ਤਰੀਕੇ ਨਾਲ ਇਕ ਤੀਵੀਂ ਨੂੰ ਹਾਸਲ ਕਰਨ ਲਈ ਜਾਵੇਦ ਦੀ ਕੋਸ਼ਿਸ਼ ਨਾਲ ਮਿਲਾ ਦਿੱਤਾ ਹੈ। ਧਰਤੀ ਤੇ ਔਰਤ ਦੇ ਪ੍ਰਤੀਕ ਰਲਗੱਡ ਕਰ ਦਿੱਤੇ ਗਏ ਹਨ। ਦੋਹਵੇਂ ਹੀ ਜਿੱਤਣ ਤੇ ਭੋਗਣ ਯੋਗ ਚੀਜ਼ਾਂ ਬਣ ਕੇ ਰਹਿ ਗਈਆਂ ਹਨ। ਇਹਦੇ ਨਾਲ ਹੀ ਜਦ ਅਸੀਂ ਦੇਖਦੇ ਹਾਂ ਕਿ ਆਪਣੀ ਹਿਰਾਸਤ ਦੌਰਾਨ ਰੂਥ ਦੇ ਦਿਲ ਵਿਚ ਆਪਣੇ ਜਾਬਰ ਜਾਵੇਦ ਤਾਈਂ ਲਗਾਉ ਦਾ ਅੰਕੁਰ ਫੁਟ ਰਿਹਾ ਹੈ, ਜੋ ਅੰਤਮ ਦ੍ਰਿਸ਼ ਵਿਚ ਜਾ ਕੇ ਪਰਗਟ ਹੁੰਦਾ ਹੈ, ਤਾਂ ਇਹ ਵੀ ਲਗਦਾ ਹੈ ਕਿ ਫ਼ਿਲਮਕਾਰ ਦਾ ਮੰਤਵ ਦਰਸ਼ਕਾਂ ਨੂੰ ਇਹ ਸਮਝਾਉਣਾ ਹੈ ਕਿ ਰੂਥ ਵਾਂਗ ਹੀ ਅਸਲ ਵਿਚ ਹਿੰਦੁਸਤਨੀ ਲੋਕਾਂ ਦਾ ਆਪਣੇ ਜਾਬਰ ਫ਼ਰੰਗੀਆਂ ਨਾਲ ਲਗਾਉ ਸੀ, ਤਾਂ ਉਨ੍ਹਾਂ ਦੇ ਪੰਜਿਆਂ ਤੋਂ ਮੁਕਤ ਹੋਣ ਦੀ ਉਨ੍ਹਾਂ ਦੀ ਕੋਸ਼ਿਸ਼ ਨਿਰਾ ਜਨੂਨ ਸੀ। ਇਸ ਵਿਚਾਰ ਨੂੰ ਉਤਾਰਨ ਲਈ ਜਿਨ੍ਹਾਂ, ਦੋ ਪਾਤਰਾਂ ਨੂੰ ਇਹ ਫ਼ਿਲਮ ਸਾਹਮਣੇ ਰਖਦੀ ਹੈ ਉਹ ਹਨ — ਸਰਫ਼ਰਾਜ਼ ਤੇ ਜਾਵੇਦ। ਸਰਫ਼ਰਾਜ਼ਦੀ ਸਾਰੀ ਨਫ਼ਰਤ ਤੇ ਗੁੱਸੇ ਦਾ ਆਧਾਰ ਇਹ ਤੱਥ ਹੈ ਕਿ ਨਿਹੱਥੇ ਵਫ਼ਾਦਾਰ ਸਿਪਾਹੀਆਂ ਨੂੰ ਬੇ-ਇੱਜ਼ਤ ਕਰ ਕੇ ਕਤਲ ਕੀਤਾ ਗਿਆ, ਮਤਲਬ ਇਹ ਕਿ ਉਨ੍ਹਾਂ ਨੂੰ ਸੂਰ ਤੇ ਗਾਂ ਦੀ ਚਰਬੀ ਨਾਲ ਬਣੇ ਕਾਰਤੂਸ ਦਿੱਤੇ ਗਏ। ਸਰਫ਼ਰਾਜ਼ ਦੀ ਜੋਸ਼ੀਲੀ ਗੱਲਬਾਤ ਵਿਚ ਬਾਕੀ ਭਾਰਤੀ ਜਨਤਾ ਤੇ ਉਹਦੀ ਹਾਲਤ ਬਾਰੇ ਕੋਈ ਚਿੰਤਾ ਨਹੀਂ। ਕੁਲ ਮਿਲਾ ਕੇ ਇਹੀ ਲਗਦਾ ਹੈ ਕਿ ਉਹ ਅੰਗਰੇਜ਼ ਇਤਿਹਾਸਕਾਰਾ ਦੀ ਇਹ ਚਲਾਕ ਦਲੀਲ ਪੇਸ਼ ਕਰ ਰਿਹਾ ਹੈ ਕਿ ਸੂਰ ਤੇ ਗਾਂ ਦੀ ਚਰਬੀ ਵਾਲੇ ਕਾਰਤੂਸ ਹੀ ਇਸ ਸੰਘਰਸ਼ ਦਾ ਮੂਲ ਮੁੱਦਾ ਸਨ, ਯਾਨ੍ਹੀ ਇਹ ਮਹਿਜ਼ ਸਿਪਾਹੀ ਬਗ਼ਵਾਤ ਸੀ। ਦੂਜੇ ਬੰਨੇ ਜਾਵੇਦ ਹੈ, ਜੋ ਆਪਣੇ ਆਲੇ-ਦੁਆਲੇ ਦੀ ਅਸਲੀਅਤ ਤੋਂ ਅਸਲੋਂ ਹੀ ਅਣਭਿੱਜ ਹੈ, ਜੀਹਦੇ ਭਾ ਦੀ ਸਾਰੀ ਦੁਨੀਆਂ ਗ਼ਰਕ ਹੋ ਜਾਏ, ਬੱਸ ਉਹਦੀ ਰੂਥ ਉਹਨੂੰ ਮਿਲ ਜਾਏ।

ਦਰਅਸਲ ਇਹੀ ਜਨੂਨ ਦੀ ਪ੍ਰਾਸੰਗਿਕਤਾ ਹੈ। ਕਿਉਂਕਿ ਇਸ ਨੁਕਤੇ ਤਕ ਆਉਂਦਿਆਂ-ਆਉਂਦਿਆਂ ਬੇਨੇਗਲ ਦੀ ਸਿਆਸੀ ਸੂਝ ਦੇ ਸਾਰੇ ਭਰਮ ਟੁੱਟ ਚੁੱਕੇ ਹੁੰਦੇ ਹਨ, ਇਸ ਲਈ ਫ਼ਿਲਮੀ ਤਕਨੀਕ ਦੀ ਉਹਦੀ ਡੂੰਘੀ ਜਾਣ-ਕਾਰੀ ਵੀ ਅੰਤ ਨੂੰ ਗ਼ਲਤ ਤੇ ਲੋਕ-ਵਿਰੋਧੀ ਵਿਚਾਰਧਾਰਾ ਨੂੰ ਹੀ ਮਜ਼ਬੂਤ ਕਰਦੀ ਹੈ।

ਸ਼ਿਆਮ ਬੇਨੇਗਲ ਦੀਆਂ ਫ਼ਿਲਮਾਂ ਦੇਖ-ਦਿਆ ਅਕਸਰ ਇਹ ਲਗਦਾ ਹੈ ਕਿ ਆਪਣੀਆਂ ਫ਼ਿਲਮਾਂ ਰਾਹੀਂ ਉਹ ਭਾਰਤੀ ਔਰਤ ਦੇ ਵਖ-ਵਖ ਪਹਿਲੂ ਦਰਸਾ ਕੇ ਉਹਦਾ ਕੋਈ ਸਰਬਪੱਖੀ ਚਿਤ੍ਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਅੰਕੁਰ ਹੋਵੇ ਭਾਵੇਂ ਨਿਸ਼ਾਂਤ ਜਾਂ ਉਹਦੀ ਕੋਈ ਵੀ ਫ਼ਿਲਮ ਹੋਵੇ, ਇਨ੍ਹਾਂ ਫ਼ਿਲਮਾਂ ਵਿਚ ਮਰਦ ਤਾਂ ਭਾਵੇਂ ਜਮਾਤੀ ਨਫ਼ਰਤ ਜਾਂ ਜਮਾਤੀ ਜੱਦੋਜਹਿਦ ਨੂੰ ਪ੍ਰਗਟਾਉਂਦੇ ਹੋਣ, ਪਰ ਔਰਤਾਂ ਜਮਾਤੀ ਭਾਈਵਾਲੀ ਦੀ ਹੀ ਮਿਸਾਲ ਪੇਸ਼ ਕਰਦੀਆਂ ਹਨ।

1857 ਦੀਆਂ ਘਟਨਾਵਾਂ ਬਾਰੇ ਮਹਾਨ ਫ਼ਿਲਮ ਬਣ ਸਕਦੀ ਸੀ ਅਜੋਕੀਆਂ ਸਮਾਜੀ-ਸਿਆਸੀ-ਹਾਲਤਾਂ ਦੇ ਪ੍ਰਸੰਗ ਵਿਚ ਇਸ ਥੀਮ ਦਾ ਖ਼ਾਸ ਪ੍ਰਸੰਗ ਵੀ ਹੈ। ਇਹ ਅਕਾਰਣ ਨਹੀਂ ਕਿ 1950 ਦੇ ਲਾਗੇ ਬਣੀ ਝਾਂਸੀ ਦੀ ਦੀ ਰਾਣੀ ਵਿਚ ਤਕਨੀਕੀ ਕਮਜ਼ੋਰੀਆਂ ਦੇ ਬਾਵਜੂਦ ਕੌਮੀ ਚੇਤਨਾ ਕਾਫ਼ੀ ਹੱਦ ਤਕ ਮੌਜੂਦ ਸੀ। ਹੌਲੀ-ਹੌਲੀ ਜਿਵੇਂ ਸਾਡੇ ਦੇਸ ਦੇ ਆਰਥਕ-ਸਮਾਜਕ ਤੇ ਰਾਜਨੀਤਕ ਖੇਤਰਾਂ ਵਿਚ ਬੁਰਜਵਾ ਤੰਤ੍ਰ ਹਾਵੀ ਹੋਇਆ ਹੈ, ਇਹ ਕੌਮੀ ਚੇਤਨਾ ਤਿੱਖੀ ਹੋਣ ਦੀ ਥਾਂ ਸਗੋਂ ਖੁੰਢੀ ਹੋਈ ਹੈ। ਜਨੂਨ ਇਹਦੀ ਉਘੜਦੀਂ ਮਿਸਾਲ ਹੈ।

□ ਨੀਲਾਭ

# ਇਸ ਅੰਕ ਦੇ ਸਹਿਯੋਗੀ ਲੇਖਕ

'ਕੁਮਾਰ ਵਿਕਲ' ਪੰਜਾਬ ਦਾ ਇਕੋ ਇਕ ਪ੍ਰਗਤੀਵਾਦੀ ਹਿੰਦੀ ਕਵੀ। ਪਿਛੇ ਜਿਹੇ ਇਹਦੀਆਂ ਕਵਿਤਾਵਾਂ ਦੀ ਕਿਤਾਬ 'ਏਕ ਛੋਟੀ ਸੀ ਲੜਾਈ' ਛਪੀ ਹੈ। ਅਜਕੱਲ੍ਹ ਪਜਾਬ ਯੂਨੀਵਰਸਿਟੀ ਵਿਚ ਮੁਲਾਜ਼ਮਤ ਕਰਦਾ ਹੈ।

'ਸੁਰਜੀਤ ਪਾਤਰ' ਦਾ ਦੀਵਾਨ 'ਹਵਾ 'ਚ ਲਿਖੇ ਹਰਫ਼' ਹੁਣੇ ਹੀ ਛਪਿਆ ਹੈ। ਲੁਧਿਆਣੇ ਜ਼ਰਾਇਤੀ ਯੂਨੀਵਰਸਿਟੀ ਦੇ ਭਾਸ਼ਾ ਤੇ ਸਭਿਆਚਾਰ ਵਿਭਾਗ ਵਿਚ ਰੀਸਰਚ ਫੈਲੋ ਹੈ।

'ਜਗਤਾਰ' ਪਾਕਿਸਤਾਨੀ ਪੰਜਾਬੀ ਅਦਬ ਬਾਰੇ ਖੋਜ ਕਰ ਰਿਹਾ ਹੈ ਤੇ ਹੁਸ਼ਿਆਰਪੁਰ ਸਰਕਾਰੀ ਕਾਲਜ ਵਿਚ ਲੈਕਚਰਾਰ ਹੈ।

'ਲਾਲ ਸਿੰਘ ਦਿਲ' ਕੁਝ ਵਰ੍ਹੇ ਉੱਤਰ ਪ੍ਰਦੇਸ ਵਿਚ ਰਹਿਣ ਮਗਰੋਂ ਹੁਣ ਆਪਣੇ ਘਰ ਸਮਰਾਲੇ ਰਹਿੰਦਾ ਹੈ। ਇਹਦੀ ਦੂਜੀ ਕਿਤਾਬ 'ਬਹੁਤ ਸਾਰੇ ਸੂਰਜ' ਛਪਣ ਵਾਲੀ ਹੈ।

'ਸੁਰਜੀਤ ਹਾਂਸ' 'ਲਕੀਰ' ਦੇ ਸੰਪਾਦਕ ਤੇ ਅਜਕੱਲ੍ਹ 'ਸਿੱਖ ਸਾਹਿਤ ਵਿਚ ਇਤਿਹਾਸਕ ਸੋਮਿਆਂ' ਬਾਰੇ ਡਾਕਟਰੀ ਕਰ ਰਹੇ ਹਨ।

'ਪ੍ਰੀਤਮ ਸਿੰਘ' ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਕੁਝ ਸਾਲ ਲਾਉਣ ਮਗਰੋਂ ਹੁਣ ਪੰਜਾਬ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਵਿਭਾਗ ਵਿਚ ਲੈਕਚਰਾਰ ਹੈ।

'ਅਮਿਤਾਭ ਦਾਸਗੁਪਤ ਬੰਗਾਲੀ ਕਵੀ ਹੈ।

'ਸੁਖਵੰਤ ਕੌਰ ਮਾਨ' ਪੰਜਾਬੀ ਦੀ ਯਥਾਰਥਵਾਦੀ ਧਾਰਾ ਦੀ ਕਹਾਣੀਕਾਰਾ ਹੈ। ਇਸ ਕਹਾਣੀਕਾਰਾ ਦੀ ਹਾਲੇ ਤਕ ਕੋਈ ਕਿਤਾਬ ਨਹੀਂ ਛਪੀ। ਅੱਜਕੱਲ੍ਹ ਬਸੀ ਪਠਾਣਾਂ (ਪਟਿਆਲਾ) ਰਹਿੰਦੀ ਹੈ।

'ਲੋਕ ਨਾਥ' ਪੰਜਾਬ ਯੂਨੀਵਰਸਿਟੀ ਦੀ ਭਾਈ ਵੀਰ ਸਿੰਘ ਚੇਅਰ ਹੇਠ ਪ੍ਰੋ: ਵਿਸ਼ਵਾ ਨਾਥ ਤਿਵਾੜੀ ਨਾਲ 'ਅਜੋਕੀ ਪੰਜਾਬੀ ਕਵਿਤਾ ਤੇ ਮਾਰਕਸਵਾਦੀ ਸੁਹਜ ਸ਼ਾਸਤਰ' ਦੀ ਖੋਜ ਕਰ ਰਿਹਾ ਹੈ।

'ਜਸਵੰਤ ਖਟਕੜ' ਸੁਭਾਸ਼ ਸ਼ਰਮਾ ਤੇ 'ਸੁਖਬੀਰ ਨਾਗਰਾ' ਵਾਰੀ ਸਿਰ ਮੰਗੂਵਾਲ, ਲੰਗੀਆਂ ਦਸੂਹੇ ਦੇ ਲੋਕ ਨਾਟਕ ਕੇਂਦਰਾਂ ਦੇ ਨਿਰਦੇਸ਼ਕ ਹਨ।

'ਮੰਗਲੇਸ਼ ਡਬਰਾਲ' ਲਖਨਊ ਤੋਂ ਛਪਦੇ ਹਿੰਦੀ ਦੈਨਿਕ 'ਅਮ੍ਰਿਤ ਪ੍ਰਭਾਤ' ਦਾ ਸਹਾਇਕ-ਸੰਪਾਦਕ ਹੈ।

'ਅਸਦ ਜ਼ੈਦੀ' ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਉਰਦੂ ਸਾਹਿਤ ਵਿਚ ਖੋਜ ਕਰ ਰਿਹਾ ਹੈ।

'ਪ੍ਰੇਮ ਪ੍ਰਕਾਸ਼' ਬਦਨਾਮ ਨਾਵਲ 'ਦਸਤਾਵੇਜ਼' ਦਾ ਲੇਖਕ। ਭਾਸ਼ਾ ਵਿਭਾਗ ਦੇ ਸਰਕਾਰੀ ਪੈਸਿਆਂ ਨਾਲ ਉਸ ਦੀ ਕਹਾਣੀਆਂ ਦੀ ਤੀਜੀ ਕਿਤਾਬ 'ਮੁਕਤੀ' ਛਪਣ ਵਾਲੀ ਹੈ।

'ਅਤਰਜੀਤ' ਨਵੀਂ ਪੀੜ੍ਹੀ ਦਾ ਚਰਚਿਤ ਕਹਾਣੀਕਾਰ। ਸਕੂਲ ਮਾਸਟਰੀ ਤੋਂ ਇਲਾਵਾ ਆਪਣੇ ਪਿੰਡ ਸੁਈਆਂ ਵਾਲਾ ਚੀਨੀ ਇਲਾਜ ਵੀ ਕਰਦਾ ਹੈ।

'ਅਸ਼ੀਸ਼ ਲਾਹਿੜੀ' ਬੰਗਾਲ ਦਾ ਇਨਕਲਾਬੀ ਪੱਤ੍ਰਕਾਰ।

'ਭੂਸ਼ਣ' ਪਰਲੋਕਵਾਸੀ ਲੇਖਕਾਂ ਦੀ ਇਹਨਾਂ ਵਿਚ ਖ਼ਾਸ ਰੁਚੀ ਹੈ।

'ਸਿਧਾਰਥ' ਸਰਕਾਰੀ ਆਰਟ ਕਾਲਜ ਚੰਡੀਗੜ੍ਹ ਦਾ ਸਿਖਿਆਰਥੀ।

'ਰਮੇਸ਼ ਉਪਾਧਿਆਏ' ਹਿੰਦੀ ਦਾ ਕਹਾਣੀਕਾਰ, ਨਾਟਕਕਾਰ ਤੇ ਨਾਵਲਕਾਰ। ਦਿੱਲੀ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਹੈ।

'ਨਰਿੰਦਰ ਜੋਸ਼ੀ' 'ਪੀਪਲਜ਼ ਪਾਥ' ਦਾ ਰਹਿ ਚੁੱਕਾ ਸੰਪਾਦਕ। ਹੁਣ ਦਵਾਈਆਂ ਦੀ ਬਹੁਕੌਮੀ ਕਾਰਪੋਰੇਸ਼ਨ ਦਾ ਉੱਤਰੀ ਖਿੱਤੇ ਦਾ ਮੈਨੇਜਰ ਹੈ। 'ਅਮਰਜੀਤ ਕਾਂਗ' ਕੁਰੂਖੇਤਰ ਯੂਨੀਵਰਸਿਟੀ ਵਿਚ ਪੰਜਾਬੀ ਦਾ ਲੈਕਚਰਾਰ। ਅਤੇ ਨੀਲਾਭ ਹਿੰਦੀ ਕਵੀ। ਉਪੇਂਦ੍ਰ ਨਾਥ ਅਸ਼ਕ ਇਹਦੇ ਪਿਤਾ ਹਨ। □

ਪੰਜਾਬੀ ਰੰਗਮੰਚ ਦਾ ਇਤਿਹਾਸ–1

STANDAR

TV

ਪੰਜਾਬੀ ਸਭਿਆਚਾਰ ਦੀ ਸੇਵਾ



ਮੁਖੌਟਾ : ਮੋਇੰਜੋਦਾੜੋ

ਰੰਗਮੰਚ ਦੇ ਕੁਝ ਵਿਦਵਾਨਾਂ ਦਾ ਵਿਚਾਰ ਹੈ
ਹਿੰਦੁਸਤਾਨੀ ਰੰਗਮੰਚ ਦੀਆਂ ਜੜ੍ਹਾਂ ਆਰੀਆਂ ਦੇ ਸਮੇਂ
ਪਹਿਲਾਂ ਦੇ ਪੰਜਾਬ ਦੀ ਸਿੰਧ ਵਾਦੀ ਦੀ ਸਭਿਅਤਾ ਤਕ ਜਾਂ
ਹਨ। ਚਾਰ ਕੁ ਹਜ਼ਾਰ ਸਾਲ ਪੁਰਾਣੀ ਇਸ ਸਭਿਅ
ਥੇਹ ਇਸ ਸਦੀ ਦੇ ਤੀਜੇ ਦਹਾਕੇ ਵਿਚ ਦਇਆ ਰਾਮ ਸ
ਤੇ ਰ. ਦ. ਬੈਨਰਜੀ ਨੇ ਲੱਭੇ ਸਨ। ਸਿੰਧ ਵਾਦੀ ਦੇ ਸਭਿ
ਸਮਾਜ ਵਿਚ ਹਾਲੇ ਜਮਾਤਾਂ ਹੋਂਦ ਵਿਚ ਨਹੀਂ ਸਨ ਆ
ਤੇ ਲੋਕ ਨ੍ਰਿਤ, ਨਾਟਕ ਤੇ ਸੰਗੀਤ ਦੇ ਹੁਨਰ ਜਾਣਦੇ
ਮੁਖੌਟੇ, ਕੇਸ-ਸ਼ਿੰਗਾਰ, ਸੁਰਖ਼ੀ-ਪੌਡਰ ਤੇ ਦਸਤੀ–ਸ਼
ਆਦਿ ਦੀ ਰੰਗਮੰਚੀ ਸਾਮੱਗਰੀ ਥੇਹਾਂ ਵਿਚੋਂ ਮਿਲੀ
ਨਾਚ ਦੀਆਂ ਅਦਾਵਾਂ ਵਾਲੀਆਂ ਧਾਤ ਤੇ ਮਿੱਟੀ
ਮੂਰਤਾਂ ਤੋਂ ਸਾਫ਼ ਜ਼ਾਹਰ ਹੈ ਕਿ ਸਿੰਧ ਵਾਦੀ ਦੇ ਲੋਕ
ਵੀ ਕਲਾ ਦੇ ਮਾਹਰ ਸਨ, ਜੋ ਕਿ ਨਾਟਕ ਦੀ ਕਲਾ
ਜਨਮਦਾਤੀ ਹੈ। ਹੜੱਪੇ ਦੀ ਸਭ ਤੋਂ ਵਧ ਦਿਲਚਸਪ
ਸਲੇਟੀ ਰੰਗ ਦੇ ਪੱਥਰ ਦੀ 3.9 ਇੰਚ ਉੱਚੀ ਨ੍ਰਿਤਕਾ
ਧੜ ਦੀ ਮੂਰਤੀ ਹੈ। ਮੋਮ-ਢਲਾਈ ਦੀ ਜੁਗਤ ਨਾਲ
ਨ੍ਰਿਤ ਕਰ ਰਹੀ ਨਗਨ ਔਰਤ ਦੀ ਤਾਂਬੇ ਦੀ ਮੂਰਤੀ ਹੋ
ਦਿਲਕਸ਼ ਹੈ।